ਸ਼ੁੱਕਰਵਾਰ, 25 ਅਕਤੂਬਰ, 2024
9 ਕੱਤਕ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 145

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

DAILY NAWAN ZAMANA • FRIDAY, 25 OCTOBER, 2024 ਜਲੰਧਰ
You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਅਕਾਲੀ ਲੀਡਰਸ਼ਿਪ ਨੇ ਮੈਦਾਨ ਛੱਡਿਆ

## ਸੁਖਬੀਰ ਦੀ ਗੈਰਹਾਜ਼ਰੀ 'ਚ ਜ਼ਿਮਨੀ ਚੋਣਾਂ ਨਾ ਲੜਨ ਦਾ ਫੈਸਲਾ

**ਚੰਡੀਗੜ੍ਹ** : ਸ਼੍ਰੋਮਣੀ ਅਕਾਲੀ ਦਲ ਪੰਜਾਬ ਅਸੰਬਲੀ ਦੀਆਂ ਚਾਰ ਸੀਟਾਂ ਲਈ ਜ਼ਿਮਨੀ ਚੋਣਾਂ ਨਹੀਂ ਲੜੇਗਾ। ਇਹ ਜਾਣਕਾਰੀ ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੀ ਪ੍ਰਧਾਨਗੀ ਹੇਠ ਵੀਰਵਾਰ ਹੋਈ ਅਹਿਮ ਮੀਟਿੰਗ ਤੋਂ ਬਾਅਦ ਪ੍ਰੈੱਸ ਕਾਨਫਰੰਸ ਦੌਰਾਨ ਦਿੱਤੀ। ਹਾਲਾਂਕਿ ਦਲ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਅਹੁਦੇ ਲਈ ਚੋਣ ਵਿਚ ਹਿੱਸਾ ਲਵੇਗਾ। ਜ਼ਿਮਨੀ ਚੋਣਾਂ ਨਾ ਲੜਨ ਦੇ ਫੈਸਲੇ ਤੋਂ ਬਾਅਦ ਅਕਾਲੀ ਵਰਕਰਾਂ ਦੀ ਪੁਜ਼ੀਸ਼ਨ ਅਜੀਬ ਹੋ ਗਈ ਹੈ। ਉਨ੍ਹਾਂ ਨੂੰ ਫੈਸਲਾ ਕਰਨਾ ਪੈਣਾ ਹੈ ਕਿ ਉਹ ਵੋਟਾਂ ਪਾਉਣ ਜਾਂ ਨਾ।

ਡਾ. ਚੀਮਾ ਨੇ ਕਿਹਾ—ਅਸੀਂ ਹਮੇਸ਼ਾ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਦੇ ਹਾਂ। ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਐਲਾਨਿਆ ਗਿਆ। ਉਹ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਪੇਸ਼ ਹੋਏ। ਫੈਸਲਾ ਆਉਣ 'ਚ ਕਾਫੀ ਸਮਾਂ ਬੀਤ ਗਿਆ। ਕਈ ਵਾਰ ਸਿੰਘ ਸਾਹਿਬਾਨ ਨੂੰ ਫੈਸਲਾ ਦੇਣ ਦੀ ਬੇਨਤੀ ਕੀਤੀ ਗਈ। ਹੁਣ ਚਾਰ ਅਸੰਬਲੀ ਸੀਟਾਂ ਦੀਆਂ ਜ਼ਿਮਨੀ ਚੋਣਾਂ ਹਨ। ਲੋਕ ਚਾਹੁੰਦੇ ਸਨ ਕਿ ਪ੍ਰਧਾਨ ਸੁਖਬੀਰ ਸਿੰਘ ਬਾਦਲ ਗਿੱਦੜਬਾਹਾ ਹਲਕੇ ਤੋਂ ਚੋਣ ਲੜਨ, ਪਰ ਜਿਵੇਂ ਹੀ ਕੱਲ੍ਹ ਜਥੇਦਾਰ ਸਾਹਿਬ ਦਾ ਹੁਕਮ ਆਇਆ, ਉਸ ਤੋਂ ਸਾਫ ਹੋ ਗਿਆ ਕਿ ਉਹ ਪ੍ਰਚਾਰ ਨਹੀਂ ਕਰ ਸਕਦੇ। ਸਮੁੱਚੀ ਪਾਰਟੀ ਨੇ ਫੈਸਲਾ ਕੀਤਾ ਹੈ ਕਿ ਅਸੀਂ ਸ੍ਰੀ ਅਕਾਲ ਤਖਤ ਸਾਹਿਬ ਦੇ ਫੈਸਲੇ ਤੋਂ ਅੱਗੇ ਨਹੀਂ ਜਾਵਾਂਗੇ। ਇਸ ਦੌਰਾਨ ਚੋਣਾਂ ਤੋਂ ਦੂਰ ਰਹਿਣ ਦਾ ਫੈਸਲਾ ਕੀਤਾ ਗਿਆ ਹੈ। ਡਾ. ਚੀਮਾ ਨੇ ਅੱਗੇ ਕਿਹਾ—ਜਿਨ੍ਹਾਂ ਫੈਸਲਿਆਂ ਕਾਰਨ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ, ਉਹ ਉਨ੍ਹਾ ਅਕਾਲੀ-ਭਾਜਪਾ ਸਰਕਾਰ ਦੌਰਾਨ ਪਾਰਟੀ ਦੀ ਤਰਫੋਂ ਲਏ ਗਏ ਸਨ, ਇਸ ਕਰਕੇ ਅਸੀਂ ਇਸ ਘੜੀ 'ਚ ਆਪਣੇ ਪ੍ਰਧਾਨ ਨਾਲ ਖੜ੍ਹੇ ਹੋਣ ਦਾ ਫੈਸਲਾ ਕੀਤਾ ਹੈ। ਹਾਲਾਂਕਿ ਅਕਾਲ ਤਖਤ ਸਾਹਿਬ ਦਾ ਆਦੇਸ਼ ਸਿਰਫ ਪ੍ਰਧਾਨ ਸਾਹਿਬ (ਸੁਖਬੀਰ ਸਿੰਘ ਬਾਦਲ) ਲਈ ਹੈ, ਸਮੁੱਚੀ ਪਾਰਟੀ ਆਪਣੇ ਪ੍ਰਧਾਨ ਨਾਲ ਖੜ੍ਹੀ ਹੈ, ਕਿਉਂਕਿ ਪਾਰਟੀ ਪ੍ਰਧਾਨ ਤੋਂ ਬਿਨਾਂ ਜ਼ਿਮਨੀ ਚੋਣਾਂ ਨਹੀਂ ਲੜ ਸਕਦੀ। ਡਾ. ਚੀਮਾ ਨੇ ਕਿਹਾ ਕਿ ਦਾਅਵੇਦਾਰ ਚੋਣਾਂ ਲੜਨੀਆਂ ਚਾਹੁੰਦੇ ਸਨ ਤੇ ਆਪਣੇ ਹਲਕਿਆਂ ਵਿਚ ਸਰਗਰਮ ਸਨ, ਪਰ ਵਰਕਿੰਗ ਕਮੇਟੀ ਨੇ ਸਰਬਸੰਮਤੀ ਨਾਲ ਜ਼ਿਮਨੀ ਚੋਣਾਂ ਨਾ ਲੜਨ ਦਾ ਫੈਸਲਾ ਕੀਤਾ ਹੈ। ਅਕਾਲੀ ਦਲ ਦੇ ਵਫਦ ਨੇ ਬੀਤੇ ਦਿਨ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਮੰਗ ਪੱਤਰ ਦੇ ਕੇ ਅਪੀਲ ਕੀਤੀ ਸੀ ਕਿ ਜ਼ਿਮਨੀ ਚੋਣਾਂ 'ਚ ਸੁਖਬੀਰ ਸਿੰਘ ਬਾਦਲ ਨੂੰ ਛੋਟ ਦਿੱਤੀ ਜਾਵੇ, ਤਾਂ ਜੋ ਉਹ ਪਾਰਟੀ ਦੀ ਅਗਵਾਈ ਕਰ ਸਕਣ ਅਤੇ

● ਬਾਕੀ ਸਫ਼ਾ 2 'ਤੇ

### ਸਾਡੇ ਵੱਲੋਂ ਚੋਣਾਂ ਲੜਨ 'ਤੇ ਕੋਈ ਰੋਕ ਨਹੀਂ ਸੀ : ਜਥੇਦਾਰ

**ਅੰਮ੍ਰਿਤਸਰ** : ਸ਼੍ਰੋਮਣੀ ਅਕਾਲੀ ਦਲ ਵੱਲੋਂ ਜ਼ਿਮਨੀ ਚੋਣਾਂ ਨਾ ਲੜਨ ਦੇ ਐਲਾਨ ਤੋਂ ਬਾਅਦ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਅਕਾਲੀ ਦਲ ਚੋਣਾਂ 'ਚ ਹਿਸਾ ਲੈ ਸਕਦਾ ਹੈ, ਉਸ 'ਤੇ ਕੋਈ ਪਾਬੰਦੀ ਨਹੀਂ ਹੈ। ਇੱਕ ਵੀਡੀਓ ਸੁਨੇਹੇ ਰਾਹੀਂ ਜਥੇਦਾਰ ਨੇ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਸੰਬੰਧਤ ਮਾਮਲਾ ਸ੍ਰੀ ਅਕਾਲ ਤਖਤ ਵਿਖੇ ਵਿਚਾਰ ਅਧੀਨ ਹੈ, ਇਸ ਲਈ ਉਨ੍ਹਾ ਨੂੰ ਚੋਣ ਲੜਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ, ਪਰ ਬਾਕੀ ਪਾਰਟੀ 'ਤੇ ਕੋਈ ਪਾਬੰਦੀ ਨਹੀਂ ਹੈ। ਉਨ੍ਹਾ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੋਰਨਾਂ ਸਿਆਸੀ ਪਾਰਟੀਆਂ ਵਾਂਗ ਆਪਣੇ ਉਮੀਦਵਾਰ ਐਲਾਨ ਸਕਦਾ ਹੈ ਅਤੇ ਚੋਣ ਲੜ ਸਕਦਾ ਹੈ।

# ਐੱਨ ਓ ਸੀ ਤੋਂ ਬਿਨਾਂ ਹੋਣਗੀਆਂ ਰਜਿਸਟਰੀਆਂ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਵਿੱਚ ਅਣ-ਅਧਿਕਾਰਤ ਕਲੋਨੀਆਂ ਦੀ ਰਜਿਟਰੀ ਲਈ ਐੱਨ ਓ ਸੀ ਦੀਆਂ ਸ਼ਰਤਾਂ ਨੂੰ ਖਤਮ ਕਰਨ ਦੇ ਪ੍ਰਸਤਾਵ ਨੂੰ ਰਾਜਪਾਲ ਵੱਲੋਂ ਮਨਜ਼ੂਰੀ ਦਿੱਤੇ ਜਾਣ ਤੋਂ ਬਾਅਦ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਹੁਣ ਇਹਨਾਂ ਕਲੋਨੀਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਬੁਨਿਆਦੀ ਸਰਕਾਰੀ ਸਹੂਲਤਾਂ ਵੀ ਮਿਲ ਸਕਣਗੀਆਂ। ਅਰੋੜਾ ਨੇ ਅਕਾਲੀ ਤੇ ਕਾਂਗਰਸ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਉਨ੍ਹਾਂ ਦੇ ਸਮੇਂ ਦੌਰਾਨ ਪੰਜਾਬ ਵਿੱਚ 14 ਹਜ਼ਾਰ ਤੋਂ ਵੱਧ ਕਾਲੋਨੀਆਂ ਗੈਰ-ਕਾਨੂੰਨੀ ਢੰਗ ਨਾਲ ਕੱਟੀਆਂ ਗਈਆਂ, ਜਿਸ ਦਾ ਨਤੀਜਾ ਅੱਜ ਲੱਖਾਂ ਲੋਕ ਭੁਗਤ ਰਹੇ ਹਨ। ਉਹਨਾ ਦੱਸਿਆ ਕਿ ਬਿਨਾਂ ਐੱਨ ਓ ਸੀ ਦੀ ਰਜਿਸਟਰੀ ਅੱਜ ਤੋਂ ਪੂਰੇ ਪੰਜਾਬ ਵਿੱਚ ਲਾਗੂ ਹੈ। ਇਹ ਕਿਸ ਤਰੀਕ ਤੱਕ ਰਹੇਗੀ ਅਤੇ ਇਸ ਸੰਬੰਧੀ ਹੋਰ ਅਹਿਮ ਜਾਣਕਾਰੀ ਖੁਦ ਮੁੱਖ ਮੰਤਰੀ ਭਗਵੰਤ ਮਾਨ ਆਉਣ ਵਾਲੇ



ਦਿਨਾਂ ਵਿੱਚ ਦੇਣਗੇ। ਉਹਨਾ ਕਿਹਾ ਕਿ ਨਵੇਂ ਕਾਨੂੰਨ ਵਿੱਚ ਐੱਨ ਓ ਸੀ ਦੀਆਂ ਹੋਰ ਸ਼ਰਤਾਂ ਦੇ ਨਾਲ-ਨਾਲ ਗੈਰ-ਕਾਨੂੰਨੀ ਕਲੋਨੀਆਂ ਨੂੰ ਖਤਮ ਕਰਨ ਦੀ ਮਿਤੀ ਵੀ ਤੈਅ ਕੀਤੀ ਗਈ ਹੈ। ਸ਼ਰਤਾਂ ਅਨੁਸਾਰ 2018 ਤੋਂ ਬਾਅਦ ਅਤੇ 31 ਜੁਲਾਈ 2024 ਤੋਂ ਪਹਿਲਾਂ ਕਲੋਨੀ ਬਣ ਕੇ ਤਿਆਰ ਹੋਣੀ ਚਾਹੀਦੀ ਹੈ, ਤਾਂ ਹੀ ਐੱਨ ਓ ਸੀ ਵਿੱਚ ਛੋਟ ਮਿਲੇਗੀ।

# ਮੁੱਖ ਮੰਤਰੀ ਵੱਲੋਂ ਬਲਵੰਤ ਗਾਰਗੀ ਆਡੀਟੋਰੀਅਮ ਲੋਕਾਂ ਨੂੰ ਸਮਰਪਤ

**ਬਠਿੰਡਾ (ਪਰਵਿੰਦਰਜੀਤ ਸਿੰਘ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ 41 ਕਰੋੜ ਰੁਪਏ ਦੀ ਲਾਗਤ ਵਾਲੇ ਦੋ ਅਹਿਮ ਪ੍ਰਾਜੈਕਟ ਨਵਾਂ ਬਣਿਆ ਗਰਲਜ਼ ਸਕੂਲ ਅਤੇ ਬਲਵੰਤ ਗਾਰਗੀ ਆਡੀਟੋਰੀਅਮ ਬਠਿੰਡਾ ਵਾਸੀਆਂ ਨੂੰ ਸਮਰਪਤ ਕੀਤੇ।ਬਲਵੰਤ ਗਾਰਗੀ ਆਡੀਟੋਰੀਅਮ ਲੋਕਾਂ ਨੂੰ ਸਮਰਪਤ ਕਰਨ ਉਪਰੰਤ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੇ ਸਰਬਪੱਖੀ ਵਿਕਾਸ ਅਤੇ ਲੋਕਾਂ ਦੀ ਖੁਸ਼ਹਾਲੀ ਲਈ ਵਚਨਬੱਧ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਇਹ ਆਡੀਟੋਰੀਅਮ, ਜੋ ਇੰਜੀਨੀਅਰਿੰਗ ਦਾ ਇੱਕ ਅਦਭੁਤ ਨਮੂਨਾ ਹੈ, 30 ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਹੈ। ਇਸ ਆਡੀਟੋਰੀਅਮ ਵਿੱਚ ਇੱਕ ਸੈਮੀਨਾਰ ਹਾਲ, ਦੋ ਕਾਨਫਰੰਸ ਰੂਮ, ਪ੍ਰਦਰਸ਼ਨੀ ਹਾਲ ਅਤੇ ਲੋਕਾਂ ਲਈ ਹੋਰ ਲੋੜੀਂਦੀਆਂ ਸਹੂਲਤਾਂ ਹਨ। ਮਾਨ ਨੇ ਕਿਹਾ ਕਿ ਇਸ ਆਡੀਟੋਰੀਅਮ ਦਾ ਨਾਂਅ ਪ੍ਰਸਿੱਧ ਸਾਹਿਤਕਾਰ ਪਦਮਸ੍ਰੀ ਬਲਵੰਤ ਗਾਰਗੀ ਦੇ ਨਾਂਅ 'ਤੇ ਰੱਖਿਆ ਗਿਆ ਹੈ ਅਤੇ ਇਹ ਮਿੱਟੀ ਦੇ ਮਹਾਨ ਪੁੱਤਰ ਨੂੰ ਅਸਲ ਸ਼ਰਧਾਂਜਲੀ ਹੈ।

ਮਾਲ ਰੋਡ 'ਤੇ ਸਥਿਤ ਸ਼ਹੀਦ ਮੇਜਰ ਰਵੀਇੰਦਰ ਸਿੰਘ ਸੰਧੂ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦੀ ਨਵੀਂ ਇਮਾਰਤ ਨੂੰ ਲੋਕਾਂ ਨੂੰ ਸਮਰਪਤ ਕਰਨ ਉਪਰੰਤ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਸੂਬੇ ਵਿੱਚ ਸਿੱਖਿਆ ਕ੍ਰਾਂਤੀ ਲਿਆਂਦੀ ਹੈ, ਜਿਸ ਨੇ ਸਮਾਜਿਕ-ਆਰਥਿਕ ਪਾੜੇ ਨੂੰ ਪੂਰਦਿਆਂ ਵਿਦਿਆਰਥੀਆਂ ਦੀ ਕਿਸਮਤ ਬਦਲ ਕੇ ਰੱਖ ਦਿੱਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਬਠਿੰਡਾ ਵਿੱਚ ਲੜਕੀਆਂ ਦਾ ਸਭ ਤੋਂ ਵੱਡਾ ਅਤੇ ਇਕਲੌਤਾ ਸਕੂਲ ਹੈ, ਜਿੱਥੇ 2200 ਲੜਕੀਆਂ ਸਿੱਖਿਆ ਪ੍ਰਾਪਤ ਕਰ ਰਹੀਆਂ ਹਨ ਅਤੇ 1958 ਵਿੱਚ ਬਣੇ ਇਸ ਸਕੂਲ ਦੇ ਨਵੀਨੀਕਰਨ ਦੀ ਸਖ਼ਤ ਲੋੜ ਸੀ। ਉਨ੍ਹਾ ਦੱਸਿਆ ਕਿ ਸਕੂਲ ਦੀ ਨਵੀਂ

● ਬਾਕੀ ਸਫ਼ਾ 2 'ਤੇ

### ਸੱਜਣ ਕੁਮਾਰ ਵਿਰੁੱਧ ਕੇਸ ਦੀ ਸੁਣਵਾਈ ਮੁਕੰਮਲ

**ਨਵੀਂ ਦਿੱਲੀ** : 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ ਵੀਰਵਾਰ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਖਿਲਾਫ ਚੱਲ ਰਹੇ ਕੇਸ 'ਚ ਅੰਤਮ ਬਹਿਸ ਉਤੇ ਸੁਣਵਾਈ ਮੁਕੰਮਲ ਕਰ ਲਈ। ਅਦਾਲਤ ਨੇ ਸਫਾਈ ਧਿਰ ਦੇ ਵਕੀਲ ਨੂੰ ਉਸ ਫੈਸਲੇ ਦੀ ਕਾਪੀ ਦਾਖਲ ਕਰਨ ਲਈ ਕਿਹਾ ਹੈ, ਜਿਸ 'ਤੇ ਉਹ ਭਰੋਸਾ ਕਰ ਰਹੇ ਹਨ। ਮਾਮਲਾ ਹਾਲੇ ਅਦਾਲਤ ਵੱਲੋਂ ਲੋੜੀਂਦੇ ਸਪੱਸ਼ਟੀਕਰਨ ਲਈ ਰੱਖਿਆ ਗਿਆ ਹੈ। ਇਸ ਤਰ੍ਹਾਂ ਸੱਜਣ ਕੁਮਾਰ ਖਿਲਾਫ ਜਾਰੀ ਅਦਾਲਤੀ ਕਾਰਵਾਈ ਦਾ ਇਕ ਪੜਾਅ ਪੂਰਾ ਹੋ ਗਿਆ ਹੈ। ਇਹ ਮਾਮਲਾ 1 ਨਵੰਬਰ, 1984 ਨੂੰ ਦਿੱਲੀ ਦੇ ਸਰਸਵਤੀ ਵਿਹਾਰ ਇਲਾਕੇ 'ਚ ਦੰਗਿਆਂ ਦੌਰਾਨ ਜਸਵੰਤ ਸਿੰਘ ਅਤੇ ਉਸ ਦੇ ਪੁੱਤਰ ਤਰੁਣਦੀਪ ਸਿੰਘ ਦੇ ਕੀਤੇ ਗਏ ਕਤਲ ਨਾਲ ਸੰਬੰਧਤ ਹੈ।

### ਮੁਕਾਬਲੇ ਤੋਂ ਬਾਅਦ ਦੋ ਗੈਂਗਸਟਰ ਫੜੇ

**ਅੰਮ੍ਰਿਤਸਰ** : ਪੁਲਸ ਨੇ ਵੀਰਵਾਰ ਤੜਕਸਾਰ 3.30 ਵਜੇ ਤਾਰਾਂ ਵਾਲਾ ਪੁਲ ਨੇੜੇ ਮੁਕਾਬਲੇ ਤੋਂ ਬਾਅਦ ਦੋ ਗੈਂਗਸਟਰਾਂ ਨੂੰ ਗ੍ਰਿਫਤਾਰ ਕਰ ਲਿਆ। ਗੈਂਗਸਟਰਾਂ ਨੇ ਚਾਰ ਦਿਨ ਪਹਿਲਾਂ ਸੁੰਦਰ ਨਗਰ ਇਲਾਕੇ ਵਿਚ ਸੋਡਾ ਬਣਾਉਣ ਵਾਲੇ ਜਸਦੀਪ ਸਿੰਘ ਉਰਫ ਸਾਜਨ ਦੇ ਘਰ ਦੇ ਬਾਹਰ ਗੋਲੀਆਂ ਚਲਾਈਆਂ ਸਨ। ਪੁਰਤਗਾਲ ਅਧਾਰਤ ਗੈਂਗਸਟਰ ਮਾਨ ਘਣਸ਼ਿਆਮਪੁਰੀਆ ਨੇ ਇਸ ਘਟਨਾ ਦੀ ਜ਼ਿੰਮੇਵਾਰੀ ਲਈ ਸੀ। ਅਧਿਕਾਰੀਆਂ ਨੇ ਦੱਸਿਆ ਕਿ ਪੁਲਸ ਨੂੰ ਉਨ੍ਹਾਂ ਦੇ ਨਿਊ ਅੰਮ੍ਰਿਤਸਰ ਖੇਤਰ ਵਿਚ ਲੁਕੇ ਹੋਣ ਦੀ ਸੂਚਨਾ ਮਿਲੀ ਸੀ, ਪਿੱਛਾ ਕਰਨ ਦੌਰਾਨ ਉਨ੍ਹਾਂ ਪੁਲਸ ਪਾਰਟੀ 'ਤੇ ਗੋਲੀ ਚਲਾ ਦਿੱਤੀ। ਜਵਾਬੀ ਗੋਲੀਬਾਰੀ 'ਚ ਇਕ ਗੈਂਗਸਟਰ ਜ਼ਖਮੀ ਹੋ ਗਿਆ, ਜਦਕਿ ਦੂਜਾ ਹਨੇਰੇ ਦਾ ਫਾਇਦਾ ਉਠਾਉਂਦੇ ਹੋਏ ਫਰਾਰ ਹੋਣ 'ਚ ਕਾਮਯਾਬ ਹੋ ਗਿਆ। ਹਾਲਾਂਕਿ ਬਾਅਦ 'ਚ ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ। ਪੁਲਸ ਨੇ ਇਨ੍ਹਾਂ ਦੇ ਕਬਜੇ 'ਚੋਂ ਦੋ ਪਿਸਤੌਲ ਬਰਾਮਦ ਕੀਤੇ ਹਨ।

## 'ਮੇਲਾ ਗਦਰੀ ਬਾਬਿਆਂ ਦਾ' ਦੀ ਬੁੱਕ ਸਟਾਲ ਕਮੇਟੀ ਦਾ ਗਠਨ



**ਜਲੰਧਰ (ਕੇਸਰ)**-ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੇ 'ਮੇਲਾ ਗਦਰੀ ਬਾਬਿਆਂ ਦਾ', ਜੋ 7-8 ਤੇ 9 ਨਵੰਬਰ ਨੂੰ ਲੱਗ ਰਿਹਾ ਹੈ, 'ਤੇ ਆਉਂਦੇ ਪੁਸਤਕ ਵਿਕਰੇਤਾ ਅਤੇ ਪਬਲਿਸ਼ਰਾਂ ਦੀ ਮੀਟਿੰਗ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ। ਕਮੇਟੀ ਦੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਆਏ ਹੋਏ ਪੁਸਤਕ ਵਿਕਰੇਤਾ ਅਤੇ ਪਬਲਿਸ਼ਰਾਂ ਨੂੰ ਜੀ ਆਇਆਂ ਕਹਿੰਦੇ ਹੋਇਆਂ ਕਿਹਾ ਕਿ ਇਹ ਮੀਟਿੰਗ ਤੁਹਾਡੇ ਤੋਂ ਸਹਿਯੋਗ ਤੇ ਸੁਝਾਅ ਲੈਣ ਅਤੇ ਕਮੇਟੀ ਵੱਲੋਂ ਆਪਣੇ ਸੁਝਾਅ ਦੇਣ ਲਈ ਸੱਦੀ ਗਈ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਸਟਾਲਾਂ ਉੱਤੇ ਲੱਚਰ, ਫਿਰਕੂ ਅਤੇ ਵਹਿਮ-ਭਰਮ ਫੈਲਾਉਣ ਵਾਲਾ ਲਿਟਰੇਚਰ ਨਾ ਆਵੇ। ਵਿਕਰੇਤਾ ਆਪਣੇ

● ਬਾਕੀ ਸਫ਼ਾ 2 'ਤੇ

## ਮਾਧਵੀ ਬੁੱਚ ਸੰਸਦੀ ਕਮੇਟੀ ਅੱਗੇ ਪੇਸ਼ ਨਹੀਂ ਹੋਈ

**ਨਵੀਂ ਦਿੱਲੀ** : ਸ਼ੇਅਰ ਬਾਜ਼ਾਰ ਨੂੰ ਸੰਚਾਲਤ ਕਰਨ ਵਾਲੇ ਅਦਾਰੇ ਸੇਬੀ ਦੀ ਮੁਖੀ ਮਾਧਵੀ ਪੁਰੀ ਬੁੱਚ ਵੀਰਵਾਰ ਸੰਸਦ ਦੀ ਲੋਕ ਲੇਖਾ ਕਮੇਟੀ ਅੱਗੇ ਪੇਸ਼ ਨਹੀਂ ਹੋਈ, ਜਿਸ ਕਾਰਨ ਕਮੇਟੀ ਦੇ ਮੁਖੀ ਕਾਂਗਰਸ ਦੇ ਕੇ ਸੀ ਵੇਣੂਗੋਪਾਲ ਨੂੰ ਮੀਟਿੰਗ ਮੁਲਤਵੀ ਕਰਨੀ ਪਈ। ਦੂਜੇ ਪਾਸੇ ਹਾਕਮ ਧਿਰ ਐੱਨ ਡੀ ਏ ਦੇ ਮੈਂਬਰਾਂ ਨੇ ਵੇਣੂਗੋਪਾਲ ਉਤੇ ਇਕਪਾਸੜ ਫੈਸਲੇ ਲੈਣ ਦੇ ਦੋਸ਼ ਲਾਉਂਦਿਆਂ ਇਸ ਸੰਬੰਧੀ ਲੋਕ ਸਭਾ ਸਪੀਕਰ ਕੋਲ ਵਿਰੋਧ ਦਰਜ ਕਰਵਾਇਆ ਹੈ।

ਵੇਣੂਗੋਪਾਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕਮੇਟੀ ਨੂੰ ਸਵੇਰੇ 9.30 ਵਜੇ ਬੁੱਚ ਤੋਂ ਸੁਨੇਹਾ ਮਿਲਿਆ ਕਿ ਉਹ ਤੇ ਉਨ੍ਹਾ ਦੀ ਟੀਮ 'ਜ਼ਰੂਰੀ ਰੁਝੇਵਿਆਂ' ਕਾਰਨ ਕਮੇਟੀ ਅੱਗੇ ਅੱਜ ਪੇਸ਼ ਨਹੀਂ ਹੋ ਸਕਣਗੇ। ਵੇਣੂਗੋਪਾਲ ਨੇ ਕਿਹਾ ਕਿ ਇਕ ਔਰਤ ਦੀ ਬੇਨਤੀ ਉਤੇ ਗੌਰ ਕਰਦਿਆਂ ਉਨ੍ਹਾ ਇਹ ਮੀਟਿੰਗ ਕਿਸੇ ਹੋਰ ਦਿਨ ਕੀਤੇ ਜਾਣ ਲਈ ਮੁਲਤਵੀ ਕਰਨਾ ਬਿਹਤਰ ਸਮਝਿਆ ਹੈ। ਵਿਰੋਧੀ ਧਿਰ ਦੇ ਇਕ ਮੈਂਬਰ ਨੇ ਕਿਹਾ ਕਿ ਮੀਟਿੰਗ ਸ਼ੁਰੂ ਹੋਣ ਤੋਂ ਮਹਿਜ਼ ਦੋ ਘੰਟੇ ਤੋਂ ਵੀ ਘੱਟ ਸਮਾਂ ਰਹਿ ਜਾਣ ਉਤੇ ਬੁੱਚ ਵੱਲੋਂ ਹਾਜ਼ਰ ਨਾ ਹੋਣ ਦਾ ਕੀਤਾ ਗਿਆ ਫੈਸਲਾ ਸੰਸਦੀ ਕਮੇਟੀ ਦੀ ਤੌਹੀਨ ਹੈ। ਦੂਜੇ ਪਾਸੇ ਭਾਜਪਾ ਮੈਂਬਰਾਂ ਨੇ ਦੋਸ਼ ਲਾਇਆ ਕਿ ਵੇਣੂਗੋਪਾਲ, ਜੋ ਕਾਂਗਰਸ ਦੇ ਸੀਨੀਅਰ ਆਗੂ ਹਨ, ਨੇ ਉਨ੍ਹਾਂ ਨੂੰ ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਨਹੀਂ ਦਿੱਤਾ। ਉਨ੍ਹਾਂ ਕਮੇਟੀ ਮੁਖੀ ਉਤੇ 'ਆਪਣੇ ਆਪ ਹੀ' ਫੈਸਲੇ ਲੈਣ ਦੇ ਦੋਸ਼ ਵੀ ਲਾਏ।

### ਕਸ਼ਮੀਰ 'ਚ ਪ੍ਰਵਾਸੀ ਮਜ਼ਦੂਰ 'ਤੇ ਹਮਲਾ



**ਸ੍ਰੀਨਗਰ** : ਜੰਮੂ-ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਦੇ ਤ੍ਰਾਲ ਇਲਾਕੇ ਦੇ ਬਟਾਗੁੰਡ ਵਿਚ ਵੀਰਵਾਰ ਸਵੇਰੇ ਦਹਿਸ਼ਤਗਰਦਾਂ ਨੇ ਯੂ ਪੀ ਦੇ ਇਕ ਮਜ਼ਦੂਰ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ। ਗੋਲੀ ਬਿਜਨੌਰ ਵਾਸੀ ਸ਼ੁਭਮ ਕੁਮਾਰ ਦੇ ਹੱਥ 'ਤੇ ਵੱਜੀ। ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪਿਛਲੇ ਇਕ ਹਫਤੇ ਵਿਚ ਕਸ਼ਮੀਰ ਵਿਚ ਪ੍ਰਵਾਸੀ ਮਜ਼ਦੂਰਾਂ ਨੂੰ ਗੋਲੀ ਮਾਰਨ ਦੀ ਇਹ ਤੀਜੀ ਘਟਨਾ ਹੈ। ਐਤਵਾਰ ਹੋਏ ਹਮਲੇ ਵਿਚ ਡਾਕਟਰ ਤੇ 6 ਮਜ਼ਦੂਰਾਂ ਦੀ ਮੌਤ ਹੋ ਗਈ ਸੀ।

ਇਸੇ ਦੌਰਾਨ ਜੰਮੂ-ਕਸ਼ਮੀਰ ਦੇ ਗਗਨਗੀਰ ਵਿਚ ਹੋਏ ਹਮਲੇ 'ਚ ਸ਼ਾਮਲ ਇਕ ਦਹਿਸ਼ਤਗਰਦ ਦਾ ਸੀ ਸੀ ਟੀ ਵੀ ਵੀਡੀਓ ਸਾਹਮਣੇ ਆਇਆ ਹੈ, ਜਿਸ ਵਿਚ ਉਸ ਨੇ ਕਸ਼ਮੀਰੀ ਪੁਸ਼ਾਕ ਫੇਰਨ ਪਾਈ ਹੋਈ ਹੈ ਅਤੇ ਹੱਥ ਵਿਚ ਏ ਕੇ ਰਾਈਫਲ ਫੜੀ ਹੋਈ ਹੈ। ਅਧਿਕਾਰੀਆਂ ਨੇ ਕਿਹਾ ਕਿ ਇਸ

● ਬਾਕੀ ਸਫ਼ਾ 2 'ਤੇ










EXTRACT OF UNAUDITED FINANCIAL RESULTS
FOR THE QUARTER AND HALF YEAR ENDED SEPTEMBER 30, 2024

(₹ in lacs except otherwise stated)

| Sl. No. | Particulars | Quarter ended | | Half Year ended | Year ended |
|---|---|---|---|---|---|
| | | Sept. 30, 2024 | Sept. 30, 2023 | Sept. 30, 2024 | March 31, 2024 |
| | | Unaudited | Unaudited | Unaudited | Audited |
| 1. | Total Income from Operations | 24,929 | 21,293 | 48,436 | 86,241 |
| 2. | Net Profit/(Loss) for the period (before Tax, Exceptional and/or Extraordinary items) | 4,433 | 3,224 | 8,450 | 14,821 |
| 3. | Net Profit/(Loss) for the period before tax (after Exceptional and/or Extraordinary items) | 4,433 | 3,224 | 8,450 | 14,821 |
| 4. | Net Profit/(Loss) for the period after tax (after Exceptional and/or Extraordinary items) | 3,334 | 2,429 | 6,336 | 11,153 |
| 5. | Total Comprehensive Income for the period [Comprising Profit/(Loss) for the period (after tax) and Other Comprehensive Income (after tax)] [refer note (ii)] | - | - | - | - |
| 6. | Paid up Equity Share Capital | 4,507 | 3,535 | 4,507 | 4,504 |
| 7. | Reserves (excluding Revaluation Reserve) as shown in the Audited Balance sheet of the previous Year | | | | 1,15,238 |
| 8. | Securities Premium Account | 69,558 | 27,700 | 69,558 | 69,487 |
| 9. | Net worth[1] | 1,26,073 | 71,176 | 1,26,073 | 1,19,742 |
| 10. | Paid up Debt Capital/ Outstanding Debt | 39,002 | 26,373 | 39,002 | 47,225 |
| 11. | Outstanding Redeemable Preference Shares[2] | - | - | - | - |
| 12. | Debt Equity Ratio[3] | 0.31 | 0.80 | 0.31 | 0.39 |
| 13. | Earnings per share (of ₹10/- each) (for continuing operations | | | | |
| | 13.1 Basic ₹ (non-annualised) | 7.41 | 6.85 | 14.07 | 30.65 |
| | 13.2 Diluted ₹ (non-annualised) | 7.35 | 6.80 | 13.97 | 30.45 |
| 14. | Capital Redemption Reserve[4] | - | - | - | - |
| 15. | Debenture Redemption Reserve[4] | - | - | - | - |
| 16. | Debt Service Coverage Ratio[5] | - | - | - | - |
| 17. | Interest Service Coverage Ratio[5] | - | - | - | - |

[1] Net worth means the aggregate value of the paid-up share capital and all reserves created out of the profits and securities premium account and debit or credit balance of profit and loss account, after deducting the aggregate value of the accumulated losses, deferred expenditure and miscellaneous expenditure not written off, as per the balance sheet, but does not include reserves created out of revaluation of assets, write-back of depreciation and amalgamation.
[2] The Bank has not issued any redeemable preference shares.
[3] Debt-equity ratio means the ratio of total borrowings to share capital plus reserves.
[4] As per the Companies Act, 2013, the Bank is not required to create capital/debenture redemption reserve. However, the Bank has created Recovery Expense Fund Account with BSE Limited.
[5] Being a Banking Company, Disclosure is not applicable as per SEBI (Listing Obligations and Disclosure requirements) Regulations, 2015

**Notes:**

(I) The above is an extract of the detailed format of quarter and year ended Financial Results filed with the Stock Exchanges under Regulation 33 & 52 of the SEBI (Listing Obligations and Disclosure Requirements) Regulations, 2015. The full format of the quarter and year ended Financial Results are available on the websites of the Stock Exchanges, www.nseindia.com & www.bseindia.com and of the Bank, www.capitalbank.co.in.

(ii) Information related to the total comprehensive income and other comprehensive income are not furnished as Ind AS is not yet made applicable to Bank.

(iii) The figures of the quarter ended September 30, 2024 are the balancing figures between figures in respect of the year-to-date figures upto September 30, 2024 and the published figures upto June 30, 2024.

(iv) The other line items referred in Regulation 52(4) of the SEBI (Listing Obligations and Disclosure Requirements) Regulations, 2015, has been given hereunder:

| Sl. No. | Particulars | Quarter ended | | Half Year ended | Year ended |
|---|---|---|---|---|---|
| | | Sept. 30, 2024 | Sept. 30, 2023 | Sept. 30, 2024 | March 31, 2024 |
| | | Unaudited | Unaudited | Unaudited | Audited |
| 1 | Percentage of shares held by Government of India | - | - | - | - |
| 2 | Return on Assets[1] (non-annualised) | 0.35% | 0.28% | 0.67% | 1.27% |
| 3 | Operating Margin[2] | 19.35% | 15.97% | 18.74% | 17.96% |
| 4 | Net Profit Margin[3] | 13.37% | 11.41% | 13.08% | 12.93% |
| 5 | Total Debt to Total Assets[4] | 4.08% | 6.83% | 4.08% | 5.08% |
| 6 | Gross NPA (₹ in lacs) | 17,532 | 16,042 | 17,532 | 17,018 |
| 7 | Net NPA (₹ in lacs) | 8,544 | 7,867 | 8,544 | 8,508 |
| 8 | % of Gross NPA | 2.61% | 2.73% | 2.61% | 2.76% |
| 9 | % of Net NPA | 1.29% | 1.36% | 1.29% | 1.40% |
| 10 | Capital Adequacy Ratio (%) | 26.34% | 20.72% | 26.34% | 27.39% |
| 11 | Tier-I Ratio (%) | 22.19% | 15.26% | 22.19% | 22.80% |

[1] Return on Assets means the ratio of profit after tax to average monthly total assets.
[2] Operating Margin means operating profit before provisions and contingencies to the total income.
[3] Net Profit Margin means net profit to total income
[4] Total Debts to Total Assets means the ratio of total borrowings to total assets.

(v) The other line items referred in Regulation 52(4) of the SEBI (Listing Obligations and Disclosure Requirements) Regulations, 2015, pertinent disclosures have been made to the BSE Limited and National Stock Exchange of India Limited and can be accessed on the website of the Stock Exchange on www.bseindia.com & www.nseindia.com and of the Bank on URL www.capitalbank.co.in.

(vi) The above result has been approved by the Board of Directors in its meeting held on October 24, 2024.

For and on Behalf of the Board of Directors
of **Capital Small Finance Bank Limited**
Sd/-
**Sarvjit Singh Samra**
Managing Director (DIN:00477444)

**Date**: October 24, 2024
**Place**: Jalandhar

**Capital Small Finance Bank**

**Capital Small Finance Bank Limited** (**CIN:** L65110PB1999PLC022634)
**Regd. & Head Office:** "MIDAS Corporate Park", 3rd Floor, 37 G.T. Road, Jalandhar, Punjab, INDIA - 144 001
**Tel.:** 0181-505 1111, 505 2222 | **Fax: 0181-505 3333** | www.capitalbank.co.in | investorrelations@capitalbank.co.in

Great Place To Work. Certified AUG 2024-AUG 2025 INDIA

Scan for detailed financials

## ਰਟੋਲਾ ਦੀ ਚੜ੍ਹਦੀ ਕਲਾ ਲਈ ਅਖੰਡ ਪਾਠ ਸਾਹਿਬ ਦੇ ਭੋਗ ਪਾਏ



**ਸੁਨਾਮ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)** ਪਿੰਡ ਰਟੋਲਾ ਨਵੀਂ ਗ੍ਰਾਮ ਪੰਚਾਇਤ ਸਰਪੰਚ ਰੁਪਿੰਦਰਜੀਤ ਕੌਰ ਪਤਨੀ ਗੁਰਸੇਵਕ ਸਿੰਘ ਵੱਲੋਂ ਪਿੰਡ ਦੀ ਚੜ੍ਹਦੀ ਕਲਾ ਲਈ ਤੇ ਪਿੰਡ ਰਟੋਲਾ ਵਾਸੀਆਂ ਦਾ ਧੰਨਵਾਦ ਕਰਨ ਲਈ ਪਿਛਲੇ ਦਿਨੀਂ ਸਰਕਾਰੀ ਪ੍ਰਾਇਮਰੀ ਸਕੂਲ ਅੰਦਰ ਪਿਛਲੇ ਦਿਨੀਂ ਸ੍ਰੀ ਅਖੰਡ ਪਾਠ ਸਾਹਿਬ ਕਰਾ ਕੇ ਬਾਣੀ ਦਾ ਲਾਹਾ ਲਿਆ ਤੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਆਉਣ ਵਾਲੇ ਪੰਜ ਸਾਲਾਂ ਵਿੱਚ ਪਿੰਡ ਰਟੋਲਾ ਵਿੱਚ ਸੁੱਖ ਸ਼ਾਂਤੀ ਬਣੀ ਰਹੇ, ਤੱਤੀਆਂ ਹਵਾਵਾਂ ਤੋਂ ਦੂਰ ਰੱਖਣ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਜਿਸ 'ਚ ਪੂਰੀ ਮਰਿਯਾਦਾ ਅਨੁਸਾਰ ਨਗਰ ਵਾਸੀਆਂ ਦਾ ਮੱਥਾ ਟੇਕਿਆ ਤੇ ਵਾਹਿਗੁਰੂ ਜੀ ਦਾ ਸ਼ੁਕਰਾਨਾ ਅਦਾ ਕੀਤਾ ਤੇ ਪਿੰਡ ਵਾਸੀਆਂ ਵੱਲੋਂ ਨਵੀਂ ਬਣੀ ਪੰਚਾਇਤ ਨੂੰ ਵਧਾਈਆਂ ਦਿੱਤੀਆਂ ਤੇ ਪੂਰੀ ਪੰਚਾਇਤ ਵੱਲੋਂ ਵੀ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਪੰਚ ਕ੍ਰਿਸ਼ਨ ਸਿੰਘ, ਰਾਏ ਸਿੰਘ, ਭੋਲਾ ਸਿੰਘ, ਪਰਮਜੀਤ ਕੌਰ, ਕਾਕਾ ਸਿੰਘ, ਸੰਦੀਪ ਸਿੰਘ, ਭਿੰਦਰ ਸਿੰਘ, ਜੱਸੀ ਸਿੰਘ ਨੰਬਰਦਾਰ, ਨਿਰਭੈ ਸਿੰਘ ਸਾਬਕਾ ਸਰਪੰਚ, ਕਮਲਜੀਤ ਸਿੰਘ, ਕਲੱਬ ਪ੍ਰਧਾਨ ਚਮਕੌਰ ਸਿੰਘ, ਜਗਦੇਵ ਸਿੰਘ, ਗੁਰਲੀਨ ਦੀਪ ਸਿੰਘ, ਮੱਖਣ ਸਿੰਘ, ਬੱਗਾ ਸਿੰਘ, ਦਰਸ਼ਨ ਸਿੰਘ, ਕੁਲਵੀਰ ਸਿੰਘ, ਚਮਕੌਰ ਸਿੰਘ ਤੇ ਸਮੂਹ ਨਗਰ ਨਿਵਾਸੀ ਹਾਜ਼ਰ ਸਨ।

# ਬਾਇਓ ਗੈਸ ਫ਼ੈਕਟਰੀਆਂ ਪੱਕੇ ਤੌਰ 'ਤੇ ਬੰਦ ਕਰਾਉਣ ਲਈ ਸੰਘਰਸ਼ ਤੇਜ਼ ਹੋਵੇਗਾ



**ਜਗਰਾਉਂ/ਹਠੂਰ (ਨਛੱਤਰ ਸੰਧੂ)** ਅਖਾੜਾ ਵਿਖੇ ਪਿਛਲੇ ਛੇ ਮਹੀਨਿਆਂ ਤੋਂ ਬਾਇਓ ਗੈਸ ਫੈਕਟਰੀ ਦੀ ਉਸਾਰੀ ਖ਼ਿਲਾਫ਼ ਸੰਘਰਸ਼ਸ਼ੀਲ ਮੋਰਚੇ ਨੇ ਇਸ ਫੈਕਟਰੀ ਨੂੰ ਪੱਕੇ ਤੌਰ 'ਤੇ ਬੰਦ ਕਰਾਉਣ ਲਈ ਸੰਘਰਸ਼ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਹੈ।ਮੋਰਚੇ ਦੇ ਆਗੂਆਂ ਤੇ ਤਾਲਮੇਲ ਕਮੇਟੀ ਦੇ ਮੈਂਬਰਾਂ ਗੁਰਤੇਜ ਸਿੰਘ ਅਖਾੜਾ ਪ੍ਰਧਾਨ, ਜਗਦੇਵ ਸਿੰਘ ਅਖਾੜਾ, ਕਿਸਾਨ ਆਗੂ ਜਗਤਾਰ ਸਿੰਘ ਦੇਹੜਕਾ, ਕੰਵਲਜੀਤ ਖੰਨਾ ਨੇ 20 ਸਤੰਬਰ ਨੂੰ ਡੀ ਸੀ ਲੁਧਿਆਣਾ ਨਾਲ ਜਗਰਾਉਂ ਵਿਖੇ ਹੋਈ ਮੀਟਿੰਗ ਸਬੰਧੀ ਅਪਣਾ ਪ੍ਰਤੀਕਰਮ ਜ਼ਾਹਰ ਕਰਦਿਆਂ ਕਿਹਾ ਕਿ ਇਸ ਮੀਟਿੰਗ 'ਚ ਪੁਰਾਣੇ ਤਰਕ ਦੇ ਕੇ ਮਸਲਾ ਹੱਲ ਕਰਨ ਤੋਂ ਇੱਕ ਵੇਰ ਫਿਰ ਟਾਲਾ ਵੱਟਿਆ ਗਿਆ ਹੈ।ਉਨ੍ਹਾਂ ਕਿਹਾ ਕਿ ਤਾਲਮੇਲ ਕਮੇਟੀ ਦੀ ਪੰਜਾਬ ਦੇ ਮੁੱਖ ਮੰਤਰੀ, ਸਰਕਾਰੀ ਮਾਹਰਾਂ, ਅਧਿਕਾਰੀਆਂ ਨਾਲ ਹੋਈਆਂ ਪੰਜ ਮੀਟਿੰਗਾਂ 'ਚ ਤਾਲਮੇਲ ਕਮੇਟੀ ਨੇ ਦਲੀਲਾਂ ਤੇ ਤੱਥਾਂ ਸਹਿਤ ਸਾਬਤ ਕਰ ਦਿੱਤਾ ਸੀ ਕਿ ਇਨ੍ਹਾਂ ਬਾਇਓਗੈਸ ਫ਼ੈਕਟਰੀਆਂ ਦੇ ਲੱਗਣ ਨਾਲ ਜਿੱਥੇ ਵਾਤਾਵਰਣ ਪ੍ਰਦੂਸ਼ਤ ਹੋਵੇਗਾ, ਉੱਥੇ ਸਬੰਧਤ ਇਲਾਕੇ ਦੇ ਲੋਕਾਂ ਦੀ ਸਿਹਤ 'ਤੇ ਵੀ ਮਾੜਾ ਅਸਰ ਪਵੇਗਾ।ਇਨ੍ਹਾਂ ਫ਼ੈਕਟਰੀਆਂ ਦਾ ਜ਼ਹਿਰੀਲਾ ਪਾਣੀ ਹਰੇ ਇਨਕਲਾਬ ਦੇ ਮਾਰੂ ਨਤੀਜਿਆਂ ਵਾਂਗ ਆਉਂਦੇ ਸਮੇਂ 'ਚ ਕੈਂਸਰ ਤੇ ਹੋਰ ਮਾਰੂ ਬਿਮਾਰੀਆਂ ਪੈਦਾ ਕਰੇਗਾ।ਇਨ੍ਹਾਂ ਫੈਕਟਰੀਆਂ ਵਿੱਚ ਗੋਬਰ ਵਰਤੇ ਜਾਣ ਦੀ ਦਲੀਲ ਤੱਥਹੀਣ ਹੈ, ਸਰਕਾਰ ਡੇਅਰੀ ਧੰਦਾ ਤਾਂ ਬਰਬਾਦ ਕਰ ਰਹੀ ਹੈ।ਸਹਿਕਾਰੀ ਖੇਤਰ ਦਾ ਭੋਗ ਪਾ ਰਹੀ ਹੈ।ਦੁੱਧ ਵਿਦੇਸ਼ਾਂ 'ਚੋਂ ਮੰਗਵਾਉਣ ਦੀਆਂ ਨੀਤੀਆਂ ਸੰਸਾਰ ਵਪਾਰ ਸੰਸਥਾਂ 'ਚ ਲਗਭਗ ਸਿਰੇ ਲੱਗ ਚੁੱਕੀਆਂ ਹਨ। ਪੰਜਾਬ 'ਚ ਗ਼ੈਰ ਲਾਹੇਵੰਦ ਖੇਤੀ ਵਾਂਗ ਡੇਅਰੀ ਧੰਦਾ ਹੌਲੀ-ਹੌਲੀ ਖ਼ਤਮ ਹੋ ਰਿਹਾ ਹੈ।ਕਿਸਾਨਾਂ ਨੇ ਪਿੰਡ ਚ ਦੁੱਧ ਦੀ ਪੈਦਾਵਾਰ ਮਹਿੰਗੀ ਹੋਣ ਤੇ ਖ਼ਰਚਾ ਪੂਰਾ ਨਾ ਹੋਣ ਕਾਰਨ ਬਹੁਗਿਣਤੀ 'ਚ ਪਸ਼ੂ ਰੱਖਣੇ ਬੰਦ ਕਰ ਦਿੱਤੇ ਹਨ।

ਸਿੱਟੇ ਵਜੋਂ ਨਕਲੀ ਦੁੱਧ ਦੀ ਭਰਮਾਰ ਹੈ, ਜਿਸ ਬਾਰੇ ਹਕੂਮਤ ਦਾ ਕੋਈ ਸਰੋਕਾਰ ਨਹੀਂ ਹੈ, ਜਦੋਂ ਪਿੰਡਾਂ 'ਚ ਗੋਬਰ ਨਾ ਲੱਭਿਆ ਤਾਂ ਫਸਿਆ ਫੈਕਟਰੀ ਮਾਲਕ। ਫਿਰ ਝੋਨੇ ਦੀ ਪਰਾਲੀ, ਨੈਪੀਅਰ ਘਾਹ, ਗੰਨੇ ਦੀ ਮੈਲ ਵਰਤਣ ਵੱਲ ਨੂੰ ਤੁਰੇਗਾ ਹੀ ਤੁਰੇਗਾ।ਫਿਰ ਇੱਕ ਕਿਲੋ ਪਰਾਲੀ ਗਾਲਣ ਲਈ 900 ਲਿਟਰ ਪਾਣੀ ਵਰਤਣ ਦੇ ਹਿਸਾਬ ਨਾਲ ਕਰੋੜਾਂ ਲੀਟਰ ਪਾਣੀ ਧਰਤੀ 'ਚੋਂ ਕੱਢ ਕੇ ਪੰਜਾਬ ਨੂੰ ਬੰਜਰ ਬਣਾਇਆ ਜਾਵੇਗਾ।ਇਹ ਫੈਕਟਰੀਆਂ ਪੰਜਾਬ ਦੀ ਖੇਤੀ ਸਨਅਤ ਦੇ ਅਨੁਕੂਲ ਨਹੀਂ ਹਨ।ਕਾਰਪੋਰੇਟਾਂ ਜ਼ਹਿਰੀਲਾ ਪਾਣੀ ਜਾ ਕੇ ਧਰਤੀ 'ਚ ਵੱਖ-ਵੱਖ ਪੱਤਣਾਂ 'ਚ ਜ਼ਰੂਰ ਘੋਲੇਗਾ।ਤਾਲਮੇਲ ਕਮੇਟੀ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਲੁਧਿਆਣਾ ਤੇ ਹੋਰ ਥਾਵਾਂ 'ਚ ਇਹ ਬਾਇਓਗੈਸ ਫ਼ੈਕਟਰੀਆਂ ਨਹੀਂ ਚੱਲਣ ਦਿੱਤੀਆਂ ਜਾਣਗੀਆਂ, ਚਾਹੇ ਇਸ ਲਈ ਦਿੱਲੀ ਸੰਘਰਸ਼ ਵਾਂਗ ਲੰਮੀ ਲੜਾਈ ਲੜਨੀ ਪਵੇ।ਉਨ੍ਹਾਂ ਕਿਹਾ ਕਿ ਲੰਮੇ ਤੇ ਜ਼ਬਤਬੱਧ ਸੰਘਰਸ਼ ਨੇ ਭੂੰਦੜੀ ਵਿਖੇ ਫੈਕਟਰੀ ਮਾਲਕ ਨੂੰ ਅਪਣਾ ਸਾਰਾ ਸਮਾਨ ਚੁੱਕ ਲੈਣ ਲਈ ਮਜਬੂਰ ਕਰ ਦਿੱਤਾ ਹੈ।ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਫੈਕਟਰੀ ਮਾਲਕਾਂ ਨੂੰ ਮੁਆਵਜ਼ਾ ਦੇ ਕੇ ਇਹ ਸਾਰੀਆਂ ਲੱਗ ਰਹੀਆਂ ਫੈਕਟਰੀਆ ਪੱਕੇ ਤੌਰ 'ਤੇ ਬੰਦ ਕਰ ਦਿੱਤੀਆਂ ਜਾਣ।

## ਅੱਜ-ਨਾਮਾ

ਪ੍ਰਿਅੰਕਾ ਗਾਂਧੀ ਜੇ ਵਿੱਚ ਮੈਦਾਨ ਆ ਗਈ,
ਚਿਤਵਣੀ ਭਾਜਪਾ ਨੂੰ ਬਹੁਤੀ ਹੋਈ ਭਾਈ।
ਲੜੂਗੀ ਚੋਣ ਇਹ ਕੇਰਲ ਦੇ ਰਾਜ ਵਿੱਚੋਂ,
ਉਥੇ ਨਹੀਂ ਭਾਜਪਾ ਨੂੰ ਆਸ ਕੋਈ ਭਾਈ।
ਅੱਗਲਵਾਂਢੀ ਉਹ ਕੱਢਣ ਫਿਰ ਕੜ ਲੱਗੇ,
ਜਿਸ ਤਰ੍ਹਾਂ ਜਾਂਦੇ ਜਵਾਕ ਆ ਰੋਈ ਭਾਈ।
ਹਾਰਨ-ਜਿੱਤਣ ਤਾਂ ਮਰਜ਼ੀ ਹੈ ਵੋਟਰਾਂ ਦੀ,
ਉਨ੍ਹਾਂ ਜੋ ਸੋਚਿਆ, ਹਊਗਾ ਸੋਈ ਭਾਈ।
ਆਦਮੀ ਆਮ ਦੇ ਹੱਥ ਵਿੱਚ ਨੱਥ ਸਭ ਦੀ,
ਕੌਮੀ ਆਗੂ ਜਾਂ ਮਾਤੜ ਜਿਹਾ ਹੋਊ ਭਾਈ।
ਪਾਰਲੀਮੈਂਟ ਵਿੱਚ ਜਾਊ ਫਿਰ ਜਿੱਤ ਉਹੀ,
ਜਨਤਾ ਜੀਹਦੇ ਬਈ ਮਗਰ ਖੜੋਊ ਭਾਈ।

-ਤੀਸ ਮਾਰ ਖਾਂ

## ਰਵੀ ਸਰਪੰਚ ਨੇ ਚੇਅਰਮੈਨ ਭੱਲਾ ਨਾਲ ਕੀਤੀ ਮੁਲਾਕਾਤ



**ਬਠਿੰਡਾ, (ਰਾਜੀਵ ਗੋਇਲ)** ਕਸਬਾ ਭਗਤਾ ਭਾਈ ਕਾ ਦੇ ਨੇੜਲੇ ਪਿੰਡ ਗੁੰਮਟੀ ਕਲਾਂ ਤੋਂ ਸਰਪੰਚ ਚੁਣੇ ਗਏ ਨੌਜਵਾਨ ਆਗੂ ਕੁਲਜਿੰਦਰ ਸਿੰਘ ਰਵੀ ਵੱਲੋਂ ਇਪਰੂਵਮੈਂਟ ਟਰੱਸਟ ਬਠਿੰਡਾ ਦੇ ਚੇਅਰਮੈਨ ਜਤਿੰਦਰ ਸਿੰਘ ਭੱਲਾ ਨਾਲ ਮੁਲਾਕਾਤ ਕੀਤੀ ਗਈ। ਇਸ ਮੌਕੇ ਭੱਲਾ ਵੱਲੋਂ ਨਵੇਂ ਚੁਣੇ ਗਏ ਸਰਪੰਚ ਨੂੰ ਵਧਾਈ ਦਿੰਦਿਆਂ ਕਿਹਾ ਗਿਆ ਕਿ ਉਹ ਆਪਣੇ ਪਿੰਡ ਦੇ ਵਿਕਾਸ ਲਈ ਢੁੱਕਵੇਂ ਕਦਮ ਚੁੱਕਣ ਤੇ ਜਿੱਥੇ ਕਿਤੇ ਪਾਰਟੀ ਦੀ ਲੋੜ ਮਹਿਸੂਸ ਹੁੰਦੀ ਹੈ, ਉਹ ਉਨ੍ਹਾਂ ਦੇ ਨਾਲ ਖੜੇ ਹਨ। ਰਵੀ ਸਰਪੰਚ ਵੱਲੋਂ ਸਭਨਾਂ ਦਾ ਮੂੰਹ ਮਿੱਠਾ ਕਰਾਇਆ ਗਿਆ। ਨੌਜਵਾਨ ਸਰਪੰਚ ਕੁਲਜਿੰਦਰ ਸਿੰਘ ਰਵੀ ਦੀ ਭੱਲਾ ਨਾਲ ਇਹ ਮਿਲਣੀ ਭਾਵੇਂ ਹੀ ਸਿਆਸੀ ਮਿਲਣੀ ਨਹੀਂ ਸੀ, ਸਗੋਂ ਮਿੱਤਰਤਾ ਦੇ ਅਧਾਰ 'ਤੇ ਉਨ੍ਹਾਂ ਨੇ ਮੁਲਾਕਾਤ ਕੀਤੀ, ਪਰ ਇਸਦੇ ਨਾਲ-ਨਾਲ ਸਰਪੰਚ ਰਵੀ ਵੱਲੋਂ ਸਮੂਹ ਗੁੰਮਟੀ ਕਲਾਂ ਵਾਸੀਆਂ ਦਾ ਧੰਨਵਾਦ ਵੀ ਕੀਤਾ ਗਿਆਂ, ਜਿਨ੍ਹਾਂ ਵੱਲੋਂ ਉਨ੍ਹਾਂ ਨੂੰ ਐਡੀ ਵੱਡੀ ਜਿੰਮੇਵਾਰੀ ਸੌਂਪੀ ਗਈ ਹੈ।

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਪ੍ਰਭਾਤ ਫੇਰੀ ਆਰੰਭੀ



**ਬਠਿੰਡਾ, (ਰਾਜੀਵ ਗੋਇਲ)** ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਜਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਸ਼ਹਿਰ ਦੇ ਗੁਰੂਦੁਆਰਾ ਬਾਬਾ ਵਿਸ਼ਵਕਰਮਾ ਵੱਲੋਂ ਪ੍ਰਭਾਤਫੇਰੀ ਦਾ ਆਰੰਭ ਕੀਤਾ ਗਿਆ, ਜਿਸਦੀ ਪਹਿਲੀ ਦਿਨ ਸ਼ੁਰੂਆਤ ਹੀਰੋ ਇੰਡਸਟਰੀ ਦੇ ਮਾਲਕ ਮਿਸਤਰੀ ਨਿਰਮਲ ਸਿੰਘ ਦੇ ਗ੍ਰਹਿ ਤੋਂ ਹੋਈ। ਰਾਗੀ ਜੱਥੇ ਵੱਲੋਂ ਕੀਰਤਨ ਕਰਦੇ ਹੋਏ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ 'ਤੇ ਚਾਨਣਾ ਪਾਉਂਦੇ ਹੋਏ ਇਕੱਤਰ ਹੋਈ ਸੰਗਤ ਨੂੰ ਉਨ੍ਹਾਂ ਦੀਆਂ ਸਿੱਖਿਆਂਵਾ 'ਤੇ ਚੱਲਣ ਦੀ ਪ੍ਰੇਰਣਾ ਦਿੱਤੀ ਗਈ। ਇਸ ਮੌਕੇ ਸਟੇਜ ਦੀ ਭੂਮਿਕਾ ਢਾਡੀ ਬਲਵਿੰਦਰ ਸਿੰਘ ਭਗਤਾ ਵੱਲੋਂ ਨਿਭਾਈ ਗਈ,ਜਿਹਨਾਂ ਵੱਲੋਂ ਪਰਿਵਾਰ ਦੀ ਤਰਫੋਂ ਪਹੁੰਚੀਆਂ ਹੋਈਆਂ ਸੰਗਤਾਂ ਤੇ ਪੱਤਰਕਾਰ ਸੁਖਪਾਲ ਸਿੰਘ, ਵੀਰਪਾਲ ਸਿੰਘ ਤੇ ਰਾਜੀਵ ਗੋਇਲ ਦਾ ਵਿਸ਼ੇਸ ਧੰਨਵਾਦ ਕੀਤਾ ਗਿਆ। ਸਮੂਹ ਕਮੇਟੀ ਵੱਲੋਂ ਮਿਸਤਰੀ ਨਿਰਮਲ ਸਿੰਘ ਨੂੰ ਸਿਰੋਪਾਓ ਭੇਟ ਕੀਤਾ ਗਿਆ। ਇਸ ਮੌਕੇ ਬੂਟਾ ਸਿੰਘ ਸਿੱਧੂ ਪ੍ਰਧਾਨ ਨਗਰ ਪੰਚਾਇਤ ਭਗਤਾ, ਅਸ਼ਵਨੀ ਕੁਮਾਰ ਭਦੌੜੀਆ, ਬਿੱਕਰ ਸਿੰਘ ਨੰਬਰਦਾਰ, ਬਹਾਦਰ ਸਿੰਘ, ਰਾਕੇਸ਼ ਕੁਮਾਰ ਸਿੰਗਲਾ, ਮਹਿੰਦਰ ਸਿੰਘ ਅਜੀਤ ਐਗਰੋ ਇੰਡਸਟਰੀ, ਸੁਖਮੰਦਰ ਸਿੰਘ ਅਕਾਲਵਾਲੇ, ਰਸ਼ਪਿੰਦਰ ਸਿੰਘ ਨਿੱਕਾ ਸਟਾਰ ਵਾਲੇ, ਦਵਿੰਦਰ ਸਿੰਘ ਮਠਾੜੂ, ਆਤਮਾ ਸਿੰਘ, ਪ੍ਰੀਤਮ ਸਿੰਘ, ਹਰਨੇਕ ਸਿੰਘ, ਗੁਰਵਿੰਦਰ ਸਿੰਘ, ਸਰਬਜੀਤ ਸਿੰਘ, ਗੁਰਭਗਤ ਸਿੰਘ, ਦਰਸ਼ਨ ਸਿੰਘ ਭਰੀ ਵਾਲੇ, ਗੁਰਵਿੰਦਰ ਸਿੰਘ ਰਾਮਦਾਸ ਵਾਲੇ, ਚਮਕੌਰ ਸਿੰਘ ਹਿੰਦੋਸਤਾਨ ਵਾਲੇ ਸਮੇਤ ਹੋਰ ਵੀ ਸੰਗਤਾਂ ਵੱਲੋਂ ਹਾਜ਼ਰੀ ਭਰੀ ਗਈ।

## ਦਰਸ਼ਨ ਸਿੰਘ ਨੇ ਮਰਨ ਉਪਰੰਤ ਦੋ ਦਾ ਜਗ ਰੁਸ਼ਨਾਇਆ



**ਬਰੇਟਾ (ਰੀਤਵਾਲ)**-ਦਰਸ਼ਨ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸਿੰਘ ਸਭਾ ਬਰੇਟਾ ਸਪੁੱਤਰ ਸਵ: ਜਿਊਣ ਸਿੰਘ ਦੇ ਅਚਾਨਕ ਸਦੀਵੀ ਵਿਛੋੜੇ ਤੋਂ ਬਾਅਦ, ਪਰਵਾਰ ਵੱਲੋਂ ਉਨ੍ਹਾਂ ਦੀ ਇੱਛਾ ਅਨੁਸਾਰ ਅੱਖਾਂ ਦਾਨ ਕਰਨ ਦਾ ਫੈਸਲਾ ਲਿਆ ਗਿਆ। ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਚਲਾਈ ਜਾ ਰਹੀ ਨੇਤਰਦਾਨ ਸਮਿਤੀ ਰਜਿ. ਬਰੇਟਾ ਵੱਲੋਂ ਹਰਬੰਸ ਲਾਲ ਬਾਂਸਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਮਿਤੀ ਦੇ ਮੈਂਬਰ ਬਾਬੂ ਰਾਮ, ਰਘਵੀਰ ਸਿੰਘ ਗੁੱਡੂ, ਟੇਕ ਸਿੰਘ ਸਾਬਕਾ ਇੰਸਪੈਕਟਰ ਨਗਰ ਕੌਂਸਲ ਤੇ ਡਾ. ਖਜ਼ਾਨਚੀ ਵੱਲੋਂ ਉਨ੍ਹਾਂ ਦੀਆਂ ਅੱਖਾਂ ਪੁਨਰਜੋਤ ਆਈ ਬੈਂਕ ਲੁਧਿਆਣਾ ਦੀ ਟੀਮ ਨੂੰ ਦਾਨ ਕਰਵਾਈਆਂ ਗਈਆਂ। ਮ੍ਰਿਤਕ ਦਰਸ਼ਨ ਸਿੰਘ ਦੀਆਂ ਅੱਖਾਂ ਨਾਲ ਦੋ ਨੇਤਰਹੀਣ ਵਿਅਕਤੀ ਇਸ ਰੰਗਲੀ ਦੁਨੀਆ ਦਾ ਆਨੰਦ ਮਾਣ ਸਕਣਗੇ। ਇਸ ਨੇਕ ਕਾਰਜ ਲਈ ਨੇਤਰਦਾਨੀ ਪਰਵਾਰ ਨੂੰ ਸਲਾਮ।

## ਪਰਾਲੀ ਨੂੰ ਅੱਗ ਲਗਾਉਣ ਵਾਲਿਆਂ ਖਿਲਾਫ ਕੇਸ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਫਿਰੋਜ਼ਪੁਰ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦੇ ਦੋਸ਼ ਵਿੱਚ 12 ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ।ਇਹ ਘਟਨਾਵਾਂ ਥਾਣਾ ਸਦਰ, ਆਰਿਫਕੇ, ਮਮਦੋਟ ਤੇ ਕੁੱਲਗੜ੍ਹੀ ਇਲਾਕਿਆਂ ਵਿੱਚ ਵੱਖ-ਵੱਖ ਥਾਵਾਂ 'ਤੇ ਵਾਪਰੀਆਂ ਹਨ।ਸਹਾਇਕ ਥਾਣੇਦਾਰ ਪਵਨ ਕੁਮਾਰ, ਗੁਰਨਾਮ ਸਿੰਘ, ਜਗਤਾਰ ਸਿੰਘ, ਰਾਮ ਸਿੰਘ, ਹੌਲਦਾਰ ਗੁਰਚਰਨ ਸਿੰਘ ਤੇ ਹੋਰ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਮੁਖਬਰਾਂ ਤੋਂ ਪ੍ਰਾਪਤ ਸੂਚਨਾਵਾਂ ਦੇ ਆਧਾਰ 'ਤੇ ਬੈਂਕ ਕਾਲੋਨੀ, ਜਲਾਲ ਵਾਲਾ, ਵਾਹਗੇ ਵਾਲਾ ਤੇ ਹੋਰ ਪਿੰਡਾਂ ਵਿੱਚ ਪਰਾਲੀ ਨੂੰ ਅਣਪਛਾਤੇ ਵਿਅਕਤੀਆਂ ਵੱਲੋਂ ਅੱਗ ਲਗਾਉਣ ਦੀ ਪੁਸ਼ਟੀ ਹੋਈ।ਪੁਲਸ ਨੇ ਇਹ ਜਾਣਕਾਰੀ ਮਿਲਣ 'ਤੇ ਤੁਰੰਤ ਕਾਰਵਾਈ ਕਰਦਿਆਂ ਮਾਮਲਾ ਦਰਜ ਕਰ ਲਿਆ ਹੈ ਅਤੇ ਵਾਰਦਾਤਾਂ ਦੀ ਜਾਂਚ ਜਾਰੀ ਹੈ।


## ਦੀਵਾਲੀ ਵਿਸ਼ੇਸ਼ ਸਪਲੀਮੈਂਟ



ਤਰਸੇਮ ਸਿੰਘ ਸਾਧਪੁਰ ਤਰਸਿੱਕਾ 99882-03163



ਹਰਬਿੰਦਰ ਸਿੰਘ ਰਾਣਾ ਵੇਰਕਾ (ਅੰਮ੍ਰਿਤਸਰ) 98881-45991



ਕ੍ਰਿਸ਼ਨ ਗਰਗ ਚੰਡੀਗੜ੍ਹ 94175-93500



ਹਰਭਜਨ ਢਿੱਲੋਂ (ਭਲਾਣ) 94638-21648



ਡਾ. ਰਮਨ (ਫਗਵਾੜਾ) 88378-31314

ਦੀਵਾਲੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।

-ਜਨਰਲ ਮੈਨੇਜਰ


## ਨਵੀਂਆਂ ਚੁਣੀਆਂ ਪੰਚਾਇਤਾਂ ਵੱਲੋਂ ਸਕੂਲ ਦੀ ਬਿਹਤਰੀ ਲਈ ਸਹਿਯੋਗ ਦੇਣ ਦਾ ਐਲਾਨ



**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)**-ਕਸਬੇ ਦੀਆਂ ਦੋਵੇਂ ਗ੍ਰਾਮ ਪੰਚਾਇਤਾਂ ਦੀ ਚੋਣ ਉਪਰੰਤ ਦੋਵੇਂ ਪੰਚਾਇਤਾਂ ਦੇ ਨੁਮਾਇੰਦਿਆਂ ਵਲੋਂ ਸ਼ਹੀਦ ਬੀਬੀ ਕਿਰਨਜੀਤ ਕੌਰ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਪਹੁੰਚ ਕੇ ਆਪਣੇ ਵਲੋਂ ਸਕੂਲ ਦੀ ਤਰੱਕੀ ਹਰ ਸੰਭਵ ਸਹਿਯੋਗ ਦੇਣ ਦਾ ਐਲਾਨ ਕੀਤਾ ਗਿਆ।

ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਭਾਈ ਜਗਸੀਰ ਸਿੰਘ ਖ਼ਾਲਸਾ ਦੀ ਅਗਵਾਈ 'ਚ ਸਮੂਹ ਕਮੇਟੀ ਮੈਂਬਰਾਂ ਨੇ ਦੋਵੇਂ ਗ੍ਰਾਮ ਪੰਚਾਇਤਾਂ ਦੇ ਨੁਮਾਇੰਦਿਆਂ ਨੂੰ ਜੀ ਆਇਆਂ ਆਖਿਆ।ਇਸ ਉਪਰੰਤ ਲਾਇਬ੍ਰੇਰੀ ਹਾਲ 'ਚ ਹੋਏ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਿੰ. ਰਾਜਿੰਦਰ ਸਿੰਘ, ਸੀਨੀਅਰ ਅਧਿਆਪਕ ਤੇਜਿੰਦਰ ਸਿੰਘ ਨੇ ਸਕੂਲ ਦੀਆਂ ਪ੍ਰਾਪਤੀਆਂ ਦੀਆਂ ਪ੍ਰਾਪਤੀਆਂ ਤੇ ਚੱਲ ਰਹੇ ਵਿਕਾਸ ਕਾਰਜਾਂ ਸਬੰਧੀ ਚਾਨਣਾ ਪਾਇਆ।ਚੇਅਰਮੈਨ ਜਗਸੀਰ ਸਿੰਘ ਖ਼ਾਲਸਾ ਨੇ ਸਕੂਲ ਨੂੰ ਤਰੱਕੀ ਲਈ ਸਹਿਯੋਗ ਦੀ ਮੰਗ ਕੀਤੀ।ਨੌਜਵਾਨ ਆਗੂ ਗੁਰਪ੍ਰੀਤ ਸਿੰਘ ਅਣਖੀ ਨੇ ਕਿਹਾ ਕਿ ਪਿੰਡ ਵਾਸੀਆਂ, ਸਮਾਜ ਸੇਵੀ ਲੋਕਾਂ, ਇੱਥੋਂ ਪੜ੍ਹ ਕੇ ਉੱਚ ਰੁਤਬਿਆਂ 'ਤੇ ਪਹੁੰਚੇ ਪੁਰਾਣੇ ਵਿਦਿਆਰਥੀਆਂ, ਪ੍ਰਵਾਸੀ ਭਾਰਤੀਆਂ ਨੂੰ ਸਕੂਲ ਦੇ ਵਿਕਾਸ ਲਈ ਯੋਗਦਾਨ ਦੇਣ ਲਈ ਉਤਸ਼ਾਹਤ ਕਰਨ ਦੇ ਨਾਲ-ਨਾਲ ਗ੍ਰਾਮ ਪੰਚਾਇਤਾਂ ਬੇਲੋੜੀ ਦਖ਼ਲਅੰਦਾਜ਼ੀ ਕਰਨ ਦੀ ਬਜਾਏ ਸਕੂਲ ਪ੍ਰਬੰਧਕ ਕਮੇਟੀ ਤੇ ਸਟਾਫ਼ ਨੂੰ ਸਕੂਲ ਦੇ ਵਿਕਾਸ ਲਈ ਵਧ-ਚੜ੍ਹ ਕੇ ਸਹਿਯੋਗ ਦੇਣਗੀਆਂ।ਭਾਈ ਲਾਲੋ ਪੰਜਾਬੀ ਮੰਚ ਦੇ ਆਗੂ ਹਰਜੀਤ ਸਿੰਘ ਖਿਆਲੀ ਨੇ ਵੀ ਵਿਚਾਰ ਰੱਖੇ।ਸਰਪੰਚ ਸਰਬਜੀਤ ਸਿੰਘ ਸ਼ੰਭੂ ਅਤੇ ਸਰਪੰਚ ਕਿਰਨਾ ਰਾਣੀ ਦੇ ਪੁੱਤਰ ਨੌਜਵਾਨ ਆਗੂ ਅਰੁਣ ਕੁਮਾਰ ਬਾਂਸਲ ਨੇ ਕਿਹਾ ਕਿ ਉਨ੍ਹਾਂ ਵੱਲੋਂ ਸਕੂਲ ਦੀ ਬਿਹਤਰੀ ਲਈ ਹਰ ਪੱਖ ਤੋਂ ਯੋਗਦਾਨ ਦਿੱਤਾ ਜਾਵੇਗਾ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਟਰਾਲੀਆਂ 'ਤੇ ਲਾਏ ਰਿਫਲੈਕਟਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ/ਕੁਲ ਭੂਸ਼ਨ ਚਾਵਲਾ/ਪਰਮਜੀਤ ਸਿੰਘ)** ਡਾਕਟਰ ਐਸ ਪੀ ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਵੱਲੋਂ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਤੇ ਝੋਨੇ ਦੇ ਸੀਜ਼ਨ ਦੇ ਮੱਦੇਨਜ਼ਰ ਟਰਾਲੀਆਂ 'ਤੇ ਰਿਫਲੈਕਟਰ ਲਾਏ ਗਏ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਝੋਨੇ ਦਾ ਸੀਜ਼ਨ ਸ਼ੁਰੂ ਹੋ ਗਿਆ ਹੈ। ਦੇਖਣ ਵਿੱਚ ਆਇਆ ਹੈ ਕਿ ਟਰੈਕਟਰ-ਟਰਾਲੀਆਂ 'ਤੇ ਰਿਫਲੈਕਟਰ ਨਹੀਂ ਲੱਗੇ ਹੁੰਦੇ ਅਤੇ ਟਰੈਕਟਰ ਟਰਾਲੀਆਂ ਰਾਤ-ਦਿਨ ਚੱਲਦੇ ਹਨ ਤੇ ਅਕਸਰ ਹੀ ਹਾਦਸੇ ਵਾਪਰਦੇ ਰਹਿੰਦੇ ਹਨ, ਪਿਛਲੇ ਇੱਕ-ਦੋ ਦਿਨਾਂ ਦੌਰਾਨ ਸੜਕਾਂ ਤੇ ਟਰਾਲੀਆਂ ਵਿੱਚ ਪਿੱਛੋਂ ਵਾਹਨ ਟਕਰਾਉਣ ਕਾਰਨ ਕਾਫੀ ਐਕਸੀਡੈਂਟ ਹੋਏ ਤੇ ਲੋਕ ਜ਼ਖਮੀ ਹੋਏ।ਸਥਿਤੀ ਨੂੰ ਦੇਖਦਿਆਂ ਹੋਇਆਂ ਟਰੈਕਟਰ-ਟਰਾਲੀਆਂ ਤੇ ਵੱਡੀ ਗਿਣਤੀ ਵਿਚ ਦਾਣਾ ਮੰਡੀ ਸ੍ਰੀ ਮੁਕਤਸਰ ਸਾਹਿਬ ਜਾ ਕੇ ਅਤੇ ਵੱਖ-ਵੱਖ ਸੜਕਾਂ 'ਤੇ ਜਾ ਕੇ ਟਰਾਲੀਆਂ 'ਤੇ ਰਿਫਲੈਕਟਰ ਲਾਏ ਗਏ ਤਾਂ ਜੁ ਹਾਦਸਿਆਂ ਤੋਂ ਬਚਾਅ ਹੋ ਸਕੇ।ਇਸ ਮੁਹਿੰਮ ਵਿੱਚ ਟਰੈਕਟਰ-ਟਰਾਲੀਆਂ ਯੂਨੀਅਨਾ ਤੇ ਕਿਸਾਨਾਂ ਵੱਲੋਂ ਵੀ ਵਧ-ਚੜ੍ਹ ਕੇ ਹਿੱਸਾ ਲਿਆ ਅਤੇ ਖ਼ੁਦ ਰਿਫਲੈਕਟਰ ਲੈ ਕੇ ਵੀ ਅਪਣੀਆਂ ਟਰਾਲੀਆਂ 'ਤੇ ਲਾਏ ਗਏ ਅਤੇ ਰਿਫਲੈਕਟਰ ਭੇਜਣ ਲਈ ਡਾਕਟਰ ਐਸ ਪੀ ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ।

## ਗੁੜ੍ਹੇ ਦੀ ਨਵੀਂ ਪੰਚਾਇਤ ਨੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ



**ਚੌਕੀਮਾਨ (ਬਲਬੀਰ ਮਾਨ)** ਪਿੰਡ ਗੂੜ੍ਹੇ ਦੇ ਸਮੂਹ ਵਾਸੀਆਂ ਨੇ ਸਮੁੱਚੀ ਨਵੀਂ ਬਣੀ ਪੰਚਾਇਤ ਦੀ ਖੁਸ਼ੀ ਵਿੱਚ ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਗੁਰਦੁਆਰਾ ਸਿੰਘ ਸਭਾ ਸਾਹਿਬ ਪਿੰਡ ਗੁੜ੍ਹੇ ਵਿਖੇ ਧੰਨ ਧੰਨ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਗੁਰੂ ਗ੍ਰੰਥ ਸਹਿਬ ਜੀ ਦਾ ਓਟ ਆਸਰਾ ਲਿਆ।ਨੌਜਵਾਨ ਆਗੂ ਨਵਜੋਤ ਸਿੰਘ ਮਾਨ ਦੀ ਮਾਤਾ ਸੁਖਮੇਲ ਕੌਰ ਨੂੰ ਪਿਛਲੇ ਦਿਨੀਂ ਪਿੰਡ ਗੂੜ੍ਹੇ ਦੇ ਲੋਕਾਂ ਨੇ ਸਰਬਸੰਮਤੀ ਨਾਲ ਸਰਪੰਚ ਚੁਣ ਲਿਆ ਸੀ।ਪਿੰਡ ਦੇ ਗੁਰਦੁਆਰਾ ਸਿੰਘ ਸਭਾ ਵਿੱਚ ਨਵੀਂ ਬਣੀ ਪੰਚਾਇਤ ਨੇ ਸੁਖਮਨੀ ਸਾਹਿਬ ਦੇ ਪਾਠ ਕਰਾਏ ਸਨ। ਉਪਰੰਤ ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਵੱਲੋਂ ਸਰਪੰਚ ਸੁਖਮੇਲ ਕੌਰ ਅਤੇ ਨੌਜਵਾਨ ਆਗੂ ਨਵਜੋਤ ਸਿੰਘ ਮਾਨ ਦਾ ਵਿਸ਼ੇਸ਼ ਸਨਮਾਨ ਕੀਤਾ।

ਇਸ ਮੌਕੇ ਪੰਚ ਪਰਮਜੀਤ ਕੌਰ, ਪੰਚ ਕੁਲਵੰਤ ਕੌਰ, ਪੰਚ ਰੁਪਿੰਦਰ ਕੌਰ, ਪੰਚ ਸੁਰਿੰਦਰਪਾਲ ਕੌਰ, ਪੰਚ ਕਰਨੈਲ ਸਿੰਘ, ਪੰਚ ਹਰਪਾਲ ਸਿੰਘ, ਪੰਚ ਰਾਜਵੰਤ ਸਿੰਘ ਸੰਧੂ, ਪੰਚ ਅਮਰਜੀਤ ਸਿੰਘ ਮਾਨ ਤੇ ਪੰਚ ਗੁਰਪ੍ਰੀਤ ਸਿੰਘ ਅਦਿ ਦਾ ਵੀ ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਨੌਜਵਾਨ ਆਗੂ ਨਵਜੋਤ ਸਿੰਘ ਮਾਨ ਨੇ ਜਿੱਥੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ, ਉਥੇ ਭਰੋਸਾ ਦਿੱਤਾ ਕਿ ਅਸੀਂ ਪਿੰਡ ਦੇ ਵੱਡੇ ਵਿਕਾਸ ਕਾਰਜ ਕਰਾਉਣ ਨੂੰ ਤਰਜ਼ੀਹ ਦੇਵਾਂਗੇ ਅਤੇ ਨਿੱਕੇ-ਮੋਟੇ ਝਗੜੇ ਪਿੰਡ ਵਿੱਚ ਹੀ ਹੱਲ ਕੀਤੇ ਜਾਣਗੇ।

# ਕਿਸਾਨ ਜਥੇਬੰਦੀਆਂ ਦੀ ਮੀਟਿੰਗ ਹੋਈ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ 'ਤੇ ਜ਼ਿਲ੍ਹਾ ਬਠਿੰਡਾ ਦੇ ਮੋਰਚੇ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਦੀ ਜ਼ਰੂਰੀ ਮੀਟਿੰਗ ਟੀਚਰਜ ਹੋਮ ਵਿਖੇ ਹੋਈ, ਜਿਸ ਦੀ ਪ੍ਰਧਾਨਗੀ ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਜਨਰਲ ਸਕੱਤਰ ਸੁਖਮੰਦਰ ਸਿੰਘ ਧਾਲੀਵਾਲ ਨੇ ਕੀਤੀ।ਮੀਟਿੰਗ ਨੂੰ ਸੰਬੋਧਨ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਬਲਕਰਨ ਸਿੰਘ ਬਰਾੜ, ਬੀਕੇਯੂ ਮਾਨਸਾ ਦੇ ਸੂਬਾ ਜਨਰਲ ਸਕੱਤਰ ਬੇਅੰਤ ਸਿੰਘ ਮਹਿਮਾ ਸਰਜਾ, ਬੀਕੇਯੂ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਬਲਦੇਵ ਸਿੰਘ ਭਾਈ ਰੂਪਾ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਕਨਵੀਨਰ ਸਵਰਨ ਸਿੰਘ ਪੂਹਲੀ, ਬੀਕੇਯੂ ਮਾਲਵਾ ਦੇ ਸੂਬਾ ਕਮੇਟੀ ਮੈਂਬਰ ਜਗਜੀਤ ਸਿੰਘ ਕੋਟਸ਼ਮੀਰ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਪੰਜਾਬ ਦੇ ਸਮੁੱਚੇ ਅਰਥਚਾਰੇ ਨੂੰ ਬਰਬਾਦ ਕਰਨ 'ਤੇ ਤੁਲੀਆਂ ਹੋਈਆਂ ਹਨ। ਝੋਨੇ ਦੀ ਨਿਰਵਿਘਨ ਖਰੀਦ ਨਾ ਹੋਣ ਕਾਰਨ ਕਿਸਾਨ ਮੰਡੀ ਵਿੱਚ ਬੈਠਾ ਰੁਲ ਰਿਹਾ ਹੈ, ਆੜ੍ਹਤੀਏ, ਮਜ਼ਦੂਰ ਤੇ ਸੈਲਰਾਂ ਦਾ ਕਾਰੋਬਾਰ ਠੱਪ ਹੋ ਗਿਆ ਹੈ।

ਤਿਉਹਾਰਾਂ ਦੇ ਦਿਨ ਹੋਣ ਦੇ ਬਾਵਜੂਦ ਸਾਰੇ ਦੁਕਾਨਦਾਰ ਬੈਠੇ ਮੱਖੀਆਂ ਮਾਰ ਰਹੇ ਹਨ, ਪ੍ਰੰਤੂ ਸਰਕਾਰਾਂ ਘਟੀਆ ਰਾਜਨੀਤੀ ਕਰ ਰਹੀਆਂ ਹਨ।ਡੀਏਪੀ ਖਾਦ ਦੀ ਵੱਡੀ ਪੱਧਰ ਤੇ ਬਲੈਕ ਮੇਲਿੰਗ ਹੋ ਰਹੀ ਹੈ।ਕਿਸਾਨ ਦਾ ਝੋਨਾ ਖਰੀਦਣ ਤੇ ਉਸ ਨੂੰ ਫਸਲ ਬੀਜਣ ਲਈ ਸਮੇਂ ਸਰ ਡੀਏਪੀ ਮੁਹੱਈਆ ਕਰਾਉਣ ਦੀ ਥਾਂ ਪ੍ਰਸ਼ਾਸਨ ਪਰਾਲੀ ਦੇ ਬਹਾਨੇ ਕਿਸਾਨਾਂ ਨੂੰ ਡਰਾ ਰਿਹਾ ਹੈ ਤੇ ਉਨ੍ਹਾਂ 'ਤੇ ਪਰਚੇ ਦਰਜ ਕਰ ਰਿਹਾ ਹੈ, ਜਿਹੜੀ ਕਿ ਅਤਿ ਨਿੰਦਣ ਯੋਗ ਕਾਰਵਾਈ ਹੈ।ਕਿਸਾਨਾਂ ਮਜ਼ਦੂਰਾਂ, ਆੜ੍ਹਤੀਆਂ, ਸ਼ੈਲਰ ਮਾਲਕਾਂ ਤੇ ਦੂਜੇ ਦੁਕਾਨਦਾਰਾਂ ਦੇ ਕਾਰੋਬਾਰ ਨੂੰ ਬਰਬਾਦ ਕਰਨ ਦੇ ਪਿੱਛੇ ਕੇਂਦਰ ਸਰਕਾਰ ਦਾ ਛੁਪਿਆ ਹੋਇਆ ਕਾਰਪੋਰੇਟ ਪੱਖੀ ਏਜੰਡਾ ਹੈ, ਜਿਸ ਨੂੰ 2020 ਵਿੱਚ ਤਿੰਨ ਖੇਤੀ ਬਿੱਲ ਲਿਆ ਕੇ ਲਾਗੂ ਕਰਨ ਦਾ ਮਨਸੂਬਾ ਸਿਰੇ ਨਹੀਂ ਚੜ੍ਹਾਇਆ ਜਾ ਸਕਿਆ।ਕੇਂਦਰ ਸਰਕਾਰ ਦੇ ਇਸ ਏਜੰਡੇ ਦਾ ਪੰਜਾਬ ਸਰਕਾਰ ਵੀ ਪੂਰੀ ਤਰ੍ਹਾਂ ਸਾਥ ਦੇ ਰਹੀ ਹੈ।ਬੁਲਾਰਿਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਸ ਨੇ ਜੋ ਮੁਲਾਜ਼ਮ ਕਿਸਾਨਾਂ ਉੱਪਰ ਰੇਡਾਂ ਮਾਰਨ ਤੇ ਉਨ੍ਹਾਂ 'ਤੇ ਪਰਚੇ ਦਰਜ ਕਰਨ ਲਈ ਲਾਏ ਹਨ, ਨੂੰ ਝੋਨਾ ਚੁੱਕਣ ਤੇ ਡੀਏਪੀ ਖਾਦ ਦੀ ਬਲੈਕ ਮੇਲਿੰਗ ਰੋਕਣ ਲਈ ਲਾਵੇ।ਸੰਯੁਕਤ ਕਿਸਾਨ ਮੋਰਚਾ ਸਮਾਜ ਦੇ ਸਾਰੇ ਕਿੱਤਿਆਂ ਨੂੰ ਬਰਬਾਦ ਕਰਕੇ ਸਭ ਕੁਝ ਕਾਰਪੋਰੇਟ ਨੂੰ ਸੌਂਪਣ ਦਾ ਸਖਤ ਵਿਰੋਧ ਕਰਦਾ ਹੈ।ਆਗੂਆਂ ਨੇ ਦੱਸਿਆ ਕਿ ਕੱਲ 25 ਅਕਤੂਬਰ ਨੂੰ ਸੰਯੁਕਤ ਕਿਸਾਨ ਮੋਰਚਾ ਬਠਿੰਡਾ ਜ਼ਿਲ੍ਹਾ ਵਿੱਚ ਤਿੰਨ ਥਾਵਾਂ ਗੋਨਿਆਣਾ ਮੰਡੀ, ਮੌੜ ਮੰਡੀ ਤੇ ਤਲਵੰਡੀ ਸਾਬੋ ਵਿਖੇ ਸੜਕਾਂ ਜਾਮ ਕਰਕੇ 11 ਤੋਂ 3 ਵਜੇ ਤੱਕ ਰੋਸ ਪ੍ਰਦਰਸ਼ਨ ਕਰੇਗਾ ਤੇ 29 ਅਕਤੂਬਰ ਨੂੰ ਡੀਸੀ ਦਫਤਰ ਬਠਿੰਡਾ ਦਾ ਘਿਰਾਓ ਕੀਤਾ ਜਾਵੇਗਾ।

## ਕੇਂਦਰ ਸਰਕਾਰ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜ ਰਹੀ ਹੈ : ਬਰਸਟ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਦੇ ਮਤਰੇਈ ਮਾਂ ਵਾਲੇ ਸਲੂਕ ਕਰਕੇ ਹੀ ਪੰਜਾਬ ਦੀਆਂ ਮੰਡੀਆਂ ਵਿਚੋਂ ਝੋਨੇ ਦੀ ਚੁਕਾਈ ਨੂੰ ਲੈ ਕੇ ਸਮੱਸਿਆਵਾਂ ਪੇਸ਼ ਆ ਰਹੀਆਂ ਹਨ। ਕੇਂਦਰ ਸਰਕਾਰ ਜਾਣਬੁੱਝ ਕੇ ਪੰਜਾਬ ਰਾਜ ਦੇ ਗੋਦਾਮਾਂ 'ਚ ਪਹਿਲਾਂ ਤੋਂ ਪਏ ਅਨਾਜ ਭੰਡਾਰ ਨੂੰ ਸ਼ਿਫਟ ਕਰਨ ਵਿੱਚ ਦੇਰੀ ਕਰ ਰਹੀ ਹੈ, ਜਦਕਿ ਪੰਜਾਬ ਦੇ ਸ਼ੈਲਰਾਂ ਵਿੱਚ ਵੀ ਕਰੀਬ 20 ਹਜ਼ਾਰ ਮੀਟ੍ਰਿਕ ਟਨ ਚੌਲ ਸਟੋਰ ਵਿੱਚ ਪਿਆ ਹੈ। ਇਸੇ ਤਰ੍ਹਾਂ ਪੰਜਾਬ ਦੇ ਗੁਦਾਮਾਂ ਵਿੱਚ ਫਿਰ ਭਾਵੇਂ ਉਹ ਗੁਦਾਮ ਐੱਫ ਸੀ ਆਈ, ਵੇਅਰ ਹਾਊਸ ਜਾਂ ਕੋਈ ਹੋਰ ਗੁਦਾਮ ਹੀ ਹਨ, ਉਹਨਾਂ ਵਿੱਚ ਕਰੀਬ 140 ਲੱਖ ਮੀਟ੍ਰਿਕ ਟਨ ਚਾਵਲ ਤੇ ਕਣਕ ਦਾ ਭੰਡਾਰ ਪਿਆ ਹੈ ਅਤੇ ਇਹ ਸਾਰਾ ਭੰਡਾਰ ਕੇਂਦਰ ਸਰਕਾਰ ਦਾ ਹੈ, ਜਿਸ ਨੂੰ ਕੇਂਦਰ ਸਰਕਾਰ ਵੱਲੋਂ ਸਮੇਂ ਸਿਰ ਨਹੀਂ ਚੁਕਾਇਆ ਗਿਆ।

ਉਨ੍ਹਾ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੇਂਦਰੀ ਖੇਤੀ ਅਤੇ ਗ੍ਰਿਹ ਮੰਤਰੀ ਨਾਲ ਵੀ ਗੱਲਬਾਤ ਕੀਤੀ ਜਾ ਚੁੱਕੀ ਹੈ, ਪਰ ਇਸ ਦੇ ਬਾਵਜੂਦ ਅਜੇ ਤੱਕ ਪੰਜਾਬ ਦੇ ਮੁੱਦਿਆਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਕੇਂਦਰੀ ਮੰਤਰੀ ਵੱਲੋਂ ਸ਼ੈਲਰ ਮਾਲਕਾਂ ਨਾਲ ਵੀ ਮੁਲਾਕਾਤ ਕੀਤੀ ਗਈ ਹੈ, ਜਦਕਿ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਸੰਬੰਧ ਵਿੱਚ ਪੰਜਾਬ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਕਿਸਾਨਾਂ, ਆੜ੍ਹਤੀਆਂ, ਮਜ਼ਦੂਰਾਂ, ਸ਼ੈਲਰ ਮਾਲਕਾਂ ਅਤੇ ਵਪਾਰੀਆਂ ਦੀਆਂ ਸਮੱਸਿਆਵਾਂ ਦਾ ਹੱਲ ਕਰੇ। ਆੜ੍ਹਤੀਆਂ ਦੀ ਆੜ੍ਹਤ 2.5% ਕਰਨ ਸੰਬੰਧੀ ਫੈਸਲਾ ਲੈਣਾ, ਚਾਵਲ ਦੀ ਆਊਟ ਟਰਨ 67% ਤੋਂ 62% ਕਰਨ ਸੰਬੰਧੀ, ਕਿਉਂਕਿ ਪੀ ਆਰ- 126 ਨਵੀਂ ਕਿਸਮ ਦਾ ਚਾਵਲ ਘੱਟ ਨਿਕਲਦਾ ਹੈ, ਐੱਫ ਸੀ ਆਈ ਵੱਲ ਸ਼ੈਲਰ ਮਾਲਕਾਂ/ਆੜ੍ਹਤੀਆਂ/ ਮਜ਼ਦੂਰਾਂ ਦਾ ਬਕਾਇਆ ਵਾਪਸ ਕਰਨ ਸੰਬੰਧੀ ਮੁੱਦੇ ਕੇਂਦਰ ਸਰਕਾਰ ਦੇ ਹਨ, ਜਿਨ੍ਹਾਂ ਤੋਂ ਕੇਂਦਰ ਸਰਕਾਰ ਭੱਜ ਰਹੀ ਹੈ। ਇਸ ਲਈ ਕੇਂਦਰ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਇਹਨਾਂ ਸੰਬੰਧੀ ਜਲਦ ਤੋਂ ਜਲਦ ਫੈਸਲਾ ਲਵੇ।

ਉਨ੍ਹਾ ਕਿਹਾ ਕਿ ਮੰਡੀਆਂ ਵਿੱਚ ਖਰੀਦ ਕਾਰਜਾਂ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਕਰੀਬ 7727 ਕਰਮਚਾਰੀ ਦਿਨ-ਰਾਤ ਮਿਹਨਤ ਕਰ ਰਹੇ ਹਨ, ਜਿਨ੍ਹਾਂ ਵਿੱਚ ਮੰਡੀ ਬੋਰਡ ਦੇ ਤਕਰੀਬਨ 1275 ਪੱਕੇ ਕਰਮਚਾਰੀ, ਆਊਟਸੋਰਸ ਦੇ 452 ਕਰਮਚਾਰੀ ਅਤੇ ਸੀਜਨਲ ਪ੍ਰਬੰਧਾਂ ਲਈ 6 ਹਜ਼ਾਰ ਹੋਰ ਕਰਮਚਾਰੀ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਪੱਖੋਂ ਕਿਸਾਨਾਂ, ਮਜ਼ਦੂਰਾਂ, ਆੜ੍ਹਤੀਆਂ, ਰਾਈਸ ਮਿਲਰਾਂ, ਵਪਾਰੀਆਂ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਨੂੰ ਕਿਸੇ ਵੀ ਕਿਸਮ ਦੀ ਕੋਈ ਸਮੱਸਿਆ ਨਹੀਂ ਹੋਣ ਦਿੱਤੀ ਜਾਵੇਗੀ।

## ਕਮਲ ਸਿਨੇਮਾ ਰੋਡ ਹੁਣ ਡਾ. ਅਬਦੁੱਲ ਕਲਾਮ ਦੇ ਨਾਂਅ ਨਾਲ ਜਾਣਿਆ ਜਾਵੇਗਾ

**ਮਾਲੇਰਕੋਟਲਾ (ਅਸਗਰ ਪਰਿਹਾਰ)**-ਹਲਕਾ ਮਾਲੇਰਕਟਲਾ ਦੇ ਵਿਧਾਇਕ ਡਾ. ਮੁਹੰਮਦ ਜਮੀਲ ਉਰ ਰਹਿਮਾਨ ਵੱਲੋਂ ਤਿੰਨ ਵੱਖੋ ਵੱਖਰੇ ਪ੍ਰੋਜੈਕਟਾਂ ਅਧੀਨ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ, ਜਿਸ ਤਹਿਤ ਕਿਲ੍ਹਾ ਰਹਿਮਤਗੜ੍ਹ ਵਿਖੇ 17:60 ਲੱਖ ਰੁਪਏ ਦੀ ਲਾਗਤ ਨਾਲ ਫੁੱਟਬਾਲ ਗਰਾਊਂਡ ਵਿਖੇ ਸ਼ੈੱਡ ਪਾਇਆ ਗਿਆ ਤੋਂ ਇਲਾਵਾ 13 ਲੱਖ 81 ਹਜ਼ਾਰ ਦੀ ਲਾਗਤ ਨਾਲ ਜਮਾਲਪੁਰਾ ਵਿਖੇ ਕਮਿਊਨਿਟੀ ਹਾਲ ਦੀ ਕਾਇਆ ਕਲਪ ਕੀਤੀ ਗਈ। ਇਸ ਤੋਂ ਇਲਾਵਾ ਉਨ੍ਹਾਂ ਕਰੀਬ 97 ਲੱਖ ਰੁਪਏ ਦੀ ਲਾਗਤ ਨਾਲ ਬਣੀ ਕੇਲੋਂ ਗੇਟ ਤੋਂ ਲੈ ਕੇ ਸੱਟਾ ਬਜ਼ਾਰ ਤੱਕ ਸੜਕ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾ ਕਿਹਾ ਕਿ ਸੂਬਾ ਸਰਕਾਰ ਵਿਕਾਸ ਤੇ ਖੁਸ਼ਹਾਲੀ ਦੇ ਨਾਅਰੇ 'ਤੇ ਡੱਟ ਕੇ ਕੰਮ ਕਰ ਰਹੀ ਹੈ ਤੇ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਬਿਨਾਂ ਕਿਸੇ ਭੇਦਭਾਵ ਦੇ ਪੰਜਾਬ ਦੀ ਤਰੱਕੀ ਤੇ ਪੰਜਾਬੀਆਂ ਦੇ ਸੁੱਖ ਸਹੂਲਤ ਲਈ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਤਿਹਾਸਕ ਸ਼ਹਿਰ ਮਾਲੇਰਕੋਟਲਾ ਹਲਕੇ ਦਾ ਵਿਕਾਸ ਬਿਨਾਂ ਕਿਸੇ ਭੇਦ-ਭਾਵ ਤੋਂ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਕਾਸ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ। ਇਸ ਮੌਕੇ ਉਨ੍ਹਾਂ ਵੱਡਾ ਬਦਲਾਅ ਕਰਦਿਆਂ ਕਮਲ ਸਿਨੇਮਾ ਰੋਡ ਦਾ ਨਾਂਅ ਅੱਜ ਤੋਂ ਡਾ. ਏ.ਪੀ.ਜੇ. ਅਬਦੁੱਲ ਕਲਾਮ ਦੇ ਨਾਂਅ 'ਤੇ ਰੱਖਣ ਦਾ ਐਲਾਨ ਕੀਤਾ। ਇਸ ਮੌਕੇ ਪੀ ਏ ਸਰਪੰਚ ਗੁਰਮੁੱਖ ਸਿੰਘ ਖਾਨਪੁਰ, ਦਫ਼ਤਰ ਇੰਚਾਰਜ ਜਾਫਰ ਅਲੀ, ਬਲਾਕ ਪ੍ਰਧਾਨ ਅਬਦੁੱਲ ਹਲੀਮ ਐੱਮ ਡੀ ਮਿਲਕੋਵੈਲ, ਖੁਸ਼ੀ ਮੁਹੰਮਦ ਐੱਮ ਡੀ ਸਾਗਰ ਰਿਜ਼ੋਰਟਸ, ਬਲਾਕ ਪ੍ਰਧਾਨ ਚੰਦ ਸਿੰਘ, ਬਲਾਕ ਪ੍ਰਧਾਨ ਦਰਸ਼ਨ ਸਿੰਘ ਦਰਦੀ, ਬਲਾਕ ਪ੍ਰਧਾਨ ਸਾਬਰ ਅਲੀ ਰਤਨ, ਪ੍ਰਧਾਨ ਅਬਦੁੱਲ ਸ਼ਕੂਰ ਕਿਲ੍ਹਾ, ਮੁਹੰਮਦ ਹਬੀਬ ਐੱਮ. ਸੀ., ਸਾਬਕਾ ਪ੍ਰਧਾਨ ਇਕਬਾਲ ਫੌਜੀ, ਅਸ਼ਰਫ ਅਬਦੁੱਲਾ, ਮੁਹੰਮਦ ਨਦੀਮ ਤੋਂ ਇਲਾਵਾ ਵੱਡੀ ਗਿਣਤੀ 'ਚ ਆਮ ਆਦਮੀ ਪਾਰਟੀ ਦੇ ਵਰਕਰ ਤੇ ਆਗੂ ਹਾਜ਼ਰ ਸਨ।

## ਸਰਪੰਚ ਕਮਲਜੀਤ ਸਿੰਘ ਦੀ ਮਾਤਾ ਨਮਿਤ ਅੰਤਮ ਅਰਦਾਸ ਮੌਕੇ ਪੁੱਜੀਆਂ ਵੱਖ-ਵੱਖ ਸ਼ਖ਼ਸੀਅਤਾਂ



**ਜਲੰਧਰ: (ਰਾਜੇਸ਼ ਥਾਪਾ)** ਜੰਡਿਆਲਾ ਮੰਜਕੀ ਦੇ ਨਵੇਂ ਬਣੇ ਸਰਪੰਚ ਕਮਲਜੀਤ ਸਿੰਘ ਦੀ ਮਾਤਾ ਸ੍ਰੀਮਤੀ ਗਿਆਨ ਕੌਰ ਪਤਨੀ ਸਵਰਗਵਾਸੀ ਬਲਬੀਰ ਸਿੰਘ ਜੋ ਕਿ ਪੰਚਾਇਤੀ ਚੋਣਾਂ ਤੋਂ ਦੋ ਦਿਨ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ, ਨਮਿਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਰਾਗੀ ਸਿੰਘਾਂ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਉਪਰੰਤ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਸਹੋਤਾ ਪਰਿਵਾਰ ਦੇ ਰਾਜਨੀਤਿਕ ਖੇਤਰ ਵਿੱਚ ਪਾਏ ਯੋਗਦਾਨ ਨੂੰ ਯਾਦ ਕੀਤਾ।ਜਲੰਧਰ ਛਾਉਣੀ ਦੇ ਵਿਧਾਇਕ ਪ੍ਰਗਟ ਸਿੰਘ, ਸਾਬਕਾ ਮੰਤਰੀ ਸੁਰਿੰਦਰਪਾਲ ਸਿੰਘ ਥੰਮਣਵਾਲ, ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਨਕੋਦਰ ਹਲਕੇ ਦੇ ਕਾਂਗਰਸ ਇੰਚਾਰਜ ਡਾਕਟਰ ਨਵਜੋਤ ਸਿੰਘ ਦਾਹੀਆ, ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਸਾਬਕਾ ਵਿਧਾਇਕ, ਸਰਬਜੀਤ ਸਿੰਘ ਮੱਕੜ ਸਾਬਕਾ ਵਿਧਾਇਕ, ਬਾਬਾ ਰਜਿੰਦਰ ਸਿੰਘ ਜੌਹਲ ਸਾਬਕਾ ਜਿਲਾ ਪ੍ਰਧਾਨ, ਸੁਖਪ੍ਰੀਤ ਸਿੰਘ ਜੌਹਲ ਜਿਲਾ ਸਕੱਤਰ ਸੀ ਪੀ ਆਈ ਐਮ, ਮੱਖਣ ਲਾਲ ਪੱਲਣ ਸਾਬਕਾ ਸਰਪੰਚ, ਤਰਸੇਮ ਸਿੰਘ ਸੀ ਪੀ ਆਈ ਆਗੂ, ਕੁਲਵਿੰਦਰ ਸਿੰਘ ਮਛਿਆਣਾ ਕਿਸਾਨ ਆਗੂ, ਪਿੰਦਰ ਸਿੰਘ ਸਮਰਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਜਲੰਧਰ ਕੈਂਟ, ਸਰਪੰਚ ਹੰਸਰਾਜ ਪਬਵਾਂ, ਸਰਪੰਚ ਦਲਜੀਤ ਸਿੰਘ ਸੁੰਨੜ ਕਲਾ,ਸਰਪੰਚ ਬਲਕਾਰ ਸਿੰਘ ਧਨੀ ਪਿੰਡ ,ਅਮਰੀਕ ਸਿੰਘ ਦੀਵਾਲੀ ਨੰਬਰਦਾਰ ਸਰਪੰਚ ਸੰਦੀਪ ਕੁਮਾਰ ਦੀਵਾਲੀ, ਸਰਪੰਚ ਮਨਜੀਤ ਕੌਰ ਅਕਲਪੁਰ,ਸਰਪੰਚ ਕਮਲਜੀਤ ਸਿੰਘ ਪੰਡੋਰੀ,ਸਾਬਕਾ ਸਰਪੰਚ ਪਰਮਜੀਤ ਸਿੰਘ ਅਕਲਪੁਰ, ਜਥੇਦਾਰ ਸਰੂਪ ਸਿੰਘ ਢੇਸੀ, ਸਾਬਕਾ ਪੰਚ ਮੱਖਣ ਸਿੰਘ ਜੌਹਲ, ਮਹਿੰਦਰ ਸਿੰਘ ਧਾਲੀਵਾਲ ਫਿਰੋਜ਼ਪੁਰ,ਰਾਮਾਕਾਂਤ ਮਿਸਰਾ,ਬਲਬੀਰ ਸਿੰਘ ਢਿੱਲੋਂ,ਜਗਤਾਰ ਸਿੰਘ, ਜਸਵਿੰਦਰ ਸਿੰਘ ਸਾਬਕਾ ਬੀ ਪੀ ਈ ਓ, ਪ੍ਰਿੰਸੀਪਲ ਸਤਪਾਲ ਸੋਢੀ, ਹਰਮੇਸ਼ ਲਾਲ ਡੀਪੀਈ, ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ, ਰਸ਼ਪਾਲ ਸਿੰਘ ਸਹੋਤਾ, ਸਰਬਜੀਤ ਕੌਰ,ਸੁਰਿੰਦਰ ਕੌਰ,ਗੁਰਮੁਖ ਸਿੰਘ ਸਹੋਤਾ, ਰਣਜੀਤ ਸਿੰਘ ਸਹੋਤਾ, ਜਥੇਦਾਰ ਕੁਲਦੀਪ ਸਿੰਘ ਬਿਲਗਾ,ਜਥੇਦਾਰ ਬਲਰਾਜ ਸਿੰਘ, ਮਨਦੀਪ ਸਿੰਘ ਸਮਰਾ ਸਾਬਕਾ ਸਰਪੰਚ, ਕੁਲਦੀਪ ਵਾਲੀਆ,ਗੁਰਸੇਵ ਸਿੰਘ ਬਾਸੀ, ਕਾਮਰੇਡ ਵਿਜੇ ਧਰਨੀ ਮੁਲਾਜ਼ਮ ਆਗੂ ਤੀਰਥ ਸਿੰਘ ਬਾਸੀ, ਰਾਜਵਿੰਦਰ ਸਿੰਘ ਧਾਲੀਵਾਲ,ਬੋਬਿੰਦਰ ਸਿੰਘ,ਜੋਗਾ ਸਿੰਘ ਤੱਗੜ, ਕੁਲਦੀਪ ਸਿੰਘ ਕੌੜਾ, ਬੂਟਾ ਰਾਮ ਅਕਲਪੁਰ ਆਦਿ ਤੋਂ ਇਲਾਵਾ ਸਮੁੱਚੇ ਪੰਚਾਇਤ ਮੈਂਬਰ ਅਤੇ ਇਲਾਕੇ ਭਰ ਦੇ ਪਤਵੰਤੇ ਹਾਜ਼ਰ ਸਨ। ਸਮਾਗਮ ਦੇ ਅੰਤ ਵਿੱਚ ਮਾਤਾ ਜੀ ਦੇ ਵੱਡੇ ਬੇਟੇ ਸੁਰਜੀਤ ਸਿੰਘ ਸਹੋਤਾ ਰਿਟਾ. ਜੰਗਲਾਤ ਅਧਿਕਾਰੀ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

## ...ਸਫ਼ਾ 1 ਦੇ ਬਾਕੀ

### ਅਕਾਲੀ ਲੀਡਰਸ਼ਿਪ...

ਚੋਣ ਸਰਗਰਮੀਆਂ 'ਚ ਹਿੱਸਾ ਲੈ ਸਕਣ, ਪਰ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਕੋਈ ਵੀ ਤਨਖਾਹੀਆ ਵਿਅਕਤੀ ਜਦੋਂ ਤੱਕ ਸ੍ਰੀ ਅਕਾਲ ਤਖਤ ਦੀ ਫਸੀਲ ਤੋਂ ਤਨਖਾਹ ਨਹੀਂ ਲਗਵਾ ਲੈਂਦਾ ਅਤੇ ਉਸ ਨੂੰ ਪੂਰਾ ਨਹੀਂ ਕਰ ਲੈਂਦਾ, ਉਸ ਨੂੰ ਛੋਟ ਨਹੀਂ ਦਿੱਤੀ ਜਾ ਸਕਦੀ। ਉਨ੍ਹਾ ਇਹ ਮਾਮਲਾ ਦੀਵਾਲੀ ਤੋਂ ਬਾਅਦ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ 'ਚ ਵਿਚਾਰਨ ਦਾ ਭਰੋਸਾ ਦਿੱਤਾ ਸੀ। ਇਸ ਤੋਂ ਪਹਿਲਾਂ 1992 ਦੀਆਂ ਅਸੰਬਲੀ ਚੋਣਾਂ ਦਾ ਸ਼੍ਰੋਮਣੀ ਅਕਾਲੀ ਦਲ ਨੇ ਬਾਈਕਾਟ ਕੀਤਾ ਸੀ। ਉਸ ਸਮੇਂ ਦੌਰਾਨ ਬੇਅੰਤ ਸਿੰਘ ਮੁੱਖ ਮੰਤਰੀ ਬਣੇ, ਜਦੋਂ ਕਿ 1995 'ਚ ਗਿੱਦੜਬਾਹਾ ਦੀ ਜ਼ਿਮਨੀ ਚੋਣ ਹੋਈ ਤਾਂ ਮਨਪ੍ਰੀਤ ਸਿੰਘ ਬਾਦਲ ਉਥੋਂ ਲੜੇ ਅਤੇ ਜਿੱਤੇ। ਇਸ ਤੋਂ ਬਾਅਦ 1997 'ਚ ਸ਼੍ਰੋਮਣੀ ਅਕਾਲੀ ਦਲ ਨੇ ਭਾਜਪਾ ਨਾਲ ਮਿਲ ਕੇ ਸਰਕਾਰ ਬਣਾਈ। ਉਸ ਤੋਂ ਬਾਅਦ ਇਹ ਪਹਿਲੀ ਵਾਰ ਹੈ, ਜਦੋਂ ਅਕਾਲੀ ਦਲ ਨੇ ਚੋਣਾਂ ਤੋਂ ਹਟਣ ਦਾ ਫੈਸਲਾ ਕੀਤਾ ਹੈ। ਇਹ ਪਾਰਟੀ ਦੇਸ਼ ਦੀਆਂ ਸਭ ਤੋਂ ਪੁਰਾਣੀਆਂ ਪਾਰਟੀਆਂ ਵਿੱਚੋਂ ਇੱਕ ਹੈ।

### 'ਮੇਲਾ ਗਦਰੀ ਬਾਬਿਆਂ ...

ਮਟੀਰੀਅਲ ਦੇ ਹਿਸਾਬ ਨਾਲ ਟੇਬਲ ਲੈਣ, ਜਦੋਂ ਕਿ ਕਈਆਂ ਕੋਲ ਮਟੀਰੀਅਲ ਘੱਟ ਹੁੰਦਾ ਤੇ ਟੇਬਲ ਜ਼ਿਆਦਾ ਲਾ ਕੇ ਥਾਂ ਰੋਕ ਲੈਂਦੇ ਹਨ। ਕਈ ਵਿਕਰੇਤਾ ਇੱਕ ਸਟਾਲ ਤੋਂ ਦੂਜਾ ਜਾਲ੍ਹੀ ਸਟਾਲ ਬਣਾ ਕੇ ਇੱਕ ਦੇ ਦੋ ਬਣਾ ਲੈਂਦੇ ਹਨ, ਇਹ ਫਰਾਡ ਹੈ। ਕਮੇਟੀ ਵੱਲੋਂ ਜੋ ਬੁੱਕ ਸਟਾਲ ਕਮੇਟੀ ਬਣੀ ਹੈ, ਜਦੋਂ ਉਸ ਨੂੰ ਕਮੇਟੀ ਵਾਲੇ ਕਹਿੰਦੇ ਹਨ ਤਾਂ ਉਹ ਬੁਰਾ ਮਨਾਉਂਦੇ ਹਨ।ਇਸ ਤਰ੍ਹਾਂ ਕਰਨ ਵਾਲਿਆਂ ਨੂੰ ਕਮੇਟੀ ਦੀ ਜਨਰਲ ਬਾਡੀ ਨੇ ਫੈਸਲਾ ਕੀਤਾ ਹੈ ਕਿ ਜਗ੍ਹਾ ਨਹੀਂ ਦਿੱਤੀ ਜਾਵੇਗੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਬੁੱਕ ਸਟਾਲ ਕਮੇਟੀ ਦੇ ਕਨਵੀਨਰ ਰਮਿੰਦਰ ਸਿੰਘ ਪਟਿਆਲਾ ਤੇ ਕਮੇਟੀ ਦੇ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਨੇ ਕਿਹਾ ਕਿ ਤੁਸੀਂ ਗ਼ਦਰੀਆਂ ਦੇ ਵਿਹੜੇ ਵਿੱਚ ਆਏ ਹੋ ਤਾਂ ਸਾਨੂੰ ਖੁਸ਼ੀ ਹੋਈ ਹੈ। ਸਾਨੂੰ ਪੂਰਨ ਆਸ ਹੈ ਕਿ ਜੋ ਅਸੀਂ ਨਾਰਮ ਤਹਿ ਕਰਾਂਗੇ, ਉਹ ਤੁਸੀਂ ਮੰਨੋਗੇ। ਇਸ ਮੌਕੇ ਟਰੱਸਟੀ ਰਣਜੀਤ ਸਿੰਘ ਔਲਖ, ਡਾਕਟਰ ਸੈਲੇਸ਼, ਵਿਜੇ ਬੰਬੇਲੀ ਤੇ ਕੇਸਰ ਨੇ ਵੀ ਸੰਬੋਧਨ ਕੀਤਾ। ਕਮੇਟੀ ਦਾ ਸਹਿਯੋਗ ਦੇਣ ਲਈ ਸੁਖਰਾਜ, ਜਸਬੀਰ, ਹਰਭਜਨ, ਦੀਪ ਦਿਲਬਰ ਤੇ ਸੁਮਿਤ 'ਤੇ ਆਧਾਰਤ ਇੱਕ ਬੁੱਕ ਸਟਾਲ ਕਮੇਟੀ ਵੀ ਬਣਾਈ ਗਈ, ਜਿਸ ਦੇ ਕਨਵੀਨਰ ਦੀਪ ਦਿਲਬਰ ਹਨ। ਅਖੀਰ 'ਤੇ ਅਜਮੇਰ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ।

### ਮੁੱਖ ਮੰਤਰੀ ਵੱਲੋਂ ...

ਪੰਜ ਮੰਜ਼ਲਾ ਇਮਾਰਤ 11 ਕਰੋੜ ਰੁਪਏ ਦੀ ਲਾਗਤ ਨਾਲ ਬਣਾਈ ਗਈ ਹੈ ਅਤੇ ਇਸ ਵਿੱਚ ਸਮਾਰਟ ਕਲਾਸਰੂਮ, ਸਾਇੰਸ ਲੈਬ, ਕੰਪਿਊਟਰ ਲੈਬ, ਲਾਇਬ੍ਰੇਰੀ ਸਮੇਤ 73 ਕਮਰੇ ਹਨ। ਮਾਨ ਨੇ ਦੱਸਿਆ ਕਿ ਪਹਿਲਾਂ ਇਹ ਸਕੂਲ ਦੋ ਸ਼ਿਫਟਾਂ ਵਿੱਚ ਚੱਲਦਾ ਸੀ, ਪਰ ਹੁਣ ਵਿਦਿਆਰਥੀਆਂ ਦੀ ਭਲਾਈ ਲਈ ਇਹ ਇੱਕ ਸ਼ਿਫਟ ਵਿੱਚ ਹੀ ਚੱਲੇਗਾ।

### ਕਸ਼ਮੀਰ 'ਚ ...

ਗੱਲ ਦੀ ਪੁਸ਼ਟੀ ਕੀਤੀ ਜਾ ਰਹੀ ਹੈ ਕਿ ਇਹ ਦਹਿਸ਼ਤਗਰਦ 20 ਅਕਤੂਬਰ ਨੂੰ ਹੋਏ ਹਮਲੇ ਵਿਚ ਸ਼ਾਮਲ ਸੀ ਜਾਂ ਨਹੀਂ। ਸੂਤਰਾਂ ਨੇ ਦੱਸਿਆ ਕਿ ਫੁਟੇਜ਼ ਵਿਚ 27 ਜਨਵਰੀ ਲਿਖਿਆ ਹੈ, ਹਾਲਾਂਕਿ ਇਹ ਕਿਸੇ ਸੈਟਿੰਗ ਜਾਂ ਤਕਨੀਕੀ ਸਮੱਸਿਆ ਦੇ ਕਾਰਨ ਵੀ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਦਹਿਸ਼ਤਗਰਦ ਦੇ ਹੱਥ ਵਿਚ ਜੋ ਰਾਈਫਲ ਹੈ, ਉਸੇ ਤਰ੍ਹਾਂ ਦੀ ਰਾਈਫਲ ਪੀਰ ਪੰਜਾਲ ਖੇਤਰ ਵਿਚ ਸੁਰੱਖਿਆ ਬਲਾਂ 'ਤੇ ਕੀਤੇ ਗਏ ਹਮਲੇ ਵਿਚ ਵਰਤੀ ਗਈ ਸੀ, ਜੋ ਕਿ ਗਗਨਗੀਰ ਤੋਂ 200 ਕਿਲੋਮੀਟਰ ਦੂਰ ਹੈ। ਉਨ੍ਹਾਂ ਦੱਸਿਆ ਕਿ ਫੁਟੇਜ਼ ਵਿਚ ਦਹਿਸ਼ਤਗਰਦ ਨੇ ਆਪਣਾ ਮੂੰਹ ਨਹੀਂ ਢਕਿਆ ਹੋਇਆ, ਜਦੋਂ ਕਿ ਚਸ਼ਮਦੀਦਾਂ ਅਨੁਸਾਰ ਗਗਨਗੀਰ ਹਮਲੇ ਵਿਚ ਹਮਲਾਵਰਾਂ ਨੇ ਮੂੰਹ ਢਕਿਆ ਹੋਇਆ ਸੀ।

## ਝੋਨੇ ਦੀ ਬੇਕਦਰੀ ਖ਼ਿਲਾਫ਼ ਅੱਜ ਜਗਰਾਉਂ ਜੀ ਟੀ ਰੋਡ ਖੰਡ ਮਿੱਲ ਸਾਹਮਣੇ ਚੱਕਾ ਜਾਮ



**ਜਗਰਾਉਂ (ਨਛੱਤਰ ਸੰਧੂ)**-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਝੋਨੇ ਦੀ ਪੰਜਾਬ ਦੀਆਂ ਮੰਡੀਆਂ 'ਚ ਹੋ ਰਹੀ ਬੇਕਦਰੀ ਖ਼ਿਲਾਫ਼ 25 ਅਕਤੂਬਰ ਨੂੰ ਸਵੇਰੇ 11 ਵਜੇ ਤੋਂ 3 ਵਜੇ ਤੱਕ ਸੜਕਾਂ 'ਤੇ ਚੱਕਾ ਜਾਮ ਕੀਤਾ ਜਾ ਰਿਹਾ ਹੈ। ਇਸ ਬਾਰੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ ਨੇ ਸਮੁੱਚੇ ਇਲਾਕੇ ਦੇ ਕਿਸਾਨਾਂ ਨੂੰ ਇਸ ਲੋਹੜਿਆਂ ਦੀ ਖੱਜਲ ਖੁਆਰੀ ਖ਼ਿਲਾਫ਼ ਇਸ ਪੰਜਾਬ ਪੱਧਰੇ ਐਕਸ਼ਨ 'ਚ ਸ਼ਾਮਲ ਹੋਣ ਦੀ ਜ਼ੋਰਦਾਰ ਅਪੀਲ ਕੀਤੀ ਹੈ।ਇਸ ਸਮੇਂ ਇੰਦਰਜੀਤ ਸਿੰਘ ਧਾਲੀਵਾਲ ਜ਼ਿਲ੍ਹਾ ਸਕੱਤਰ ਨੇ ਦੱਸਿਆ ਕਿ ਮੋਰਚੇ ਨਾਲ ਜੁੜੀਆਂ ਇਲਾਕੇ 'ਚ ਸਰਗਰਮ ਕਿਸਾਨ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ, ਕਿਰਤੀ ਕਿਸਾਨ ਯੂਨੀਅਨ, ਜਮਹੂਰੀ ਕਿਸਾਨ ਸਭਾ ਤੋਂ ਬਿਨਾਂ ਗੱਲਾ ਮਜ਼ਦੂਰ ਯੂਨੀਅਨ, ਆੜ੍ਹਤੀਆ ਐਸੋਸੀਏਸ਼ਨ ਤੇ ਇਨਸਾਫਪਸੰਦ ਲੋਕ ਵੱਡੀ ਗਿਣਤੀ 'ਚ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਚਾਰ ਦਿਨ ਬੀਤਣ ਦੇ ਬਾਵਜੂਦ ਮੋਦੀ ਤੇ ਮਾਨ ਸਰਕਾਰ ਦੀਆਂ ਨਾਲਾਇਕੀਆਂ ਕਾਰਨ ਝੋਨੇ ਦੀ ਬੇਕਦਰੀ ਹੋ ਰਹੀ ਹੈ। ਉਨ੍ਹਾਂ ਸਾਰੇ ਇਲਾਕਾ ਵਾਸੀਆ ਨੂੰ ਅੰਨਦਾਤੇ ਦੀ ਦੁੱਖ ਦੀ ਘੜੀ ਸਾਥ ਦੇਣ ਦੀ ਅਪੀਲ ਕੀਤੀ । ਉਨ੍ਹਾਂ ਲੋਕਾਂ ਨੂੰ ਆਵਾਜਾਈ 'ਚ ਪੈਣ ਵਾਲੇ ਵਿਘਨ ਲਈ ਅਗਾਊਂ ਮਾਫੀ ਮੰਗਦਿਆਂ ਸਹਿਯੋਗ ਦੀ ਅਪੀਲ ਕੀਤੀ ਹੈ।

## ਫੁੱਟਬਾਲ ਸਕੂਲ 'ਚ ਰੈਜ਼ੀਡੈਂਸ਼ੀਅਲ ਅਕੈਡਮੀ ਟਰਾਇਲ ਭਲਕੇ

**ਪਟਿਆਲਾ** : ਬਾਈਚੁੰਗ ਭੂਟੀਆ ਫੁੱਟਬਾਲ ਸਕੂਲ ਵੱਲੋਂ ਬਾਈਚੁੰਗ ਭੂਟੀਆ ਫੁੱਟਬਾਲ ਸਕੂਲ ਰੈਜ਼ੀਡੈਂਸ਼ੀਅਲ ਅਕੈਡਮੀ ਟਰਾਇਲ, ਐਨਜੋਗੋ ਦੇ ਸਹਿਯੋਗ ਨਾਲ, 26 ਅਕਤੂਬਰ ਨੂੰ ਪੋਲੋ ਗਰਾਊਂਡ ਪਟਿਆਲਾ ਵਿਖੇ ਕਰਵਾਏ ਜਾਣਗੇ। ਇਹ ਟਰਾਇਲ ਖਾਸ ਤੌਰ 'ਤੇ "13 ਤੋਂ "17 ਨੌਜਵਾਨ ਫੁੱਟਬਾਲ ਟੈਲੇਂਟ ਲਈ ਆਯੋਜਿਤ ਕੀਤੇ ਗਏ ਹਨ, ਜਿੱਥੇ ਸਿਲੈਕਟਿਡ ਖਿਡਾਰੀਆਂ ਨੂੰ ਪ੍ਰਸਿੱਧ ਬੀ ਬੀ ਐੱਫ ਐੱਸ ਰੈਜ਼ੀਡੈਂਸ਼ੀਅਲ ਅਕੈਡਮੀ ਜੁਆਇਨ ਕਰਨ ਦਾ ਮੌਕਾ ਮਿਲੇਗਾ। 2009 ਅਤੇ 2016 ਦੇ ਵਿਚਕਾਰ ਜਨਮ ਲੈਣ ਵਾਲੇ ਖਿਡਾਰੀਆਂ ਲਈ ਖੁੱਲ੍ਹਾ ਇਹ ਟ੍ਰਾਇਲ, ਚਾਹਵਾਨ ਫੁੱਟਬਾਲਰਾਂ ਨੂੰ ਆਪਣੇ ਹੁਨਰ ਦਾ ਪ੍ਰਦਰਸ਼ਨ ਕਰਨ ਅਤੇ ਪ੍ਰੋਫੈਸ਼ਨਲ ਫੁੱਟਬਾਲ ਵੱਲ ਸਫ਼ਰ ਸ਼ੁਰੂ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਦਾ ਹੈ।ਅਕੈਡਮੀ ਖਿਡਾਰੀਆਂ ਲਈ ਇੰਡੀਅਨ ਨੈਸ਼ਨਲ ਟੀਮ ਵਿੱਚ ਸਥਾਨ ਹਾਸਲ ਕਰਨ ਲਈ ਇੱਕ ਸਪਰਿੰਗ ਬੋਰਡ ਵਜੋਂ ਕੰਮ ਕਰਦੀ ਹੈ, ਜਿਸ ਤਹਿਤ ਐਥਲੈਟਿਕ ਸਕਿਲਸ ਅਤੇ ਵਿਅਕਤੀਗਤ ਵਿਕਾਸ ਦੋਵਾਂ ਵੱਲ ਧਿਆਨ ਦਿੱਤਾ ਜਾਂਦਾ ਹੈ।

## ਬਾਈਚੁੰਗ ਭੂਟੀਆ ਫੁੱਟਬਾਲ ਸਕੂਲ 'ਚ ਰੈਜ਼ੀਡੈਂਸ਼ੀਅਲ ਅਕੈਡਮੀ ਟਰਾਇਲ 27 ਨੂੰ

**ਬਠਿੰਡਾ** : ਬਾਈਚੁੰਗ ਭੂਟੀਆ ਫੁੱਟਬਾਲ ਸਕੂਲ ਰੈਜ਼ੀਡੈਂਸ਼ੀਅਲ ਅਕੈਡਮੀ ਟਰਾਇਲ, ਐਨਜੋਗੋ ਦੇ ਸਹਿਯੋਗ ਨਾਲ 27 ਅਕਤੂਬਰ ਨੂੰ ਸ਼ਹੀਦ ਭਗਤ ਸਿੰਘ ਸਟੇਡੀਅਮ, ਬਠਿੰਡਾ ਵਿਖੇ ਕਰਵਾਏ ਜਾਣਗੇ। ਇਹ ਮੌਕਾ ਖਾਸ ਤੌਰ 'ਤੇ "13 ਤੋਂ "17 ਨੌਜਵਾਨ ਫੁੱਟਬਾਲ ਟੈਲੇਂਟ ਲਈ ਡਿਜ਼ਾਇਨ ਕੀਤਾ ਗਿਆ ਹੈ, ਜਿੱਥੇ ਚੁਣੇ ਗਏ ਖਿਡਾਰੀਆਂ ਨੂੰ ਇਸ ਪ੍ਰਸਿੱਧ ਰੈਜ਼ੀਡੈਂਸ਼ੀਅਲ ਅਕੈਡਮੀ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲੇਗਾ। 2009 ਅਤੇ 2016 ਵਿਚਕਾਰ ਜਨਮ ਲੈਣ ਵਾਲੇ ਖਿਡਾਰੀਆਂ ਲਈ ਖੁੱਲ੍ਹਾ ਇਹ ਟ੍ਰਾਇਲ ਚਾਹਵਾਨ ਫੁੱਟਬਾਲਰਾਂ ਨੂੰ ਆਪਣੇ ਹੁਨਰ ਦਾ ਪ੍ਰਦਰਸ਼ਨ ਕਰਨ ਅਤੇ ਪ੍ਰੋਫੈਸ਼ਨਲ ਫੁੱਟਬਾਲ ਵੱਲ ਸਫ਼ਰ ਸ਼ੁਰੂ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਦਾ ਹੈ।ਭਾਰਤੀ ਫੁੱਟਬਾਲ ਦੇ ਮਹਾਨ ਖਿਡਾਰੀ ਬਾਈਚੁੰਗ ਭੂਟੀਆ ਨੇ ਕਿਹਾ—ਸਾਡਾ ਮੰਨਣਾ ਹੈ ਕਿ ਫੁੱਟਬਾਲ ਇੱਕ ਅਜਿਹੀ ਖੇਡ ਹੈ, ਜੋ ਦੇਸ਼ ਦੀ ਹਰ ਨੌਜਵਾਨ ਪ੍ਰਤਿਭਾ ਲਈ ਪਹੁੰਚਯੋਗ ਹੋਣੀ ਚਾਹੀਦੀ ਹੈ, ਚਾਹੇ ਉਹ ਕਿੱਥੋਂ ਵੀ ਆਏ ਹੋਣ। ਇਹ ਟਰਾਇਲ ਪੰਜਾਬ ਦੇ ਨੌਜਵਾਨ ਖਿਡਾਰੀਆਂ ਲਈ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਦਿਸ਼ਾ ਵੱਲ ਪਹਿਲਾ ਕਦਮ ਚੁੱਕਣ ਦਾ ਮੌਕਾ ਹਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

25-Oct-PAGE-3.qxd 10/24/2024 10:56 PM Page 1



# ਫੂਡ ਸੇਫਟੀ ਵਿਭਾਗ ਨੇ ਖਾਣ-ਪੀਣ ਦਾ ਸਮਾਨ ਵੇਚਣ ਵਾਲੀਆਂ ਦੁਕਾਨਾਂ ਦੀ ਕੀਤੀ ਚੈਕਿੰਗ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)

ਮਾਣਯੋਗ ਕਮਿਸ਼ਨਰ, ਫੂਡ ਅਤੇ ਡਰੱਗਜ਼ ਐਡਮਜਿਸਟ੍ਰੇਸ਼ਨ , ਪੰਜਾਬ ਡਾ. ਅਭਿਨਵ ਤ੍ਰਿਖਾ ਅਤੇ ਡਿਪਟੀ ਕਮਿਸਨਰ ਗੁਰਦਾਸਪੁਰ ਉਮਾ ਸ਼ੰਕਰ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਫੂਡ ਸੇਫਟੀ ਟੀਮ ਗੁਰਦਾਸਪੁਰ ਵੱਲੋਂ ਡਾ. ਜੀ. ਐਸ. ਪੰਨੂ ਸਹਾਇਕ ਕਮਿਸ਼ਨਰ ਫੂਡ ਗੁਰਦਾਸਪੁਰ ਦੀ ਅਗਵਾਈ ਵਿੱਚ ਗੁਰਦਾਸਪੁਰ, ਬਟਾਲਾ ਅਤੇ ਧਾਰੀਵਾਲ ਵਿੱਚ ਵੱਖ-ਵੱਖ ਖਾਣ-ਪੀਣ ਦਾ ਸਮਾਨ ਵੇਚਣ ਵਾਲੀਆਂ ਦੁਕਾਨਾਂ ਦੀ ਚੈਕਿੰਗ ਕੀਤੀ ਗਈ, ਜਿਨ੍ਹਾ ਵਿੱਚ ਤਿਉਹਾਰਾਂ ਨੂੰ ਮੁੱਖ ਰੱਖਦਿਆਂ ਮਠਿਆਈ ਵਿਕ੍ਰੇਤਾ ਅਤੇ ਡੇਅਰੀਆਂ ਤੋਂ ਮਠਿਆਈਆਂ, ਦੁੱਧ, ਪਨੀਰ, ਦਹੀਂ ਆਦਿ ਦੇ ਸੈਂਪਲ ਲਏ ਗਏ। ਡਾ. ਪੰਨੂ ਨੇ ਦੱਸਿਆ ਕਿ ਤਿਉਹਾਰਾਂ ਨੂੰ ਮੁੱਖ ਰੱਖਦੇ ਹੋਏ ਆਮ ਜਨਤਾ ਨੂੰ ਸਾਫ ਸੁਥਰੀਆਂ ਅਤੇ ਮਿਲਾਵਟ ਤੋਂ ਰਹਿਤ ਖਾਣ ਪੀਣ ਦੀਆਂ ਵਸਤਾਂ ਮੁਹੱਈਆ ਕਰਵਾਉਣ ਲਈ ਅੱਜ ਚੈਕਿੰਗ ਕੀਤੀ ਗਈ, ਜਿਸ ਵਿੱਚ ਦੁਕਾਨਦਾਰਾਂ ਨੂੰ ਸਾਫ-ਸਫਾਈ ਰੱਖਣ, ਹੱਥਾਂ 'ਤੇ ਦਸਤਾਨੇ, ਸਿਰ 'ਤੇ ਟੋਪੀ, ਐਪਰਨ ਪਾਉਣ ਦੀ ਹਦਾਇਤ ਕੀਤੀ ਗਈ ਅਤੇ ਨਾਲ ਹੀ ਫੂਡ ਸੇਫਟੀ ਅਤੇ ਸਟੈਂਡਰਡ ਐਕਟ ਤਹਿਤ ਲਾਈਸੈਂਸ ਜਾਂ ਰਜਿਸ਼ਟ੍ਰੇਸ਼ਨ ਕਰਵਾਉਣ ਲਈ ਕਿਹਾ ਗਿਆ ਹੈ।ਉਨ੍ਹਾਂ ਖਾਣ ਪੀਣ ਦੀਆ ਵਸਤੂਆਂ ਨੂੰ ਢਕ ਕੇ ਰੱਖਣ ਦੀ ਹਦਾਇਤ ਵੀ ਦੁਕਾਨਦਾਰਾਂ ਨੂੰ ਕੀਤੀ ਗਈ। ਇਸ ਦੇ ਨਾਲ ਹੀ ਉਨ੍ਹਾ ਆਮ ਜਨਤਾ ਨੂੰ ਅਪੀਲ ਕਰਦਿਆਂ ਰੰਗਦਾਰ ਮਠਿਆਈਆਂ ਦੀ ਵਰਤੋਂ ਘੱਟ ਕਰਨ ਦੀ ਸਲਾਹ ਦਿੱਤੀ ਗਈ। ਉਨ੍ਹਾਂ ਅੱਗੇ ਦੱਸਿਆ ਕਿ ਲਏ ਸੈਂਪਲ ਫੂਡ ਲੈਬ ਖਰੜ ਵਿਖੇ ਭੇਜ ਦਿੱਤੇ ਗਏ ਹਨ ਜਿਨ੍ਹਾਂ ਦੀ ਰਿਪੋਰਟ ਆਉਣ ਉਪਰੰਤ ਫੂਡ ਸੇਫਟੀ ਐਕਟ ਤਹਿਤ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਟੀਮ ਵਿੱਚ ਰਮਨ ਵਿਰਦੀ , ਫੂਡ ਸੇਫਟੀ ਅਫਸਰ, ਸਿਮਰਤ ਕੌਰ ਫੂਡ ਸੇਫਟੀ ਅਫਸਰ ਆਦਿ ਹਾਜ਼ਰ ਸਨ ।

# ਡਾ. ਮਹਿਲ ਸਿੰਘ ਖ਼ਾਲਸਾ 'ਵਰਸਿਟੀ ਦੇ ਉਪ-ਕੁਲਪਤੀ ਨਿਯੁਕਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)

ਪੰਜਾਬੀ ਦੇ ਉੱਘੇ ਸਾਹਿਤਕਾਰ ਅਤੇ ਇਤਿਹਾਸਕ ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਨੂੰ ਅੱਜ ਖਾਲਸਾ ਯੂਨੀਵਰਸਿਟੀ, ਅੰਮ੍ਰਿਤਸਰ ਦਾ ਉਪ-ਕੁਲਪਤੀ ਨਿਯੁਕਤ ਕੀਤਾ ਗਿਆ। ਉਨ੍ਹਾਂ 'ਵਰਸਿਟੀ ਦੇ ਚਾਂਸਲਰ ਸੱਤਿਆਜੀਤ ਸਿੰਘ ਮਜੀਠੀਆ ਅਤੇ ਪ੍ਰੋ-ਚਾਂਸਲਰ ਰਜਿੰਦਰ ਮੋਹਨ ਸਿੰਘ ਛੀਨਾ ਅਤੇ ਗਵਰਨਿੰਗ ਬਾਡੀ ਦੇ ਮੈਂਬਰਾਂ ਦੀ ਮੌਜੂਦਗੀ 'ਚ ਦਫ਼ਤਰ ਦਾ ਚਾਰਜ ਸੰਭਾਲਿਆ। ਉਨ੍ਹਾਂ ਤੋਂ ਇਲਾਵਾ ਡਾ. ਖੁਸ਼ਵਿੰਦਰ ਨੂੰ 'ਵਰਸਿਟੀ ਦਾ ਰਜਿਸਟਰਾਰ, ਡਾ. ਸੁਰਿੰਦਰ ਕੌਰ ਨੂੰ ਡੀਨ ਅਕਾਦਮਿਕ, ਡਾ. ਆਰ. ਕੇ. ਧਵਨ ਨੂੰ ਡੀਨ ਰਿਸਰਚ ਅਤੇ ਡਾ. ਕੰਵਲਜੀਤ ਸਿੰਘ ਨੂੰ ਕੰਟਰੋਲਰ ਐਗਜਾਮੀਨੇਸ਼ਨ ਵਜੋਂ ਤਾਇਨਾਤ ਕੀਤਾ ਗਿਆ। ਪ੍ਰਿੰ: ਡਾ. ਮਹਿਲ ਸਿੰਘ ਜੋ ਕਿ ਇਕ ਜਾਣੇ-ਪਛਾਣੇ ਸਿੱਖਿਆ ਸ਼ਾਸਤਰੀ ਹਨ, ਨੂੰ ਵੱਖ-ਵੱਖ ਸੰਸਥਾਵਾਂ ਦੇ ਪ੍ਰਿੰਸੀਪਲ ਵਜੋਂ 35 ਸਾਲਾਂ ਤੋਂ ਵਧੇਰੇ ਟੀਚਿੰਗ ਅਤੇ ਪ੍ਰਸ਼ਾਸਨਿਕ ਤਜਰਬਾ ਹਾਸਲ ਹੈ। ਉਨ੍ਹਾਂ ਨੂੰ ਯੂਨੀਵਰਸਿਟੀ ਦੀ ਗਵਰਨਿੰਗ ਬਾਡੀ ਦੁਆਰਾ ਪਿਛਲੇ ਦਿਨੀਂ ਵਿਸ਼ੇਸ਼ ਗਠਿਤ ਕੀਤੀ ਗਈ ਖੋਜ ਅਤੇ ਸਕਰੀਨਿੰਗ ਕਮੇਟੀ ਵੱਲੋਂ ਪ੍ਰਾਪਤ ਅਰਜ਼ੀਆਂ ਦੀ ਘੋਖ ਉਪਰੰਤ ਚੁਣਿਆ ਗਿਆ ਹੈ। ਇਸ ਮੌਕੇ ਚਾਂਸਲਰ ਮਜੀਠੀਆ ਨੇ ਨਵੀਂ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਖਾਲਸਾ ਯੂਨੀਵਰਸਿਟੀ ਸੂਬੇ 'ਚ ਬਿਹਤਰੀਨ ਉਚੇਰੀ ਸਿੱਖਿਆ ਪ੍ਰਦਾਨ ਕਰਨ ਲਈ ਦਿਨ-ਰਾਤ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਰਵਾਇਤੀ ਕੋਰਸਾਂ ਤੋਂ ਹਟ ਕੇ ਯੂਨੀਵਰਸਿਟੀ 'ਚ ਮੌਜੂਦਾ ਸਮੇਂ ਦੀ ਜ਼ਰੂਰਤ ਮੁਤਾਬਕ ਕੋਰਸਾਂ ਦੀ ਸ਼ੁਰੂਆਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਯੂਨੀਵਰਸਿਟੀ 'ਚ ਟੈਕਨੀਕਲ ਕੋਰਸਾਂ ਤੋਂ ਇਲਾਵਾ ਖੋਜ 'ਤੇ ਜ਼ਿਆਦਾ ਧਿਆਨ ਕੇਂਦਰਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਲਦ ਖ਼ਾਲਸਾ ਯੂਨੀਵਰਸਿਟੀ 'ਚ ਪੀ. ਐੱਚ. ਡੀ. ਤੋਂ ਇਲਾਵਾ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕਲਾਸਾਂ ਦੀ ਸ਼ੁਰੂਆਤ ਹੋਵੇਗੀ। ਡਾ. ਮਹਿਲ ਸਿੰਘ ਜੋ ਕਿ ਪੀ. ਐੱਚ. ਡੀ (ਪੰਜਾਬੀ) ਹਨ, 22 ਤੋਂ ਵਧੇਰੇ ਪੁਸਤਕਾਂ ਲਿਖ ਚੁੱਕੇ ਹਨ ਅਤੇ ਉਨ੍ਹਾਂ ਦੇ 44 ਤੋਂ ਜ਼ਿਆਦਾ ਖੋਜ ਪੱਤਰ ਅਤੇ ਲੇਖ ਪ੍ਰਕਾਸ਼ਿਤ ਹੋ ਚੁੱਕੇ ਹਨ। ਉਨ੍ਹਾਂ ਮੈਨੇਜਮੈਂਟ ਵੱਲੋਂ ਉਨ੍ਹਾਂ ਨੂੰ ਇਸ ਅਹੁਦੇ 'ਤੇ ਬਿਰਾਜਮਾਨ ਕਰਨ ਲਈ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਉਹ ਯੂਨੀਵਰਸਿਟੀ ਨੂੰ ਬੁਲੰਦੀਆਂ ਤੱਕ ਪਹੁੰਚਾਉਣ 'ਚ ਕੋਈ ਕਸਰ ਨਹੀਂ ਛੱਡਣਗੇ। ਪ੍ਰੋ-ਚਾਂਸਲਰ ਛੀਨਾ ਨੇ ਕਿਹਾ ਕਿ ਮੈਨੇਜਮੈਂਟ ਨੂੰ ਡਾ. ਮਹਿਲ ਸਿੰਘ ਦੇ ਲੰਬੇ ਤਜਰਬੇ ਤੋਂ ਫ਼ਾਇਦਾ ਮਿਲੇਗਾ। ਇਸ ਮੌਕੇ ਰਜਿਸਟਰਾਰ ਡਾ. ਖੁਸ਼ਵਿੰਦਰ ਅਤੇ ਡੀਨ ਡਾ. ਸੁਰਿੰਦਰ, ਡਾ. ਧਵਨ, ਡਾ. ਕੰਵਲਜੀਤ ਸਿੰਘ ਨੇ ਵੀ ਮੈਨੇਜਮੈਂਟ ਦਾ ਧੰਨਵਾਦ ਕਰਦਿਆਂ ਯੂਨੀਵਰਸਿਟੀ ਦੇ ਵਿਕਾਸ ਅਤੇ ਪ੍ਰਗਤੀ ਲਈ ਅਣਥੱਕ ਮਿਹਨਤ ਕਰਨ ਅਤੇ ਵਧੀਆ ਮੁੱਲ-ਅਧਾਰਿਤ ਅਤੇ ਉਦਯੋਗ-ਮੁਖੀ ਕੋਰਸ ਮੁਹੱਈਆ ਕਰਵਾਉਣ ਦਾ ਭਰੋਸਾ ਦਿਵਾਇਆ।

# ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ ਸਮਾਰੋਹ 17 ਨੂੰ

ਗੁਰਦਾਸਪੁਰ, (ਜਨਕ ਮਹਾਜਨ)- ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਦੀ ਵਿਸ਼ੇਸ਼ ਇਕੱਤਰਤਾ ਸਥਾਨਕ ਸ਼ਹੀਦ ਬਲਜੀਤ ਸਿੰਘ ਯਾਦਗਾਰੀ ਹਾਲ ਜੇਲ੍ਹ ਰੋਡ ਗੁਰਦਾਸਪੁਰ ਵਿਖੇ ਜਿਲ੍ਹਾ ਸਾਹਿਤ ਕੇਂਦਰ ਦੇ ਪ੍ਰਧਾਨ ਡਾਕਟਰ ਲੇਖ ਰਾਜ ਦੀ ਪ੍ਰਧਾਨਗੀ ਹੇਠ ਹੋਈ ਜਿਸ ਦੌਰਾਨ ਪੰਜਾਬੀ ਕਹਾਣੀ ਦੇ ਪਿਤਾਮਾ ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ ਸਨਮਾਨ ਸਮਾਰੋਹ 17 ਨਵੰਬਰ ਦਿਨ ਐਤਵਾਰ ਨੂੰ ਹਰ ਸਾਲ ਵਾਂਗ ਸਥਾਨਕ ਰਾਮ ਸਿੰਘ ਦੱਤ ਯਾਦਗਾਰੀ ਭਵਨ ਗੁਰਦਾਸਪੁਰ ਵਿਖੇ ਕਰਵਾਉਣ ਦਾ ਫ਼ੈਸਲਾ ਹੋਇਆ। ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ ਮੁੱਖ ਸਨਮਾਨ ਪ੍ਰਸਿਧ ਕਹਾਣੀਕਾਰ ਰਤਨ ਸਿੰਘ ਕੰਵਲ ਵਾਸੀ ਅਨੰਤਨਾਗ (ਜੰਮੂ -ਕਸ਼ਮੀਰ) ਅਤੇ ਉਤਸ਼ਾਹ ਵਰਧਕ ਸਨਮਾਨ ਕਹਾਣੀਕਾਰ ਅਲਫ਼ਾਜ਼ ਨੂੰ ਦੇਣ ਦਾ ਫ਼ੈਸਲਾ ਹੋਇਆ। ਇਸ ਤੋਂ ਇਲਾਵਾ ਆਰਥਕ -ਸਮਾਜਿਕ ਮੁੱਦਿਆਂ ਦੇ ਮਾਹਰ ਡਾਕਟਰ ਨਿਰਮਲ ਸਿੰਘ ਅਜ਼ਾਦ ਯਾਦਗਾਰੀ ਸਨਮਾਨ ਵਿਸ਼ਵ ਪ੍ਰਸਿੱਧ ਲੇਖਕ ਡਾ. ਧਰਮ ਸਿੰਘ ਗੁਰਾਇਆ ਨੂੰ ਦਿੱਤਾ ਜਾਵੇਗਾ। ਇਸ ਵਾਰ ਵਿਚਾਰ-ਚਰਚਾ ਦਾ ਵਿਸ਼ਾ 'ਖੁਸ਼ਹਾਲੀ ਤੋਂ ਬਦਹਾਲੀ ਵੱਲ ਵਧ ਰਿਹਾ ਪੰਜਾਬ' ਹੋਵੇਗਾ ਅਤੇ ਮੁੱਖ ਬੁਲਾਰੇ ਸਮਾਜਿਕ ਮਸਲਿਆਂ ਦੇ ਸਾਰਥਕ ਵਿਸ਼ਲੇਸ਼ਕ ਡਾ. ਪਿਆਰਾ ਲਾਲ ਗਰਗ ਹੋਣਗੇ। ਇਸ ਇਕੱਤਰਤਾ ਵਿੱਚ ਡਾ. ਲੇਖ ਰਾਜ, ਮੱਖਣ ਕੁਹਾੜ, ਸੀਤਲ ਸਿੰਘ ਗੁੰਨੋਪੁਰੀ, ਮੰਗਤ ਚੰਚਲ, ਗੁਰਮੀਤ ਸਿੰਘ ਬਾਜਵਾ, ਬੂਟਾ ਰਾਮ ਆਜ਼ਾਦ, ਸੋਹਣ ਸਿੰਘ, ਕਪੂਰ ਸਿੰਘ ਘੁੰਮਣ, ਗੁਰਪ੍ਰੀਤ ਸਿੰਘ ਰੰਗੀਲਪੁਰ, ਡਾ. ਰਜਵਿੰਦਰ ਕੌਰ ਨਾਗਰਾ ਅਤੇ ਅਮਰਜੀਤ ਸਿੰਘ ਆਦਿ ਨੇ ਭਾਗ ਲਿਆ। ਪੰਜਾਬ ਪੱਧਰੀ ਇਹ ਸਮਾਗਮ ਜੋ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਕੀਤਾ ਜਾਂਦਾ ਹ, ਵਿੱਚ ਪੰਜਾਬ ਦੇ ਹਰ ਪੱਖੋਂ ਪਿਛਾਂਹ ਜਾਣ ਦੇ ਕਾਰਨਾਂ ਅਤੇ ਉਪਾਵਾਂ ਨੂੰ ਧਿਆਨ ਵਿੱਚ ਰੱਖ ਕੇ ਗੰਭੀਰ ਵਿਚਾਰ ਚਰਚਾ ਕੀਤੀ ਜਾਵੇਗੀ।

# ਚੋਚਨਾ 'ਚ ਹਰਜਿੰਦਰ ਕੌਰ ਸਰਬਸੰਮਤੀ ਨਾਲ ਬਣੇ ਸਰਪੰਚ ਨੇ ਵੋਟਰਾਂ ਦਾ ਕੀਤਾ ਧੰਨਵਾਦ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਵਿਧਾਨ ਸਭਾ ਹਲਕਾ ਕਾਦੀਆਂ ਅਧੀਨ ਆਉਂਦੇ ਪਿੰਡ ਚੋਚਨਾ ਦੇ ਨਵੇਂ ਬਣੇ ਸਰਬਸੰਮਤੀ ਨਾਲ ਸਰਪੰਚ ਹਰਜਿੰਦਰ ਕੌਰ ਪਤਨੀ ਗੁਰਮੇਜ ਸਿੰਘ ਅਤੇ ਉਨ੍ਹਾਂ ਦੇ ਪਿਤਾ ਸੁਲੱਖਣ ਸਿੰਘ ਸਮੇਤ ਮੈਂਬਰ ਬਲਦੇਵ ਸਿੰਘ, ਸ਼ਮਸ਼ੇਰ ਸਿੰਘ, ਹਰਵਿੰਦਰ ਕੌਰ, ਬਖਸ਼ੀਸ਼ ਸਿੰਘ, ਵੀਨਾ ਦੇਵੀ , ਕੁਲਦੀਪ ਸਿੰਘ ਵੱਲੋਂ ਸਮੂਹ ਵੋਟਰਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਤੇ ਕਿਹਾ ਕਿ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡ ਦਾ ਵਿਕਾਸ ਕਰਵਾਇਆ ਜਾਵੇਗਾ। ਉਹਨਾਂ ਇਲਾਕੇ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿੰਡ ਦੇ ਸਮੂਹ ਵੋਟਰਾਂ ਤੇ ਸਪੋਰਟਰਾਂ ਦੇ ਉਹ ਹਮੇਸ਼ਾ ਰਿਣੀ ਰਹਿਣਗੇ ਤੇ ਪਿੰਡ ਦੇ ਵਿਕਾਸ ਵਿੱਚ ਕੋਈ ਵੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਹਮੇਸ਼ਾ ਹੀ ਲੋਕਾਂ ਦੇ ਦਿਲਾਂ 'ਤੇ ਰਾਜ ਕਰਦੀ ਹੈ ਤੇ ਹਮੇਸ਼ਾ ਕਰਦੀ ਰਹੇਗੀ। ਉਹਨਾਂ ਕਿਹਾ ਕਿ ਪਿੰਡ ਦੇ ਵਿੱਚ ਵਿਕਾਸ ਕਾਰਜਾਂ ਨੂੰ ਲੈ ਕੇ ਕਿਸੇ ਤਰ੍ਹਾਂ ਦਾ ਕੋਈ ਵੀ ਵਿਤਕਰਾ ਨਹੀਂ ਕੀਤਾ ਜਾਵੇਗਾ ।

## ਨਜਾਇਜ਼ ਸ਼ਰਾਬ ਸਮੇਤ ਕਾਬੂ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਥਾਣਾ ਧਾਰੀਵਾਲ ਦੀ ਪੁਲਸ ਨੇ 6000 ਐਮ ਐਲ ਨਜਾਇਜ ਸ਼ਰਾਬ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਇਸ ਸਬੰਧੀ ਥਾਣਾ ਧਾਰੀਵਾਲ ਦੇ ਐਸ ਐਸ ਓ ਇੰਸਪੈਕਟਰ ਬਲਜੀਤ ਕੌਰ ਨੇ ਦੱਸਿਆ ਕਿ ਏ ਐਸ ਆਈ ਗੁਰਮੇਜ ਸਿੰਘ ਨੇ ਸਮੇਤ ਪੁਲਸ ਪਾਰਟੀ ਭੈੜੇ ਪੁਰਸ਼ਾਂ ਦੀ ਤਲਾਸ਼ ਵਿੱਚ ਗਸ਼ਤ ਕਰਦੇ ਸਮੇਂ ਡਰੇਨ ਪੁਲੀ ਪਿੰਡ ਸਿੰਘਪੁਰਾ ਤੋਂ ਰਕੇਸ਼ ਪੁੱਤਰ ਨੀਲਾ ਮਸੀਹ ਵਾਸੀ ਗਾਜੀਆਂ ਥਾਣਾ ਸਦਰ ਗੁਰਦਾਸਪੁਰ ਨੂੰ 6000 ਐਮ ਐਲ ਸ਼ਰਾਬ ਨਜਾਇਜ਼ ਸਮੇਤ ਕਾਬੂ ਕਰਕੇ ਉਸ ਵਿਰੁੱਧ ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ।

## ਡਾ. ਗੁਰਦਿਆਲ ਸਿੰਘ ਫੂਲ ਯਾਦਗਾਰੀ ਮੁਕਾਬਲੇ ਕਰਵਾਏ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਡਾਕਟਰ ਗੁਰਦਿਆਲ ਸਿੰਘ ਫੂਲ ਯਾਦਗਾਰੀ ਮੁਕਾਬਲੇ ਮੰਚ ਲੋਕ ਅੰਮ੍ਰਿਤਸਰ ਵੱਲੋਂ ਕਰਵਾਏ ਗਏ। ਇਸ ਸਾਲ ਇਹ ਮੁਕਾਬਲੇ




ਆਯੋਜਨ ਹੁੰਦਿਆਂ ਨੂੰ 25 ਸਾਲ ਹੋ ਗਏ ਹਨ। ਇਲਾਕੇ ਦੇ ਵੱਖ ਵੱਖ ਸਕੂਲਾਂ ਦੇ ਨਾਲ ਨਾਲ ਸ੍ਰੀ ਗੁਰੂ ਹਰਗੋਬਿੰਦ ਸੀ ਸੈ ਸਕੂਲ ਸੈਦੋਲਹਿਲ ਦੇ ਵਿਦਿਆਰਥੀਆਂ ਨੇ ਵੀ ਹਿੱਸਾ ਲਿਆ ਅਤੇ ਸਕੂਲ ਅਤੇ ਆਪਣੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ। ਖੁਸ਼ਪ੍ਰੀਤ ਕੌਰ ਅਤੇ ਰਵਨੀਤ ਕੌਰ ਨਾਅਰਾ ਲੇਖਣ, ਗੁਰਸੇਵਕ ਸਿੰਘ ਭਾਸ਼ਣ ਅਤੇ ਅਸ਼ਨੂਰ ਕੌਰ ਨੇ ਸੁੰਦਰ ਲਿਖਾਈ ਖੁਸ਼ਪ੍ਰੀਤ ਕੌਰ, ਸੁਖਮਪ੍ਰੀਤ ਕੌਰ, ਸਹਿਜਪ੍ਰੀਤ ਕੌਰ , ਨਵਦੀਪ ਕੌਰ ਅਤੇ ਗੁਰਲੀਨ ਕੌਰ ਨੇ ਕੁਇਜ ਮੁਕਾਬਲੇ ਵਿੱਚ ਇਨਾਮ ਪ੍ਰਾਪਤ ਕੀਤੇ । ਇਨਾਮ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਸਕੂਲ ਦੇ ਡਾਇਰੈਕਟਰ ਡਾਕਟਰ ਇੰਦਰਜੀਤ ਸਿੰਘ ਗੁਮਟਾਲਾ, ਪ੍ਰਿੰਸੀਪਲ ਬਲਵਿੰਦਰ ਕੌਰ ਨੇ ਸਨਮਾਨਤ ਕੀਤਾ । ਇਸ ਮੌਕੇ ਮੈਡਮ ਕਿਰਨ ਬਾਲਾ, ਨਵਨੀਤ ਕੌਰ, ਨਰਿੰਦਰ ਕੌਰ, ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।

## ਡੇਹਰੀਵਾਲ ਦਾ ਵਿਕਾਸ ਸਿਖਰਾਂ 'ਤੇ ਪਹੁੰਚਾਇਆ ਜਾਵੇਗਾ : ਸਰਪੰਚ ਔਜਲਾ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ



ਅਤੇ ਬਲਾਕ ਤਰਸਿੱਕਾ ਦੇ ਪਿੰਡ ਡੇਹਰੀਵਾਲ ਤੋਂ ਨਵ-ਨਿਯੁਕਤ ਸਰਪੰਚ ਪਰਮਿੰਦਰ ਸਿੰਘ ਔਜਲਾ ਨੇ ਕਿਹਾ ਕਿ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਦੀ ਅਗਵਾਈ ਹੇਠ ਪਿੰਡ ਦੇ ਵਿਕਾਸ ਨੂੰ ਸਿਖਰਾਂ ਤੱਕ ਪਹੁੰਚਾਉਣ ਲਈ ਹਰ ਸੰਭਵ ਯਤਨ ਕਰਾਂਗਾ ਤੇ ਬਿਨਾਂ ਕਿਸੇ ਭੇਦਭਾਵ ਦੇ ਪਿੰਡ ਨਿਵਾਸੀਆਂ ਦੇ ਹਰ ਦੁੱਖ ਸੁੱਖ ਵਿੱਚ ਸ਼ਾਮਿਲ ਹੋਵਾਂਗਾ।ਪੱਤਰਕਾਰਾਂ ਨਾਲ ਇੱਕ ਮੁਲਾਕਾਤ ਦੌਰਾਨ ਸਰਪੰਚ ਪਰਮਿੰਦਰ ਸਿੰਘ ਔਜਲਾ ਨੇ ਕਿਹਾ ਕਿ ਉਹ ਪਿੰਡ ਵਾਸੀਆਂ ਦੇ ਬਹੁਤ ਹੀ ਰਿਣੀ ਹਨ ਜਿਨ੍ਹਾਂ ਨੇ ਪੰਚਾਇਤ ਚੋਣਾਂ ਵਿੱਚ ਉਹਨਾਂ ਦੇ ਹੱਕ ਵਿੱਚ ਫਤਵਾ ਦਿੱਤਾ ਹੈ। ਜਿਸ ਉਮੀਦ ਨਾਲ ਪਿੰਡ ਵਾਸੀਆਂ ਨੇ ਮੈਨੂੰ ਸਰਪੰਚ ਬਣਾਇਆ ਹੈ ਮੈਂ ਉਸੇ ਹੀ ਤਰ੍ਹਾਂ ਪਿੰਡ ਵਾਸੀਆਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਦਾ ਯਤਨ ਕਰਦਾ ਰਹਾਂਗਾ। ਉਹਨਾਂ ਕਿਹਾ ਕਿ ਪਿੰਡ ਵਿੱਚ ਅਜਿਹੀ ਮੁਹਿੰਮ ਚਲਾਈ ਜਾਵੇਗੀ ਜਿਸ ਤਹਿਤ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਜਿਹੀਆਂ ਅਲਾਮਤਾਂ ਤੋਂ ਦੂਰ ਕਰਕੇ ਪਿੰਡ ਨੂੰ ਨਸ਼ਾ ਮੁਕਤ ਕਰਨ ਦਾ ਟੀਚਾ ਪੂਰਾ ਕੀਤਾ ਜਾ ਸਕੇ।

## ਮਿਡਲ ਸਕੂਲ ਵਿਖੇ ਮਾਪੇ-ਅਧਿਆਪਕ ਮਿਲਣੀ ਕਰਾਈ

ਟਾਂਗਰਾ (ਲਾਡੀ ਮੱਲ੍ਹੀ)-ਪਿੰਡ ਜੋਧਾਨਗਰੀ ਦੇ ਮਿਡਲ ਸਕੂਲ ਵਿਚ ਮਾਪੇ-ਅਧਿਆਪਕ ਮਿਲਣੀ ਸਬੰਧੀ ਇੱਕ ਸੈਮੀਨਾਰ ਪ੍ਰਿੰਸੀਪਲ ਹਰਜੋਤ ਕੌਰ ਦੀ ਅਗਵਾਈ ਵਿਚ ਕਰਵਾਇਆ ਗਿਆ । ਜਿਸ ਵਿੱਚ ਸਕੂਲ ਦੇ ਅਧਿਆਪਕਾਂ, ਬੱਚਿਆਂ ਦੇ ਮਾਪਿਆਂ ਅਤੇ ਪਤਵੰਤਿਆਂ ਨੇ ਸ਼ਿਰਕਤ ਕੀਤੀ ।ਬੱਚਿਆਂ ਨੂੰ ਮਾਪਿਆਂ,



ਅਧਿਆਪਕਾਂ ਦਾ ਸਤਿਕਾਰ ਅਤੇ ਚੁਗਿਰਦੇ ਦੀ ਸਾਫ ਸਫ਼ਾਈ ਦਾ ਖਿਆਲ, ਘਰ ਵਿਚ ਜਾ ਕੇ ਪੜ੍ਹਾਈ ਕਰਨ ਅਤੇ ਮਾਪਿਆਂ ਨੂੰ ਬੱਚਿਆਂ ਤੋਂ ਕੀਤੇ ਹੋਮ ਵਰਕ ਦੀ ਜਾਣਕਾਰੀ ਹਾਸਲ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਦੱਸਿਆ ਗਿਆ ਕਿ ਸਕੂਲ ਵਿਚ ਪੰਜਾਬੀ, ਹਿੰਦੀ ਅਤੇ ਪੀ ਟੀ ਆਈ ਅਧਿਆਪਕਾਂ ਦੀ ਘਾਟ ਕਰਕੇ ਬੱਚਿਆਂ ਦੀ ਗਿਣਤੀ ਪ੍ਰਭਾਵਿਤ ਹੋ ਰਹੀ ਹੈ।ਬੱਚਿਆਂ ਦੇ ਮਾਪਿਆਂ ਨੇ ਕਿਹਾ ਕਿ ਸਫਾਈ ਸੇਵਕਾਂ ਦੀ ਕਮੀ ਕਾਰਨ ਸਕੂਲ ਦੀ ਸਫ਼ਾਈ ਵੀ ਨਹੀਂ ਹੁੰਦੀ ਅਤੇ ਬੱਚੇ ਖੇਡਾਂ ਤੋਂ ਵੀ ਵਿਹੂਣੇ ਹਨ। ਜਦ ਕਿ ਗਰਾਊਂਡ ਵੀ ਹੈ। ਸਰਕਾਰ ਤੋਂ ਮੰਗ ਹੈ ਕਿ ਸਟਾਫ ਦੀ ਘਾਟ ਪੂਰੀ ਕੀਤੀ ਜਾਵੇ।

## ਠੇਕੇਦਾਰ ਅਵਤਾਰ ਸਿੰਘ ਐਦਨ ਓ ਬੀ ਸੀ ਸੈਲ ਪੰਜਾਬ ਦਾ ਸੈਕਟਰੀ ਨਿਯੁਕਤ

ਤਰਨ ਤਾਰਨ( ਪ੍ਰਿਤਪਾਲ ਸਿੰਘ)-ਲੋਕ ਸਭਾ ਚੋਣਾਂ ਵਿੱਚ ਮੁਖ ਭੂਮਿਕਾ ਨਿਭਾਉਣ ਵਾਲੇ ਕਾਂਗਰਸੀ ਅਹੁਦੇਦਾਰਾਂ ਤੇ ਵਰਕਰਾਂ ਦਾ ਸਨਮਾਨ ਕਰਦਿਆਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਠੇਕੇਦਾਰ ਅਵਤਾਰ ਸਿੰਘ ਐਦਨ ਨੂੰ ਓ ਬੀ ਸੀ ਸੈਲ ਪੰਜਾਬ ਦਾ ਸੈਕਟਰੀ ਨਿਯੁਕਤ ਕੀਤਾ ਹੈ ਜਿਸ 'ਤੇ ਤਰਨ ਤਾਰਨ ਦੀ ਰਾਮਗੜ੍ਹੀਆ ਬਰਾਦਰੀ ਪੂਰੀ ਤਰ੍ਹਾਂ ਬਾਗ਼ੋਬਾਗ ਹੋਈ ਪਈ ਹੈ। ਇਸ ਸਬੰਧ ਵਿੱਚ ਰਾਮਗੜ੍ਹੀਆ ਸਿੰਘ ਸਭਾ ਦੇ ਐਕਟਿੰਗ ਪ੍ਰਧਾਨ ਕਾਮਰੇਡ ਹੀਰਾ ਸਿੰਘ ਕੰਡਿਆਂ ਵਾਲੇ ਅਤੇ ਰਾਮਗੜ੍ਹੀਆ ਬੁੰਗਾ ਟਰੱਸਟ ਦੇ



ਪ੍ਰਧਾਨ ਹਰਜੀਤ ਸਿੰਘ ਪਨੇਸਰ ਨੇ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਚੇਅਰਮੈਨ ਕੈਪਟਨ ਅਜੈ ਸਿੰਘ ਯਾਦਵ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਵਲੋਂ ਬਰਾਦਰੀ ਨੂੰ ਬਖਸ਼ੀ ਗਈ ਇੱਜ਼ਤ ਦਾ ਉਹ ਧੰਨਵਾਦ ਕਰਦੇ ਹਨ। ਉਹਨਾਂ ਕਿਹਾ ਕਿ ਇਸ ਮਾਣ ਸਨਮਾਨ ਕਾਰਨ ਰਾਮਗੜ੍ਹੀਆ ਬਰਾਦਰੀ ਦਾ ਕੱਦ ਉੱਚਾ ਹੋਇਆ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਮਨੋਹਰ ਸਿੰਘ, ਅੰਗਰੇਜ਼ ਸਿੰਘ, ਬਲਵਿੰਦਰ ਸਿੰਘ, ਮਨਿੰਦਰ ਸਿੰਘ, ਮਨਜੀਤ ਸਿੰਘ, ਸੁਖਬੀਰ ਸਿੰਘ, ਦਵਿੰਦਰ ਸਿੰਘ, ਸਵਿੰਦਰ ਸਿੰਘ, ਹਰਿੰਦਰ ਸਿੰਘ, ਕੁਲਵੰਤ ਸਿੰਘ ਆਦਿ ਹਾਜ਼ਰ ਸਨ।

## ਡੇਂਗੂ ਬਚਾਅ ਲਈ ਸਿਹਤ ਵਿਭਾਗ ਨੇ ਸਪਰੇਅ ਕਰਵਾਈ

ਅਜਨਾਲਾ, (ਸੁੱਖਤਿੰਦਰ ਸਿੰਘ ਰਾਜੂ)-ਸਿਵਲ ਸਰਜਨ ਅੰਮ੍ਰਿਤਸਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਿਵਲ ਹਸਪਤਾਲ ਅਜਨਾਲਾ ਦੇ ਸੀਨੀਅਰ ਮੈਡੀਕਲ ਅਫ਼ਸਰ ਦੇ ਹੁਕਮਾਂ 'ਤੇ ਸਿਹਤ ਮੁਲਾਜ਼ਮਾਂ ਵਲੋਂ ਅਜਨਾਲਾ ਦੇ ਵੱਖ ਵੱਖ ਮੁਹੱਲਿਆਂ ਬਜ਼ਾਰਾਂ ਵਿੱਚ ਬਣੇ ਪਾਣੀ ਦੇ ਨਿਕਾਸ ਲਈ ਨਾਲੀਆਂ ਵਿੱਚ ਡੇਂਗੂ ਅਤੇ ਮੱਛਰਾਂ ਤੋਂ ਹੋਣ ਵਾਲੀਆਂ ਵੱਖ ਵੱਖ ਭਿਆਨਕ ਬਿਮਾਰੀਆਂ ਦੇ ਬਚਾਅ ਲਈ ਸਪ੍ਰੇਅ ਕਰਵਾਈ ਗਈ।ਇਸ ਮੌਕੇ ਇਕੱਤਰ ਲੋਕਾਂ ਨੂੰ ਸਿਹਤ ਵਿਭਾਗ ਦੇ ਮੁਲਾਜ਼ਮਾਂ ਨੇ ਡੇਂਗੂ ਤੋਂ ਬਚਾਅ ਲਈ ਦੱਸਿਆ ਕਿ ਆਪਣੇ ਘਰਾਂ ਦੇ ਆਸ ਪਾਸ, ਘਰਾਂ ਵਿੱਚ ਪਏ ਕੂਲਰ ਅਤੇ ਗਮਲਿਆਂ ਵਿੱਚ ਜ਼ਿਆਦਾ ਲੰਮਾ ਸਮਾਂ ਪਾਣੀ ਇਕੱਠਾ ਨਾ ਹੋਣ ਦਿੱਤਾ ਜਾਵੇ।



## ਐਥਲੈਟਿਕਸ 'ਚ ਆਰ ਡੀ ਖੋਸਲਾ ਸਕੂਲ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ



ਬਟਾਲਾ (ਤਰਲੋਕ ਬੱਗਾ)

ਬਟਾਲਾ ਐਥਲੈਟਿਕਸ ਜ਼ੋਨ ਪ੍ਰਤੀਯੋਗਤਾ 2024 ਰਜੀਵ ਗਾਂਧੀ ਸਟੇਡੀਅਮ ਆਈ.ਟੀ.ਆਈ. ਵਿਖੇ ਕਰਵਾਇਆ ਗਿਆ। ਜਿਸ ਵਿੱਚ ਆਰ.ਡੀ. ਖੋਸਲਾ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਆਦੇਸ਼ ਪ੍ਰਤਾਪ ਸਿੰਘ ਨੇ ਅੰਡਰ 19 ਸ਼ਾਟਪੁੱਟ ਅਤੇ ਡਿਸਕਸ ਥਰੋਅ ਵਿੱਚ ਵੀ ਪਹਿਲਾ ਸਥਾਨ ਪ੍ਰਾਪਤ ਕਰਕੇ ਗੁਰਕੀਰਤ ਸਿੰਘ ਨੇ ਅੰਡਰ 14 ਡਿਸਕਸ ਥਰੋਅ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ। ਅੰਡਰ-14 ਲੜਕੀਆਂ ਦੀ 200 ਅਤੇ 400 ਮੀਟਰ ਦੌੜ ਵਿੱਚ ਮਨਰਾਜ ਸਿੰਘ ਨੇ ਦੂਜਾ ਸਥਾਨ, ਲੰਬੀ ਛਾਲ ਵਿੱਚ ਦਿਲਰਾਜ ਸਿੰਘ ਨੇ ਦੂਜਾ ਅਤੇ ਅੰਡਰ-19 ਸ਼ਾਟਪੁੱਟ ਵਿੱਚ ਮਿਲਨ ਪ੍ਰਤਾਪ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ 19 ਲੜਕੀਆਂ ਦੇ ਜੈਵਲਿਨ ਥਰੋਅ, ਸ਼ਾਟਪੁੱਟ ਵਿੱਚ ਤਰਨੀਤ ਕੌਰ ਨੇ ਦੂਜਾ ਸਥਾਨ, ਅੰਡਰ 14 ਲੜਕੀਆਂ ਦੇ ਜੈਵਲਿਨ ਥਰੋਅ ਵਿੱਚ ਇਸ਼ਮੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਲੜਕੀਆਂ ਦੀ 100 ਮੀਟਰ ਦੌੜ ਅਤੇ ਲੰਬੀ ਛਾਲ ਵਿੱਚ ਏਕਮਜੋਤ ਕੌਰ ਤੀਜੇ ਸਥਾਨ 'ਤੇ ਰਹੀ। ਅੰਡਰ 17 ਡਿਸਕਸ ਥਰੋਅ ਵਿੱਚ ਸੁਖਮਨਪ੍ਰੀਤ ਕੌਰ ਤੀਜੇ ਅਤੇ 100 ਮੀਟਰ ਦੌੜ ਵਿੱਚ ਗੁਰਨੀਤ ਕੌਰ ਤੀਜੇ ਸਥਾਨ 'ਤੇ ਰਹੀ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਸ਼ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿਦੂ ਭੱਲਾ ਨੇ ਜੇਤੂ ਵਿਦਿਆਰਥੀਆਂ, ਉਨ੍ਹਾਂ ਦੇ ਮਾਤਾ-ਪਿਤਾ ਅਤੇ ਕੋਚ ਹਿਤੇਸ਼ ਸ਼ਰਮਾ ਅਤੇ ਸ੍ਰੀਮਤੀ ਸ੍ਰੇਸ਼ਠਾ ਸ਼ਰਮਾ ਨੂੰ ਹਾਰਦਿਕ ਵਧਾਈ, ਸ਼ੁਭਕਾਮਨਾਵਾਂ ਦਿੱਤੀਆਂ ਅਤੇ ਵਿਦਿਆਰਥੀਆਂ ਨੂੰ ਉਤਸ਼ਾਹ ਨਾਲ ਭਾਗ ਲੈਣ ਲਈ ਪ੍ਰੇਰਿਤ ਕੀਤਾ।

## ਐੱਸ ਐੱਸ ਐਮ ਕਾਲਜ 'ਚ ਖੂਨਦਾਨ ਜਾਗਰੂਕਤਾ ਪ੍ਰੋਗਰਾਮ




ਦੀਨਾਨਗਰ (ਸੰਜੀਵ) ਐੱਸ. ਐੱਸ. ਐੱਮ.ਕਾਲਜ ਦੀਨਾਨਗਰ ਵਿਖੇ ਪ੍ਰਿੰਸੀਪਲ ਡਾ. ਆਰ. ਕੇ. ਤੁਲੀ ਦੀ ਪ੍ਰਧਾਨਗੀ ਹੇਠ ਰੈੱਡ ਰਿਬਨ ਕਲੱਬ ਅਤੇ ਐਨ. ਐੱਸ. ਐੱਸ. ਵਿਭਾਗ ਦੇ ਸਹਿਯੋਗ ਨਾਲ ਖੂਨਦਾਨ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਆਈਡੀਅਲ ਓਲਡ ਏਜ ਹੋਮ ਝਾਖੋਲਾੜੀ (ਪਠਾਨਕੋਟ) ਦੀ ਇੰਚਾਰਜ ਮੈਡਮ ਅੰਜਲੀ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਬਜ਼ੁਰਗਾਂ ਦੀ ਸੇਵਾ ਕਰਨਾ ਸਾਡਾ ਸਾਰਿਆਂ ਦਾ ਫਰਜ਼ ਹੈ। ਉਨ੍ਹਾਂ ਖੂਨਦਾਨ ਨੂੰ ਮਹਾਨ ਦਾਨ ਦੱਸਦਿਆਂ ਇਸ ਨੂੰ ਜੀਵਨ ਬਚਾਉਣ ਵਾਲਾ ਦੱਸਿਆ। ਖੂਨਦਾਨ ਕਰਕੇ ਕਿਸੇ ਲੋੜਵੰਦ ਵਿਅਕਤੀ ਦੀ ਸਿਹਤ ਸਬੰਧੀ ਸਮੱਸਿਆਵਾਂ ਵਿੱਚ ਮਦਦ ਕੀਤੀ ਜਾ ਸਕਦੀ ਹੈ।ਵਿਦਿਆਰਥੀਆਂ ਨੇ ਖੂਨਦਾਨ ਸਬੰਧੀ ਜਾਗਰੂਕਤਾ ਸਬੰਧੀ ਭਰਪੂਰ ਜਾਣਕਾਰੀ ਹਾਸਲ ਕੀਤੀ।ਇਸ ਮੌਕੇ ਐਨ. ਐਸ.ਐਸ ਅਫਸਰਾਂ ਡਾ. ਰਾਜਨ ਹਾਂਡਾ, ਪ੍ਰੋ. ਸੁਬੀਰ ਰਗਬੋਤਰਾ, ਪ੍ਰੋ. ਸੁਸ਼ਮਾ ਅਤੇ ਪ੍ਰੋ. ਆਰਤੀ ਹਾਜ਼ਰ ਸਨ।

# ਵੱਖ-ਵੱਖ ਹਿੰਦੂ ਜਥੇਬੰਦੀਆਂ ਦੀ ਵਿਸ਼ੇਸ਼ ਬੈਠਕ



ਬਟਾਲਾ (ਤਰਲੋਕ ਬੱਗਾ)

ਵੱਖ-ਵੱਖ ਹਿੰਦੂ ਜਥੇਬੰਦੀਆਂ ਦੀ ਵਿਸ਼ੇਸ਼ ਬੈਠਕ ਰਮੇਸ਼ ਨਈਅਰ ਸੀਨੀਅਰ ਮੀਤ ਪ੍ਰਧਾਨ ਸ਼ਿਵ ਸੈਨਾ ਬਾਲਾ ਸਾਹਿਬ ਠਾਕਰੇ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਗਗਨ ਪਲਾਜ਼ਾ ਸ਼ਿਵ ਸੈਨਾ ਹਿੰਦੂ ਟਕਸਾਲੀ ਅਤੇ ਅੰਕਿਤ ਅਗਰਵਾਲ, ਵਿਕਾਸ ਸ਼ਰਮਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਰੀਆਂ ਹਿਤੂ ਜਥੇਬੰਦੀਆਂ ਨੇ ਜੰਮੂ ਕਸ਼ਮੀਰ ਵਿੱਚ ਮਾਰੇ ਗਏ ਹਿੰਦੂ ਸਿੱਖ ਭਾਈਚਾਰੇ ਨਾਲ ਸੰਬੰਧਤ ਲੋਕਾਂ ਦੇ ਕਤਲੇਆਮ ਅਤੇ ਪ੍ਰਵਾਸੀ ਮਜ਼ਦੂਰਾਂ ਦੇ ਕਤਲੇਆਮ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ। ਉਕਤ ਆਗੂਆਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਜਦੋਂ ਦੀ ਜੰਮੂ ਕਸ਼ਮੀਰ ਵਿੱਚ ਨਵੀਂ ਸਰਕਾਰ ਬਣੀ ਹੈ ਉਦੋਂ ਤੋਂ ਹੀ ਅੱਤਵਾਦ ਮੁੜ ਕੇ ਪਨਪ ਰਿਹਾ ਹੈ। ਅੱਤਵਾਦੀਆਂ ਵੱਲੋਂ ਜੰਮੂ ਕਸ਼ਮੀਰ ਵਿੱਚ ਬੇਕਸੂਰ ਲੋਕਾਂ ਨੂੰ ਮਾਰਿਆ ਜਾ ਰਿਹਾ ਹੈ। ਪਿਛਲੇ ਦਿਨੀਂ ਲੁਧਿਆਣਾ ਵਿਖੇ ਸ਼ਿਵ ਸੈਨਾ ਆਗੂ ਦੇ ਘਰ ਵਿੱਚ ਪੈਟਰੋਲ ਬੰਬ ਨਾਲ ਹਮਲਾ ਕੀਤਾ ਗਿਆ ਸੀ। ਹੋਰ ਵੀ ਇਸ ਤਰ੍ਹਾਂ ਦੀਆਂ ਘਟਨਾਵਾਂ ਪੰਜਾਬ ਵਿੱਚ ਵਾਪਰ ਰਹੀਆਂ ਹਨ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਪੰਜਾਬ ਵਿੱਚ ਆਤੰਕਵਾਦ ਵੱਧ ਰਿਹਾ ਹੈ ਅਤੇ ਹਿੰਦੂ ਲੀਡਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕਿਹਾ ਕਿ ਇਸ ਰੋਸ ਵਿੱਚ ਪ੍ਰਸ਼ਾਸਨ ਨੂੰ ਜਾਗਰੂਕ ਕਰਨ ਲਈ 25 ਅਕਤੂਬਰ ਨੂੰ ਗਾਂਧੀ ਚੌਂਕ ਬਟਾਲਾ ਵਿੱਚ ਹਿੰਦੂ ਸੰਗਠਨਾਂ ਵੱਲੋਂ ਅਤੰਕਵਾਦ ਦਾ ਪੁਤਲਾ ਸਾੜਿਆ ਜਾਵੇਗਾ।

# ਬਾਬਾ ਬੰਦਾ ਸਿੰਘ ਬਹਾਦਰ ਕਾਲਜ ਆਫ ਐਜੂਕੇਸ਼ਨ ਵੱਲੋਂ ਖੂਨਦਾਨ ਸੰਬੰਧੀ ਸੈਮੀਨਾਰ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਬਾਬਾ ਬੰਦਾ ਸਿੰਘ ਬਹਾਦਰ ਕਾਲਜ ਆਫ ਐਜੂਕੇਸ਼ਨ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਅਗਵਾਈ ਹੇਠ ਕਾਲਜ ਵਿੱਚ ਰੈੱਡ ਰਿਬਨ ਕਲੱਬ ਵੱਲੋਂ ਖੂਨਦਾਨ ਸੰਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਜਾਗਰੂਕਤਾ ਕੈਂਪ ਵਿੱਚ ਪ੍ਰਿੰਸੀਪਲ ਪ੍ਰੀਤਮ ਸਿੰਘ ਮੁੱਖ ਬੁਲਾਰੇ ਵਜੋਂ ਸ਼ਾਮਿਲ ਹੋਏ। ਪ੍ਰਿੰਸੀਪਲ ਪ੍ਰੀਤਮ ਸਿੰਘ ਨੇ ਆਪਣੇ ਭਾਸ਼ਣ ਰਾਹੀਂ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਖੂਨ ਦਾਨ ਦੁਆਰਾ ਕਿਸੇ ਨੂੰ ਤੁਸੀਂ ਜੀਵਨ ਦਾਨ ਦੇ ਸਕਦੇ ਹੋ। ਇਸ ਲਈ ਜੀਵਨ ਦੇ ਦਾਨੀ ਬਣੋ ਅਤੇ ਖੂਨਦਾਨ ਜ਼ਰੂਰ ਕਰੋ। ਉਹਨਾਂ ਜਾਣਕਾਰੀ ਦਿੰਦਿਆਂ ਕਿਹਾ ਕਿ ਹਸਪਤਾਲਾਂ ਵਿੱਚ ਕੈਂਸਰ ਦੇ ਮਰੀਜ਼ ਅਤੇ ਐਕਸੀਡੈਂਟ ਤੋਂ ਪ੍ਰਭਾਵਿਤ ਮਰੀਜ਼ ਜਿਨ੍ਹਾਂ ਨੂੰ ਖੂਨਦਾਨ ਦੀ ਬਹੁਤ ਜ਼ਰੂਰਤ ਹੁੰਦੀ ਹੈ, ਆਮ ਹੀ ਦੇਖਣ ਨੂੰ ਮਿਲਦੇ ਹਨ। ਉਹਨਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਅਜਿਹੇ ਮਰੀਜ਼ਾਂ ਦੀ ਜ਼ਿੰਦਗੀ ਨੂੰ ਬਚਾਉਣ ਲਈ ਖੂਨ ਦਾਨ ਕਰਨਾ ਸਭ ਤੋਂ ਵੱਡਾ ਮਹਾਨ ਦਾਨ ਹੈ।




# ਗੋਹਤ ਕਲਾਂ ਤੇ ਜਲਾਲਪੁਰ ਦੀ ਪੰਚਾਇਤ ਨੇ ਵੋਟਰਾਂ, ਸਪੋਰਟਰਾਂ ਦਾ ਕੀਤਾ ਧੰਨਵਾਦ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)

ਪਿੰਡ ਗੋਹਤ ਕਲਾਂ ਤੇ ਜਲਾਲਪੁਰ ਦੀ ਪੰਚਾਇਤ ਨੇ ਪੰਚਾਇਤੀ ਚੋਣਾਂ ਦੌਰਾਨ ਜਿੱਤ ਹਾਸਲ ਕਰਨ ਤੋਂ ਬਾਅਦ ਆਪਣੇ ਵੋਟਰਾਂ ਤੇ ਸਪੋਰਟਰਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ। ਜਾਣਕਾਰੀ ਸਾਂਝੀ ਕਰਦੇ ਹੋਏ ਪਿੰਡ ਗੋਹਤ ਕਲਾਂ ਦੀ ਸਰਪੰਚ ਵੀਨਾ ਕੁਮਾਰੀ ਪਤਨੀ ਕੁਲਵੰਤ ਸਿੰਘ ਨੇ ਦੱਸਿਆ ਕਿ ਉਹਨਾਂ ਦੇ ਪਿੰਡ ਵਿੱਚ ਕੁੱਲ 182 ਵੋਟਾਂ ਸਨ ਅਤੇ 139 ਵੋਟਾਂ ਪੋਲ ਹੋਈਆਂ ਜਿਸ ਵਿੱਚ ਉਹ 16 ਵੋਟਾਂ ਦੇ ਫਰਕ ਨਾਲ ਜੇਤੂ ਰਹੇ ਜਿਸ ਵਿੱਚ ਉਹਨਾਂ ਦੇ ਮੈਂਬਰ ਜੋਰਾਵਰ ਸਿੰਘ, ਸੁਰਜੀਤ ਸਿੰਘ, ਰੀਟਾ ਰਾਣੀ, ਵੰਦਨਾ ਸ਼ਰਮਾ ਤੇ ਰੀਤੂ ਸ਼ਰਮਾ ਬਣੇ। ਇਸ ਮੌਕੇ ਉਹਨਾਂ ਨੇ ਸਮੂਹ ਆਪਣੇ ਇਲਾਕੇ ਦੇ ਵੋਟਰਾਂ ਸਪੋਟਰਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਲੋਕਾਂ ਵੱਲੋਂ ਦਿੱਤੇ ਗਏ ਇਸ ਪਿਆਰ ਨੂੰ ਹਮੇਸ਼ਾ ਯਾਦ ਰੱਖਣਗੇ ਅਤੇ ਪਿੰਡ ਦਾ ਵਿਕਾਸ ਪਹਿਲ ਦੇ ਅਧਾਰ 'ਤੇ ਕਰਵਾਉਣਗੇ ।ਇਸ ਮੌਕੇ ਉਹਨਾਂ ਨਾਲ ਸੁਭਾਸ਼ ਚੰਦਰ, ਰਾਜਾ, ਵਿਜੇ, ਮਮਤਾ, ਗੁਲਜ਼ਾਰ ਸਿੰਘ, ਬਿਸ਼ਨਦਾਸ, ਸੁਰਿੰਦਰ ਪਾਲ , ਰਾਜਕੁਮਾਰ, ਜਸਵੰਤ ਸਿੰਘ ਆਦਿ ਹਾਜ਼ਰ ਸਨ। ਇਸੇ ਤਰ੍ਹਾਂ ਪਿੰਡ ਜਲਾਲਪੁਰ ਦੇ ਸਰਪੰਚ ਸਰਬਜੀਤ ਕੌਰ ਪਤਨੀ ਕਮਲਜੀਤ ਸਿੰਘ ਨੇ ਦੱਸਿਆ ਕਿ ਉਹਨਾਂ ਦੇ ਪਿੰਡ ਵਿੱਚ ਕੁੱਲ 809 ਵੋਟਾਂ ਸਨ ਅਤੇ 527 ਵੋਟਾਂ ਪੋਲ ਹੋਈਆਂ, 39 ਵੋਟਾਂ ਦੇ ਨਾਲ ਉਹ ਜੇਤੂ ਰਹੇ। ਜਿਸ ਵਿੱਚ ਉਹਨਾਂ ਦੇ ਪੰਜ ਮੈਂਬਰ ਬਣੇ ਦੌਲਤ ਮਸੀਹ, ਜਤਿੰਦਰ ਕੁਮਾਰ, ਦੇਸਰਾਜ, ਜਤਿੰਦਰ ਕੁਮਾਰ, ਸੁਸ਼ੀਲ ਕੁਮਾਰ ਮੈਂਬਰ ਬਣੇ ਅਤੇ ਸਮੁੱਚੀ ਪੰਚਾਇਤ ਨੇ ਆਪਣੇ ਵੋਟਰਾਂ ਸਪੋਰਟਰਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਤੇ ਕਿਹਾ ਕਿ ਪਿੰਡ ਦੇ ਵਿਕਾਸ ਵਿੱਚ ਕੋਈ ਵੀ ਕਸਰ ਨਹੀਂ ਛੱਡੀ ਜਾਵੇਗੀ ਅਤੇ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਕੰਮ ਕੀਤੇ ਜਾਣਗੇ ।



# ਅੱਜ ਕੀਤਾ ਜਾਵੇਗਾ ਚੱਕਾ ਜਾਮ ਤੇ ਰੋਸ ਮੁਜ਼ਾਹਰਾ : ਡਾ ਸਤਨਾਮ ਸਿੰਘ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਸੰਯੁਕਤ ਕਿਸਾਨ ਮੋਰਚੇ ਦੇ ਸੂਬਾਈ ਸੱਦੇ 'ਤੇ ਪੰਜਾਬ ਦੀਆਂ ਅਨਾਜ ਮੰਡੀਆਂ ਵਿੱਚੋਂ ਝੋਨੇ ਅਤੇ ਪਰਮਲ ਦੀ ਖਰੀਦ ਵਿੱਚ ਤੇਜ਼ੀ ਲਿਆਉਣ, ਮੰਡੀਆਂ ਵਿੱਚੋਂ ਲਿਫਟਿੰਗ ਅਤੇ ਢੋਆ ਢੁਆਈ ਸਹੀ ਕਰਵਾਉਣ ਅਤੇ ਕਿਸਾਨ ਦੀ ਮੰਡੀਆਂ ਵਿੱਚ ਹੋ ਰਹੀ ਲੁੱਟ ਖਸੁੱਟ ਬੰਦ ਕਰਾਉਣ ਲਈ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਸਮੇਂ ਸਿਰ ਮੰਡੀ ਦਾ ਪ੍ਰਬੰਧ ਨਾ ਕਰਨ ਵਿਰੁੱਧ ਪੰਜਾਬ ਭਰ ਵਿੱਚ ਪ੍ਰਮੁੱਖ ਅਨਾਜ ਮੰਡੀਆਂ ਦੇ ਸਾਹਮਣੇ 25 ਅਕਤੂਬਰ ਨੂੰ 11 ਵਜੇ ਤੋਂ ਸ਼ਾਮ 3 ਵਜੇ ਤੱਕ ਕਿਸਾਨ ਮੰਡੀਆਂ ਦੇ ਮੁਹਰੇ ਕਰਕੇ ਚੱਕਾ ਜਾਮ ਕੀਤਾ ਜਾਵੇਗਾ। ਸੰਯੁਕਤ ਕਿਸਾਨ ਮੋਰਚਾ ਪੰਜਾਬ ਚੈਪਟਰ ਜ਼ਿਲ੍ਹਾ ਅੰਮ੍ਰਿਤਸਰ ਦੀ ਮੀਟਿੰਗ ਸਰਵਣ ਸਿੰਘ ਵਰਪਾਲ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੀ ਪ੍ਰਧਾਨਗੀ ਹੇਠ ਫੌਜਾ ਸਿੰਘ ਭੁੱਲਰ ਹਾਲ ਵਿੱਚ ਹੋਈ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜਥੇਬੰਦੀਆਂ ਦੇ ਆਗੂ ਸਾਥੀ ਰਤਨ ਸਿੰਘ ਰੰਧਾਵਾ ਨੇ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਚਾਰ ਪ੍ਰਮੁੱਖ ਥਾਵਾਂ ਰਈਆ ਮੰਡੀ ਭਗਵਾਂ ਵਾਲਾ ਮੰਡੀ, ਹਰਸ਼ਾ ਛੀਨਾ ਮੰਡੀ ਅਤੇ ਅਟਾਰੀ ਮੰਡੀ ਦੇ ਸਾਹਮਣੇ ਵਿਸ਼ਾਲ ਧਰਨੇ ਮੁਜ਼ਾਹਰੇ ਕੀਤੇ ਜਾਣਗੇ। ਉਹਨਾਂ ਕਿਹਾ ਕਿ ਜੇਕਰ ਮੰਡੀਆਂ ਦਾ ਸਹੀ ਅਤੇ ਪੂਰਾ ਪ੍ਰਬੰਧ ਨਾ ਕੀਤਾ ਗਿਆ ਤਾਂ 29 ਅਕਤੂਬਰ ਨੂੰ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਦਾ ਘਿਰਾਓ ਕਰਕੇ ਧਰਨੇ ਮੁਜ਼ਾਹਰੇ ਕੀਤੇ ਜਾਣਗੇ। ਇਸ ਮੀਟਿੰਗ ਵਿੱਚ ਜਮਹੂਰੀ ਕਿਸਾਨ ਸਭਾ ਵੱਲੋਂ ਰਤਨ ਸਿੰਘ ਰੰਧਾਵਾ , ਡਾਕਟਰ ਸਤਨਾਮ ਸਿੰਘ ਅਜਨਾਲਾ, ਟਹਿਲ ਸਿੰਘ ਚੇਤਨਪੁਰਾ, ਸੁਖਰਾਜ ਸਿੰਘ, ਸੁੱਚਾ ਸਿੰਘ ਘੋਗਾ, ਕੁਲ ਹਿੰਦ ਕਿਸਾਨ ਸਭਾ ਵੱਲੋਂ ਜ਼ਿਲ੍ਹਾ ਪ੍ਰਧਾਨ ਸਵਿੰਦਰ ਸਿੰਘ ਮੀਰਾਕੋਟ, ਆਲ ਇੰਡੀਆ ਕਿਸਾਨ ਸਭਾ ਅਜੇ ਭਵਨ ਵੱਲੋਂ ਬਲਵਿੰਦਰ ਸਿੰਘ ਦੁਧਾਲਾ, ਜੋਗਿੰਦਰ ਸਿੰਘ, ਪ੍ਰੋਫੈਸਰ ਬਲਦੇਵ ਸਿੰਘ ਵੇਰਕਾ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਵੱਲੋਂ ਸਰਵਣ ਸਿੰਘ ਵਰਪਾਲ, ਕਸ਼ਮੀਰ ਸਿੰਘ ਜਥੇਦਾਰ, ਪੰਜਾਬ ਕਿਸਾਨ ਯੂਨੀਅਨ ਵੱਲੋਂ ਜ਼ਿਲ੍ਹਾ ਪ੍ਰਚਾਰ ਸਕੱਤਰ ਅਤੇ ਮੀਡੀਆ ਕੋਆਰਡੀਨੇਟਰ ਨਰਿੰਦਰ ਲਾਡੀ ਤੇੜਾ ਆਦਿ ਹਾਜ਼ਰ ਸਨ।

## ਕਮਲਜੀਤ ਕੌਰ ਡਡਿਆਣਾ ਖੁਰਦ ਦੀ ਬਣੀ ਸਰਪੰਚ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-ਮਨਰੇਗਾ ਲੇਬਰ ਮੂਵਮੈਂਟ ਦੀ ਸਕੱਤਰ ਕਮਲਜੀਤ ਕੌਰ ਪਿੰਡ ਡਡਿਆਣਾ ਖੁਰਦ ਦੀ 301 ਵੋਟਾਂ ਲੈ ਕੇ ਜੇਤੂ ਰਹੀ।ਪਿੰਡ ਪਹੁੰਚ ਕੇ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ, ਪਾਰਟੀ ਮੀਤ ਪ੍ਰਧਾਨ ਸੋਨੂੰ ਮਹਿਤਪੁਰੀ, ਰਾਕੇਸ਼ ਬਾਲਾ,ਪਾਰਟੀ ਦੇ ਸਕੱਤਰ ਤਰਲੋਚਨ ਸਿੰਘ,ਹਰਜਿੰਦਰ ਸਿੰਘ ਅਤੇ ਚਰਨਜੀਤ ਸਿੰਘ ਨੇ ਸਰੋਪਾ ਦੇ ਕੇ ਸਨਮਾਨਤ ਕੀਤਾ।ਸਰਪੰਚ ਕਮਲਜੀਤ ਨੇ ਵਾਅਦਾ ਕੀਤਾ ਕਿ ਉਹ ਮਨਰੇਗਾ ਵਰਕਰਾਂ ਨੂੰ 100 ਦਿਨਾਂ ਦਾ ਪੂਰੀ ਸਾਲ ਕੰਮ ਦਿਵਾਏਗੀ ਤੇ ਪਿੰਡ ਵਿਚ ਗਰੀਬਾਂ ਅਤੇ ਸਾਰੇ ਪਿੰਡ ਵਾਸੀਆਂ ਲਈ ਵਧੀਆ ਕੰਮ ਕਰੇਗੀ ਤੇ ਉਸ ਨੇ ਪਿੰਡ ਵਾਸੀਆਂ ਦਾ ਧੰਨਵਾਦ ਵੀ ਕੀਤਾ।



## ਸਿੰਘਾਂ ਦੀ ਪੰਚਾਇਤ ਸਰਬ ਸੰਮਤੀ ਨਾਲ ਚੁਣੀ

ਕਾਲਾ ਸੰਘਿਆਂ (ਮਨਜੀਤ ਮਾਨ)- ਪਿੰਡ ਸਿੰਘਾਂ ਦੇ ਲੋਕਾਂ ਨੇ ਪਾਰਟੀ ਬਾਜ਼ੀ ਤੋਂ ਉੱਪਰ ਉੱਠ ਕੇ ਆਪਣੀ ਏਕਤਾ ਤੇ ਇਕਜੁਟਤਾ ਦਾ ਸਬੂਤ ਦਿੰਦਿਆਂ ਪਿੰਡ ਦੀ ਪੰਚਾਇਤ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ ਜਿਸ ਵਿੱਚ ਸਰਪੰਚ ਏਕਤਾ, ਬਲਵੀਰ ਸਿੰਘ ਪੰਚ, ਸਤਨਾਮ ਸਿੰਘ ਪੰਚ, ਹਰਜਿੰਦਰ ਸਿੰਘ ਜਿੰਦਾ ਪੰਚ, ਮਹਿੰਦਰ ਕੌਰ ਪੰਚ, ਸੁਖਵਿੰਦਰ ਸੰਧੂ ਪੰਚ, ਕਾਂਤਾ ਦੇਵੀ ਪੰਚ, ਰਾਜਵਿੰਦਰ ਕੌਰ ਨੂੰ ਪੰਚ ਚੁਣਿਆ ਗਿਆ ਇਸ ਮੌਕੇ ਪਿੰਡ ਦੀ ਸਮੂਹ ਗ੍ਰਾਮ ਪੰਚਾਇਤ ਤੇ ਸਰਪੰਚ ਏਕਤਾ ਨੇ ਕਿਹਾ ਕਿ ਪਿੰਡ ਦੇ ਵਿਕਾਸ ਕਾਰਜਾਂ ਨੂੰ ਪਾਰਟੀ ਬਾਜੀ ਤੋਂ ਉੱਪਰ ਉੱਠ ਕੇ ਪਹਿਲ ਦੇ ਆਧਾਰ ਤੇ ਕਰਵਾਏ ਜਾਣਗੇ ਤੇ ਪਿੰਡ ਸਿੰਘਾਂ ਨੂੰ ਇੱਕ ਨਕਸ਼ੇ ਕਦਮਾਂ 'ਤੇ ਲਿਆਂਦਾ ਜਾਵੇਗਾ ਇਸ ਮੌਕੇ ਪਿੰਡ ਤੇ ਇਲਾਕੇ ਦੀਆਂ ਨਾਮਵਰ ਸ਼ਖ਼ਸੀਅਤਾਂ ਹਾਜ਼ਰ ਸਨ।



# ਸੀਨੀਅਰ ਅਕਾਲੀ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਸੋਹਣ ਸਿੰਘ ਠੰਢਲ ਭਾਜਪਾ 'ਚ ਸ਼ਾਮਲ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਹੁਸ਼ਿਆਰਪੁਰ ਦੇ ਚੱਬੇਵਾਲ ਹਲਕੇ 'ਚ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਸੋਹਣ ਸਿੰਘ ਠੰਢਲ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੁਪਾਨੀ ਦੀ ਹਾਜ਼ਰੀ 'ਚ ਬੀਜੇਪੀ ਵਿੱਚ ਸ਼ਾਮਲ ਹੋ ਗਏ । ਰਾਜਨੀਤਿਕ ਪਾਰਟੀਆਂ ਵਿੱਚ ਟੁੱਟ ਭੱਜ ਦਲ ਬਦਲੀ ਆਮ ਸੁਭਾਵਿਕ ਜਿਹੀ ਗੱਲ ਹੈ, ਪਰ ਦੁੱਖ ਉਸ ਵੇਲੇ ਲੱਗਦਾ ਜਦੋਂ ਕੋਈ ਰਾਜਨੀਤਿਕ ਲੀਡਰ ਜਿਹੜਾ ਪੜ੍ਹਿਆ-ਲਿਖਿਆ ਤੇ ਸਮਝਦਾਰ ਚੁੱਪ ਚੁਪੀਤੇ ਆਪਣੇ ਰਾਜਨੀਤਿਕ ਲਾਲਚ ਲਈ ਪਾਰਟੀ ਛੱਡ ਕੇ ਵਿਰੋਧੀ ਪਾਰਟੀ ਵਿੱਚ ਸ਼ਾਮਲ ਹੋ ਜਾਂਦਾ ਹੈ, ਜਿਸ ਬਾਰੇ ਉਹ ਆਮ ਸਧਾਰਣ ਲੋਕਾਂ ਨੂੰ ਸਮਝਾ ਰਿਹਾ ਹੁੰਦਾ ਹੈ ਕਿ ਇਹ ਸਾਡੀ ਵਿਰੋਧੀ ਪਾਰਟੀ ਹੈ। ਇਸ ਦੇ ਲੀਡਰ ਸਾਡੀ ਲੁੱਟ ਕਰ ਰਹੇ ਹਨ ਅਤੇ ਅਸੀਂ ਇਸ ਤੋਂ ਛੁਟਕਾਰਾ ਪਾ ਕੇ ਆਪਣੀ ਰਾਜ ਸੱਤਾ ਸਥਾਪਿਤ ਕਰਨੀ ਹੈ।ਅੱਜ ਫਿਰ ਹੁਸ਼ਿਆਰਪੁਰ ਦੇ ਚੱਬੇਵਾਲ ਹਲਕੇ ਦੀ ਸਿਆਸਤ 'ਚ ਫਿਰ ਦੂਸਰਾ ਵੱਡਾ ਧਮਾਕਾ ਹੋ ਗਿਆ, ਜਿਸ ਨਾਲ ਸਾਰੀ ਸਿਆਸਤ ਵਿੱਚ ਫਿਰ ਭੁਚਾਲ ਜਿਹਾ ਆ ਗਿਆ । ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਸੋਹਣ ਸਿੰਘ ਠੰਡਲ, ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੈ ਰੁਪਾਨੀ ਦੀ ਅਗਵਾਈ 'ਚ ਭਾਜਪਾ 'ਚ ਸ਼ਾਮਿਲ ਹੋ ਗਏ ਹਨ।



# ਡਿਪਟੀ ਕਮਿਸ਼ਨਰ ਵੱਲੋਂ ਬਿਹਤਰ ਕਾਰਗੁਜ਼ਾਰੀ ਵਿਖਾਉਣ ਵਾਲੇ ਸੱਤ ਅਧਿਕਾਰੀ ਸਨਮਾਨਤ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)

ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਨੇ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਵਿੱਚ ਕੰਮ ਕਰਨ ਵਾਲੇ ਸੱਤ ਅਧਿਕਾਰੀਆਂ ਨੂੰ ਬਿਹਤਰ ਕਾਰਗੁਜ਼ਾਰੀ ਲਈ 'ਮਹੀਨੇ ਦੇ ਬਿਹਤਰ ਕਰਮਚਾਰੀ' ਐਵਾਰਡ ਦੇ ਕੇ ਸਨਮਾਨਤ ਕੀਤਾ। ਇਹਨਾਂ ਅਧਿਕਾਰੀਆਂ ਵਿੱਚ ਤਹਿਸੀਲਦਾਰ ਜਗਸੀਰ ਸਿੰਘ, ਸਹਾਇਕ ਫੂਡ ਸੇਫਟੀ ਅਫ਼ਸਰ ਰਜਿੰਦਰਪਾਲ ਸਿੰਘ, ਸਾਲਿਡ ਵੇਸਟ ਮੈਨੇਜਮੈਂਟ ਐਕਸਪਰਟ ਸ਼ਿਵਾਨੀ ਕੁਮਾਰ, ਸੁਪਰਡੈਂਟ ਦਿਨੇਸ਼ ਸੂਰੀ, ਜ਼ਿਲ੍ਹਾ ਸੂਚਨਾ ਅਫ਼ਸਰ ਰਣਜੀਤ ਸਿੰਘ, ਡਰੱਗ ਕੰਟਰੋਲਰ ਅਫਸਰ ਬਬਲੀਨ ਕੌਰ ਅਤੇ ਜ਼ੋਨਲ ਲਾਇਸੰਸਿੰਗ ਅਥਾਰਟੀ ਡਰੱਗ ਵਿੰਗ ਕੁਲਵਿੰਦਰ ਸਿੰਘ ਸ਼ਾਮਿਲ ਹਨ। ਮੀਟਿੰਗ ਦੌਰਾਨ ਵੱਖ-ਵੱਖ ਵਿਭਾਗਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਂਦੇ ਹੋਏ ਡਿਪਟੀ ਕਮਿਸ਼ਨਰ ਨੇ ਉਕਤ ਅਧਿਕਾਰੀਆਂ ਦੀ ਕਾਰਗੁਜ਼ਾਰੀ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹਨਾਂ ਨੇ ਕੇਵਲ ਆਪਣੇ ਡਿਊਟੀ ਸਮੇਂ ਦੌਰਾਨ ਹੀ ਨਹੀਂ ਬਲਕਿ ਦੇਰ ਰਾਤ ਤੱਕ ਵੀ ਆਪਣੇ ਕੰਮ ਤਸੱਲੀਬਖਸ਼ ਕੀਤੇ ਹਨ। ਉਨ੍ਹਾਂ ਦੱਸਿਆ ਕਿ ਤਿਉਹਾਰਾਂ ਦੇ ਦਿਨਾਂ ਵਿੱਚ ਫੂਡ ਸੇਫਟੀ ਵਿਭਾਗ ਦੇ ਅਧਿਕਾਰੀ ਅਤੇ ਨਸ਼ੇ ਦੀ ਰੋਕਥਾਮ ਲਈ ਡਰੱਗ ਵਿਭਾਗ ਦੇ ਅਧਿਕਾਰੀ ਪੂਰੀ ਮੁਸ਼ਤੈਦੀ ਨਾਲ ਆਪਣੇ ਕੰਮ ਨੂੰ ਅੰਜਾਮ ਦੇ ਰਹੇ ਹਨ। ਉਨਾਂ ਦੱਸਿਆ ਕਿ ਇਸੇ ਤਰ੍ਹਾਂ ਮਾਲ ਵਿਭਾਗ ਦੇ ਅਧਿਕਾਰੀ ਵਲੋਂ ਵੀ ਪੂਰੀ ਤਨਦੇਹੀ ਨਾਲ ਆਪਣੀ ਡਿਊਟੀ ਕੀਤੀ ਗਈ ਹੈ ਅਤੇ ਗ੍ਰਾਮ ਸਭਾ ਚੋਣਾਂ ਵਿੱਚ ਜ਼ਿਲ੍ਹਾ ਸੂਚਨਾ ਅਫ਼ਸਰ ਵਲੋਂ ਦਿਨ ਰਾਤ ਆਪਣੇ ਕੰਮ ਨੂੰ ਪੂਰਾ ਕੀਤਾ ਗਿਆ। ਉਨ੍ਹਾਂ ਸਾਰੇ ਹਾਜ਼ਰ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਇਨ੍ਹਾਂ ਕਰਮਚਾਰੀਆਂ ਤੋਂ ਪ੍ਰੇਰਨਾ ਲੈਣ ਦੀ ਅਪੀਲ ਕੀਤੀ।



# ਇੰਟਰਨੈੱਟ 'ਤੇ ਹੁੰਦੇ ਅਪਰਾਧਾਂ ਨੂੰ ਰੋਕਣ ਲਈ ਪੁਲਸ ਮੁਸਤੈਦ : ਏ ਡੀ ਜੀ ਪੀ



ਮੋਹਾਲੀ, (ਗੁਰਜੀਤ ਬਿੱਲਾ)

ਆਜੀਵਿਕਾ ਖੇਤਰੀ ਸਰਸ ਮੇਲਾ ਜੋ ਕਿ ਪਹਿਲੀ ਵਾਰ ਸਾਹਿਬਜ਼ਾਦਾ ਅਜੀਤ ਸਿੰਘ ਜ਼ਿਲ੍ਹੇ ਵਿਖੇ ਸਫਲਤਾਪੂਰਵਕ ਲਾਇਆ ਗਿਆ ਹੈ, ਉਸ ਵਿੱਚ ਰਵਾਇਤੀ ਲੋਕ-ਨਾਚ, ਲੋਕ ਕਲਾਵਾਂ, ਲੋਕ-ਗੀਤਾਂ ਰਾਹੀਂ ਜਿੱਥੇ ਮੇਲੀਆਂ ਨੂੰ ਆਕਰਸ਼ਿਤ ਕਰ ਰਿਹਾ ਹੈ, ਉੱਥੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕਮ ਨੋਡਲ ਅਫਸਰ ਮੇਲਾ, ਸੋਨਮ ਚੌਧਰੀ ਦੀ ਅਗਵਾਈ ਵਿੱਚ ਸਮਾਜਿਕ ਬੁਰਾਈਆਂ ਅਤੇ ਲੋਕ ਮੁੱਦਿਆਂ ਬਾਰੇ ਵੀ ਵੱਖ-ਵੱਖ ਮਾਧਿਅਮਾਂ ਰਾਹੀਂ ਮੇਲੀਆਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।ਮੇਲੇ ਦਾ ਛੇਵਾਂ ਦਿਨ ਇੰਟਰਨੈੱਟ ਦੇ ਮਾਧਿਅਮ ਰਾਹੀਂ ਹੁੰਦੇ ਅਪਰਾਧਾਂ ਅਤੇ ਫਰਾਡਾਂ ਨੂੰ ਰੋਕਣ ਲਈ ਸਾਈਬਰ ਕ੍ਰਾਇਮ ਵਿਭਾਗ ਨੂੰ ਸਮਰਪਿਤ ਰਿਹਾ।ਸਟੇਟ ਸਾਈਬਰ ਕ੍ਰਾਇਮ ਦੇ ਐਸ ਪੀ ਜਸ਼ਨਦੀਪ ਸਿੰਘ ਗਿੱਲ ਦੀ ਅਗਵਾਈ ਵਿੱਚ ਕਰਵਾਏ ਗਏ ਇਸ ਜਾਗਰੂਕਤਾ ਪ੍ਰੋਗਰਾਮ ਦੌਰਾਨ ਏ.ਡੀ.ਜੀ.ਪੀ ਸਾਈਬਰ ਕ੍ਰਾਇਮ ਵੀ. ਨੀਰਜਾ ਆਈ.ਪੀ.ਐੱਸ. ਨੇ ਬਤੌਰ ਮੁੱਖ ਮਹਿਮਾਨ ਮੇਲੇ ਵਿੱਚ ਸ਼ਮੂਲੀਅਤ ਕੀਤੀ ਅਤੇ ਜਾਗਰੂਕ ਕਰਦਿਆਂ ਕਿਹਾ ਕਿ ਜੇਕਰ ਤੁਹਾਡੇ ਨਾਲ਼ ਇੰਟਰਨੈੱਟ ਦੇ ਉੱਤੇ ਕਿਸੇ ਵੀ ਤਰ੍ਹਾਂ ਦਾ ਫਰਾਡ ਹੁੰਦਾ ਹੈ ਤਾਂ ਇਸ ਦੀ ਸੂਚਨਾ ਤੁਰੰਤ ਸਾਈਬਰ ਕ੍ਰਾਇਮ ਚੈੱਟ ਐਪ ਦੇ ਉੱਤੇ ਸਾਂਝੀ ਕਰੋ ਅਤੇ ਜੇਕਰ ਤੁਹਾਡੇ ਨਾਲ਼ ਕਿਸੇ ਵੀ ਤਰ੍ਹਾਂ ਦਾ ਪੈਸੇ ਦੇ ਲੈਣ-ਦੇਣ ਦਾ ਆਨਲਾਈਨ ਫਰਾਡ ਹੁੰਦਾ ਹੈ ਤਾਂ 1930 ਟੋਲ ਫ੍ਰੀ ਨੰਬਰ ਉੱਤੇ ਇਸ ਦੀ ਰਿਪੋਰਟ ਦਰਜ ਕਰਵਾਓ ਅਤੇ ਨੇੜੇ ਦੇ ਪੁਲਿਸ ਥਾਣੇ ਵਿੱਚ ਤੁਰੰਤ ਰਿਪੋਰਟ ਕਰੋ।

# ਜੋਨਲ ਅਥਲੈਟਿਕ ਮੀਟ ਦੀ ਲੁਠੇੜੀ ਸਕੂਲ ਵਿਖੇ ਸ਼ੁਰੂਆਤ

ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)

ਸਕੂਲ ਸਿੱਖਿਆ ਵਿਭਾਗ ਵੱਲੋਂ ਉਲੀਕੇ ਖੇਡ ਕੈਲੰਡਰ ਅਨੁਸਾਰ ਮੋਰਿੰਡਾ ਜੋਨ ਦੀਆਂ ਅਥਲੈਟਿਕਸ ਮੀਟ ਦੀ ਸ਼ੁਰੂਆਤ ਜ਼ਿਲ੍ਹਾ ਸਿੱਖਿਆ ਅਫਸਰ ਸੰਜੀਵ ਗੌਤਮ ਦੀ ਰਹਿਨੁਮਾਈ ਅਤੇ ਜੋਨਲ ਪ੍ਰਧਾਨ ਪ੍ਰਿੰਸੀਪਲ ਇੰਦਰਜੀਤ ਕੌਰ ਲੁਠੇੜੀ ਦੀ ਅਗਵਾਈ ਹੇਠ ਲੁਠੇੜੀ ਸਕੂਲ ਵਿਖੇ ਹੋਈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਮੀਡੀਆ ਇੰਚਾਰਜ਼ ਧਰਮਿੰਦਰ ਸਿੰਘ ਭੰਗੂ ਅਤੇ ਜੋਨਲ ਖੇਡਾਂ ਦੇ ਸਕੱਤਰ ਸੁਰਮੁੱਖ ਸਿੰਘ ਮਜਾਤੜੀ ਨੇ ਦੱਸਿਆ ਕਿ ਅੱਜ ਪਹਿਲੇ ਦਿਨ ਲੜਕੀਆਂ ਦੇ ਖੇਡ ਮੁਕਾਬਲੇ ਕਰਵਾਏ ਗਏ।ਅਥਲੈਟਿਕਸ ਮੀਟ ਦੀ ਸ਼ੁਰੂਆਤ ਰੁਪਿੰਦਰ ਕੌਰ ਸਰਪੰਚ ਲੁਠੇੜੀ ਨੇ ਕਰਵਾਈ।ਉਨ੍ਹਾਂ ਤੋਂ ਇਲਾਵਾ ਸਾਬਕਾ ਸਰਪੰਚ ਟਹਿਲ ਸਿੰਘ ਅਤੇ ਪਰਮਜੀਤ ਕੌਰ ਮੈਂਬਰ ਪੰਚਾਇਤ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਇਸ ਮੌਕੇ ਉਨ੍ਹਾਂ ਸੰਬੋਧਨ ਕਰਦਿਆਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਨੂੰ ਗੰਭੀਰਤਾ ਨਾਲ ਲੈਣ ਲਈ ਕਿਹਾ ਕਿਉਂਕਿ ਖੇਡਾਂ ਬੱਚਿਆਂ ਵਿੱਚ ਅਨੇਕਾਂ ਨੈਤਿਕ ਗੁਣ ਪੈਦਾ ਕਰਦੀਆਂ ਹਨ ਅਤੇ ਨਸ਼ਿਆਂ ਤੋਂ ਵੀ ਬਚਾਉਂਦੀਆਂ ਹਨ। ਅੱਜ ਹੋਏ ਮੁਕਾਬਲਿਆਂ ਵਿੱਚ 14 ਸਾਲਾ 17 ਸਾਲ ਤੇ 19 ਸਾਲ ਉਮਰ ਗੁੱਟ ਵਿੱਚ ਵੱਖ ਵੱਖ ਦੌੜਾ ਦੇ ਮੁਕਾਬਲੇ, ਇਸ ਤੋਂ ਇਲਾਵਾ ਉੱਚੀ ਛਾਲ, ਲੰਬੀ ਛਾਲ, ਡਿਸਕਸ ਥਰੋ, ਸ਼ਾਰਟ ਪੁੱਟ, ਹੈਮਰ ਥਰੋ ਦੇ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਇਹਨਾਂ ਮਕਾਲਿਆਂ ਵਿੱਚ ਬਲਾਕ ਮੋਰਿੰਡਾ ਦੇ ਤਕਰੀਬਨ ਦੋ ਦਰਜਨ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਹੈਮਰਥਰੋਅ, ਗੋਲਾ ਸਿੱਟਣ ਅਤੇ ਅੜਿੱਕਾ ਦੌੜ ਵਿੱਚ ਲੁਠੇੜੀ ਸਕੂਲ ਦੇ ਵਿਦਿਆਰਥੀਆਂ ਦੀ ਝੰਡੀ ਦੇ ਵਿਦਿਆਰਥੀਆਂ ਦੀ ਝੰਡੀ ਰਹੀ।



# ਕਿਸਾਨ ਅੱਜ ਐਮ ਪੀ ਡਾਕਟਰ ਰਾਜ ਕੁਮਾਰ ਨੂੰ ਦੇਣਗੇ ਮੰਗ ਪੱਤਰ ਦੇਣਗੇ

ਮੇਹਟੀਆਣਾ(ਜਗਤਾਰਸਿੰਘ ਭੁੰਗਰਨੀ) ਪਿੰਡ ਬੱਡੋਂ ਵਿਖੇ ਕਿਸਾਨ ਕਮੇਟੀ ਦੋਆਬਾ ਪੰਜਾਬ ਦੀ ਇੱਕ ਅਹਿਮ ਮੀਟਿੰਗ ਕੀਤੀ ਗਈ।ਇਸ ਮੌਕੇ ਕਮੇਟੀ ਪ੍ਰਧਾਨ ਸਤਵੀਰ ਸਿੰਘ ਦਿਹਾਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਅੱਜ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਹੈ ਕਿ 25 ਅਕਤੂਬਰ ਨੂੰ ਸਵੇਰੇ 9 ਵਜੇ ਸਾਰੇ ਕਿਸਾਨ ਵੀਰ ਜਿਆਣ ਵਾਲੀ ਮੰਡੀ ਵਿੱਚ ਇਕੱਠੇ ਹੋ ਕੇ ਚੱਬੇਵਾਲ ਹਲਕੇ ਤੋਂ ਮੌਜੂਦਾ ਐਮਪੀ ਡਾਕਟਰ ਰਾਜ ਕੁਮਾਰ ਨੂੰ ਇੱਕ ਮੰਗ ਪੱਤਰ ਦੇਣਗੇ । ਉਨ੍ਹਾਂ ਦੱਸਿਆ ਕਿ ਅਗਰ 24 ਘੰਟੇ ਦੇ ਵਿੱਚ ਸਾਡੀਆਂ ਸਮੱਸਿਆਵਾਂ ਨਾ ਸੁਣੀਆਂ ਗਈਆਂ ਅਤੇ ਸਾਡਾ ਝੋਨਾ ਨਾ ਚੁੱਕਿਆ ਗਿਆ ਤਾਂ ਸਾਨੂੰ ਮਜ਼ਬੂਰਨ ਉਹਨਾਂ ਦੇ ਘਰ ਬਾਹਰ ਧਰਨਾ ਲਾਉਣਾ ਪਵੇਗਾ । ਉਨ੍ਹਾਂ ਕਿਸਾਨ ਵੀਰਾਂ ਨੂੰ ਬੇਨਤੀ ਕੀਤੀ ਕਿ ਜ਼ਿਆਦਾ ਤੋਂ ਜ਼ਿਆਦਾ ਇਕੱਠੇ ਹੋ ਕੇ ਆਉਣ। ਮੀਟਿੰਗ ਦੌਰਾਨ ਕਮੇਟੀ ਪ੍ਰਧਾਨ ਸਤਬੀਰ ਸਿੰਘ ਦਿਹਾਣਾ, ਅਮਨ ਮੋਨਾ ਕਲਾ, ਜਸਵੀਰ ਸਿੰਘ ਥੱਪਲ, ਬਲਜੀਤ ਸਿੰਘ ਬੱਡੋ, ਅਮਨਦੀਪ ਬੱਡੋ, ਰਵਿੰਦਰ ਸਿੰਘ ਲਾਡੀ, ਲਵਪ੍ਰੀਤ ਮੋਘੋਪੱਟੀ, ਬਲਜੀਤ ਸਿੰਘ ਮੋਗੋਪੱਟੀ, ਜਸਬੀਰ ਸਿੰਘ ਸਰਹਾਲਾ ਖੁਰਦ, ਗੁਰਦੀਪ ਸਿੰਘ ਸਰਹਾਲਾ ਖੁਰਦ, ਸ਼ੀਰਾ ਲਾਲਪੁਰ, ਪ੍ਰਦੀਪ ਸਿੰਘ ਰਹੱਲੀ, ਕਮਲ ਬਢੇਲਾ, ਸੋਨਾ ਦਿਹਾਣਾ, ਜਸਵੀਰ ਸਿੰਘ ਛਿੰਦਾ ਦਿਹਾਣਾ ,ਓਂਕਾਰ ਸਿੰਘ ਮਾਹਲਾ, ਨੰਬਰਦਾਰ ਜੋਗਾ ਸਿੰਘ ਬੱਡੋ, ਦਲਜੀਤ ਸਿੰਘ ਸੋਨੀ ਰਹੱਲੀ ਆਦਿ ਹਾਜ਼ਰ ਸਨ।

# ਕੈਂਬਰਿਜ ਅਰਥ ਸਕੂਲ 'ਚ ਹੈਲੋਵੀਨ ਦਿਵਸ ਮਨਾਇਆ



ਟਾਂਡਾ ਉੜਮੁੜ,(ਜਸਵਿੰਦਰ ਸੰਧੂ, ਉਂਕਾਰ ਸਿੰਘ)

ਕੈਂਬਰਿਜ ਅਰਥ ਸਕੂਲ ਟਾਂਡਾ ਨੇ ਆਪਣੇ ਕਿੰਡਰਗਾਰਟਨ ਸੈਕਸ਼ਨ ਵਿਚ ਬਹੁਤ ਹੀ ਉਤਸ਼ਾਹ ਨਾਲ ਹੈਲੋਵੀਨ ਦਿਵਸ ਮਨਾਇਆ। ਹੈਲੋਵੀਨ ਦੀਆਂ ਜੜ੍ਹਾਂ ਸਮਹੈਨ ਦੇ ਪ੍ਰਾਚੀਨ ਸੇਲਟਿਕ ਤਿਉਹਾਰ ਵਿਚ ਚ ਹਨ, ਜੋ ਕਿ ਸਰਦੀਆਂ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ। ਪ੍ਰਿੰਸੀਪਲ ਸ਼ਿਵਾਲੀ ਅਰੋੜਾ ਨੇ ਕਿਹਾ ਕਿ ਇਹ ਸਮਾਗਮ ਡਰਾਉਣੀ ਸਜਾਵਟ, ਰੋਮਾਂਚਕ ਖੇਡਾਂ ਅਤੇ ਦਿਲਚਸਪ ਗਤੀਵਿਧੀਆਂ ਨਾਲ ਭਰਿਆ ਹੋਇਆ ਸੀ। ਵਿਦਿਆਰਥੀਆਂ ਨੇ ਕਾਲੇ ਰੰਗ ਦੇ ਪਹਿਰਾਵੇ ਪਹਿਨੇ ਹੋਏ ਸਨ ਅਤੇ ਆਪਣੀ ਕਲਪਨਾ ਅਤੇ ਰਚਨਾਤਮਕਤਾ ਦਾ ਪ੍ਰਦਰਸ਼ਨ ਕੀਤਾ। ਸਾਡੇ ਬੱਚਿਆਂ ਨੂੰ ਇਸ ਤਿਉਹਾਰ ਦੀ ਭਾਵਨਾ ਨੂੰ ਇੰਨੇ ਉਤਸ਼ਾਹ ਨਾਲ ਅਪਨਾਉਂਦੇ ਹੋਏ ਦੇਖਣਾ ਬਹੁਤ ਵਧੀਆ ਹੈ। ਹੈਲੋਵੀਨ ਤਿਉਹਾਰ ਇਕ ਵਿਸ਼ਵਵਿਆਪੀ ਜਸ਼ਨ ਹੈ, ਜੋ ਪਹਿਲਾਂ ਹੀ ਸੰਯੁਕਤ ਰਾਜ ਅਤੇ ਕੈਨੇਡਾ ਵਰਗੇ ਵੱਡੇ ਦੇਸ਼ਾਂ ਨੂੰ ਪਾਰ ਕਰ ਚੁੱਕਾ ਹੈ ਅਤੇ ਹੁਣ ਦੁਨੀਆ ਭਰ ਦੇ ਸਕੂਲਾਂ ਅਤੇ ਕਲਾਸਰੂਮਾਂ ਵਿਚ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਨੂੰ ਸ਼ਾਨਦਾਰ ਸਫ਼ਲ ਬਣਾਉਣ ਲਈ ਸਮਰਪਿਤ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਪ੍ਰਿੰਸੀਪਲ ਨੇ ਕਿਹਾ ਕਿ ਤੁਹਾਡੀ ਮਿਹਨਤ ਅਤੇ ਰਚਨਾਤਮਕਤਾ ਨੇ ਸਾਡੇ ਵਿਦਿਆਰਥੀਆਂ ਲਈ ਜੀਵਨ ਭਰ ਦੀਆਂ ਯਾਦਾਂ ਬਣਾਈਆਂ ਹਨ।ਇਸ ਮੌਕੇ ਸਕੂਲ ਦੇ ਕੋਆਰਡੀਨੇਟਰ ਕੁਲਵਿੰਦਰ ਕੌਰ ਅਤੇ ਅਧਿਆਪਕ ਹਾਜ਼ਰ ਸਨ।

ਨਵਾਂ ਜ਼ਮਾਨਾ
ਸ਼ੁੱਕਰਵਾਰ, 25 ਅਕਤੂਬਰ 2024

# ਸੋਚਣ ਦੀ ਘੜੀ

ਭਾਰਤ ਦਾ ਆਜ਼ਾਦੀ ਸੰਗਰਾਮ ਇਸ ਲਿਹਾਜ਼ ਨਾਲ ਅਨੂਠਾ ਰਿਹਾ ਹੈ ਕਿ ਇਸ ਨੇ ਅਹਿੰਸਕ ਮੁਜ਼ਾਹਮਤ ਨਾਲ ਇਕ ਅਜਿਹੇ ਅਧੁਨਿਕ ਰਾਸ਼ਟਰ-ਰਾਜ ਦੀ ਨੀਂਹ ਰੱਖੀ, ਜਿਸ 'ਚ ਧਰਮ, ਖੇਤਰ, ਭਾਸ਼ਾ ਜਾਂ ਨਸਲ ਦੇ ਵਿਤਕਰੇ ਦੇ ਬਿਨਾਂ ਸਭ ਬਰਾਬਰ ਮੰਨੇ ਗਏ। ਰਜਵਾੜਾਸ਼ਾਹੀ ਖਤਮ ਕਰਕੇ ਅਜਿਹਾ ਰਾਜ ਕਾਇਮ ਕੀਤਾ ਗਿਆ, ਜਿਸ 'ਚ ਧਰਮ-ਨਿਰਪੱਖ ਤੇ ਜਮਹੂਰੀ ਸੰਵਿਧਾਨ ਨੂੰ ਸਰਬਉੱਚ ਸਥਾਨ ਦਿੱਤਾ ਗਿਆ, ਜਿਸ 'ਤੇ ਹੁਕਮਰਾਨਾਂ ਦੇ ਆਉਣ-ਜਾਣ ਨਾਲ ਫਰਕ ਨਾ ਪੈਂਦਾ, ਪਰ ਹੁਣ ਆਜ਼ਾਦੀ ਦੇ ਅੰਮ੍ਰਿਤਕਾਲ ਵਿਚ ਭਾਰਤ ਨੂੰ ਵੰਡ ਦੀਆਂ ਦੁਖਦ ਯਾਦਾਂ ਨਾਲ ਉਲਝਾਇਆ ਜਾ ਰਿਹਾ ਹੈ। ਮੁਸਲਮਾਨਾਂ ਨੂੰ ਇਸ ਦਾ ਗੁਨਾਹਗਾਰ ਦੱਸਦੇ ਹੋਏ ਬਦਲਾ ਲੈਣ ਦਾ ਸੱਦਾ ਦਿੱਤਾ ਜਾ ਰਿਹਾ ਹੈ, ਜਦਕਿ ਭਾਰਤੀ ਮੁਸਲਮਾਨਾਂ ਦੇ ਪੁਰਖੇ ਮੁਹੰਮਦ ਅਲੀ ਜਿਨਾਹ ਨੂੰ ਨਹੀਂ, ਮਹਾਤਮਾ ਗਾਂਧੀ ਤੇ ਨਹਿਰੂ ਨੂੰ ਮੰਨਣ ਵਾਲੇ ਸਨ। ਇਸੇ ਕਰਕੇ ਉਨ੍ਹਾਂ ਇਸਲਾਮ ਦੇ ਨਾਂਅ 'ਤੇ ਬਣਾਏ ਗਏ ਪਾਕਿਸਤਾਨ ਨੂੰ ਛੱਡ ਕੇ ਭਾਰਤ ਵਿਚ ਰਹਿਣਾ ਕਬੂਲ ਕੀਤਾ, ਜਿੱਥੇ ਉਨ੍ਹਾਂ ਦੀ ਸਥਿਤੀ ਹਰ ਹਾਲ ਵਿਚ 'ਘੱਟ-ਗਿਣਤੀ' ਵਾਲੀ ਰਹਿਣੀ ਸੀ। ਸਰਦਾਰ ਵੱਲਭ ਭਾਈ ਪਟੇਲ ਨੇ 1950 'ਚ ਇਕ ਭਾਸ਼ਣ ਵਿਚ ਕਿਹਾ ਸੀ—ਸਾਡਾ ਇਕ ਧਰਮ-ਨਿਰਪੱਖ ਰਾਜ ਹੈ। ਇੱਥੇ ਹਰ ਮੁਸਲਮਾਨ ਨੂੰ ਇਹ ਮਹਿਸੂਸ ਕਰਨਾ ਚਾਹੀਦਾ ਹੈ ਕਿ ਉਹ ਭਾਰਤ ਦਾ ਨਾਗਰਿਕ ਹੈ ਤੇ ਭਾਰਤੀ ਹੋਣ ਦੇ ਨਾਤੇ ਉਸ ਦਾ ਬਰਾਬਰ ਅਧਿਕਾਰ ਹੈ। ਜੇ ਅਸੀਂ ਉਸ ਨੂੰ ਅਜਿਹਾ ਅਹਿਸਾਸ ਨਹੀਂ ਕਰਾ ਸਕਦੇ ਤਾਂ ਅਸੀਂ ਆਪਣੀ ਵਿਰਾਸਤ ਤੇ ਇਸ ਦੇਸ਼ ਦੇ ਲਾਇਕ ਨਹੀਂ।

ਮੋਦੀ ਤੋਂ ਲੈ ਕੇ ਯੋਗੀ ਤੱਕ ਸਰਦਾਰ ਪਟੇਲ ਦੇ ਗੁਣ ਗਾਉਂਦੇ ਨਹੀਂ ਥੱਕਦੇ, ਪਰ ਉਨ੍ਹਾਂ ਦੇ ਰਾਜ ਵਿਚ ਕਿਸੇ ਵੀ ਆਮ ਮੁਸਲਮਾਨ ਨੂੰ ਪਾਕਿਸਤਾਨੀ ਕਿਹਾ ਜਾ ਸਕਦਾ ਹੈ, ਦਹਿਸ਼ਤਗਰਦ ਕਿਹਾ ਜਾ ਸਕਦਾ ਹੈ, ਦੇਸ਼ ਪ੍ਰਤੀ ਉਸ ਦੀ ਵਫਾਦਾਰੀ ਉੱਤੇ ਸ਼ੱਕ ਕੀਤਾ ਜਾ ਸਕਦਾ ਹੈ, ਏਨਾ ਹੀ ਨਹੀਂ ਤਮਾਮ ਧਾਰਮਕ ਜਲੂਸਾਂ ਦੇ ਪਹੀਏ ਕਿਸੇ ਮਸਜਿਦ ਅੱਗੇ ਰੁਕ ਜਾਂਦੇ ਹਨ ਤੇ ਮੁਸਲਮਾਨਾਂ ਪ੍ਰਤੀ ਗਾਲ੍ਹਾਂ ਨਾਲ ਭਰੀ ਨਾਅਰੇਬਾਜ਼ੀ ਸ਼ੁਰੂ ਹੋ ਜਾਂਦੀ ਹੈ, ਹਰੇ ਰੰਗ ਦਾ ਝੰਡਾ ਉਤਰਵਾ ਕੇ ਭਗਵਾਂ ਲਹਿਰਾਉਣ ਵਿਚ ਬਹਾਦਰੀ ਸਮਝੀ ਜਾਂਦੀ ਹੈ। ਹੱਦ ਤਾਂ ਇਹ ਹੈ ਕਿ ਅਜਿਹੇ ਜਲੂਸਾਂ 'ਚ ਭਜਨਾਂ ਦੀ ਥਾਂ ਮੁਸਲਮਾਨਾਂ ਪ੍ਰਤੀ ਨਫਰਤ ਨਾਲ ਭਰੇ ਭੜਕਾਊ ਗਾਣੇ ਵਜਾਏ ਜਾਂਦੇ ਹਨ। ਅਜਿਹੀ ਪ੍ਰਸਥਿਤੀ ਵਿਚ ਇਹ ਉਮੀਦ ਵੀ ਕੀਤੀ ਜਾਂਦੀ ਹੈ ਕਿ ਕੋਈ ਪ੍ਰਤੀਕਿਰਿਆ ਨਾ ਹੋਵੇ। ਮੁਸਲਿਮ ਸਾਂਸਦ ਨੂੰ ਲੋਕ ਸਭਾ ਅੰਦਰ ਗਾਲ੍ਹ ਕੱਢੀ ਜਾ ਸਕਦੀ ਹੈ, ਪਰ ਪ੍ਰਧਾਨ ਮੰਤਰੀ ਦੇ ਮੂੰਹੋਂ ਇਕ ਸ਼ਬਦ ਨਹੀਂ ਨਿਕਲਦਾ। ਗੋਦੀ ਮੀਡੀਆ ਵੀ ਨਫਰਤ ਦੀ ਇਸ ਅੱਗ ਵਿਚ ਘਿਓ ਪਾ ਰਿਹਾ ਹੈ।

ਜ਼ਾਹਰ ਹੈ ਕਿ ਇਹ ਸਭ ਇਕ ਸਿਆਸੀ ਪ੍ਰੋਜੈਕਟ ਦਾ ਹਿੱਸਾ ਹੈ। ਆਜ਼ਾਦੀ ਦੇ ਅੰਦੋਲਨ ਵਿਚ ਅੰਗਰੇਜ਼ਾਂ ਨਾਲ ਖੜ੍ਹਾ ਰਿਹਾ ਰਾਸ਼ਟਰੀ ਸੋਇਮ ਸੇਵਕ ਸੰਘ (ਆਰ ਐੱਸ ਐੱਸ) ਤਮਾਮ ਭਰਮ ਫੈਲਾ ਕੇ ਅੱਜ ਸੱਤਾ ਵਿਚ ਹੈ ਤੇ ਉਹ ਆਜ਼ਾਦੀ ਦੇ ਅੰਦੋਲਨ ਦੇ ਤਮਾਮ ਸੰਕਲਪਾਂ ਨੂੰ ਉਲਟਣ ਵਿਚ ਲੱਗਿਆ ਹੋਇਆ ਹੈ। ਸਵਾਮੀ ਵਿਵੇਕਾਨੰਦ ਨੇ 'ਇਸਲਾਮੀ ਸਰੀਰ ਤੇ ਵੇਦਾਂਤੀ ਦਿਮਾਗ ਦੇ ਮੇਲ ਨੂੰ ਭਾਰਤ ਦਾ ਭਵਿੱਖ' ਦੱਸਿਆ ਸੀ ਤਾਂ ਸਮਝਦਾਰ ਹਿੰਦੂ ਉਨ੍ਹਾ ਦਾ ਸਾਥ ਕਿਵੇਂ ਦੇ ਸਕਦੇ ਹਨ, ਜਿਹੜੇ ਇਸ ਮੇਲ ਨੂੰ ਨਸ਼ਟ ਕਰਨ 'ਤੇ ਤੁਲੇ ਹੋਏ ਹਨ ? ਜੇ ਉਹ ਮੁਸਲਮਾਨਾਂ ਦੇ ਨਾਲ ਹਰ ਕਦਮ 'ਤੇ ਹੋਣ ਵਾਲੀ ਬੇਇਨਸਾਫੀ ਨੂੰ ਬਰਦਾਸ਼ਤ ਕਰਦੇ ਰਹਿਣਗੇ ਤਾਂ ਭਲਕ ਨੂੰ ਉਨ੍ਹਾਂ ਨਾਲ ਵੀ ਇਨਸਾਫ ਨਹੀਂ ਹੋਵੇਗਾ। ਇਹ ਹਿੰਦੂਆਂ ਲਈ ਮਾਰਟਿਨ ਲੂਥਰ ਕਿੰਗ ਜੂਨੀਅਰ ਦੀ ਚਿਤਾਵਨੀ ਨੂੰ ਯਾਦ ਕਰਨ ਦਾ ਵੇਲਾ ਹੈ ਕਿ ਜੇ ਤੁਸੀਂ ਬੇਇਨਸਾਫੀ ਨੂੰ ਦੇਖ ਕੇ ਚੁੱਪ ਰਹੇ ਤਾਂ ਪੂਰਾ ਖਤਰਾ ਹੈ ਕਿ ਤੁਹਾਨੂੰ ਵੀ ਇਨਸਾਫ ਨਾ ਮਿਲੇ, ਜਦੋਂ ਤੁਸੀਂ ਬੇਇਨਸਾਫੀ ਦਾ ਸ਼ਿਕਾਰ ਹੋਵੋਗੇ।

# ਸ਼ਰਧਾਲੂ ਨਹੀਂ, ਵਿਵੇਕਸ਼ੀਲ ਮਨੁੱਖ ਦੁਨੀਆ ਨੂੰ ਬਦਲਦੇ


ਗੁਰਚਰਨ ਸਿੰਘ ਨੂਰਪੁਰ

ਜੀਵ ਵਿਗਿਆਨੀ ਦੱਸਦੇ ਹਨ ਮਨੁੱਖ ਨੇ ਝੁੰਡਾਂ ਵਿੱਚ ਰਹਿਣਾ ਜਾਨਵਰਾਂ ਤੋਂ ਸਿੱਖਿਆ। ਕੁਝ ਖੋਜੀਆਂ ਦਾ ਇਹ ਵੀ ਖਿਆਲ ਹੈ ਕਿੜੀਆਂ ਦੇ ਸਮਾਜਿਕ ਤਾਣੇ-ਬਾਣੇ ਨੂੰ ਸਮਝ ਕੇ ਮਨੁੱਖ ਨੇ ਝੁੰਡਾਂ ਵਿੱਚ ਰਹਿਣਾ ਸਿੱਖਿਆ। ਇਸ ਵਿੱਚ ਕਿੰਨੀ ਸੱਚਾਈ ਹੈ, ਇਹ ਕੋਈ ਨਹੀਂ ਜਾਣਦਾ, ਪਰ ਇਹ ਸੱਚ ਜ਼ਰੂਰ ਹੈ ਕਿ ਇੱਕੀਵੀਂ ਸਦੀ ਦੇ ਮਨੁੱਖ ਨੂੰ ਵੀ ਅਜੇ ਤੱਕ ਸਮਾਜ ਵਿੱਚ ਠੀਕ ਤਰ੍ਹਾਂ ਰਹਿਣਾ ਨਹੀਂ ਆਇਆ, ਇਹ ਜਾਤਾਂ, ਨਸਲਾਂ, ਧਰਮਾਂ ਦੇ ਨਾਂਅ 'ਤੇ ਵੰਡਿਆ ਹੋਇਆ ਹੈ। ਦੁਨੀਆਂ ਭਰ ਵਿੱਚ ਫਿਰਕੂਵਾਦ, ਲੜਾਈਆਂ, ਝਗੜੇ, ਦੰਗੇ-ਫਸਾਦ ਤੇ ਕਤਲੋਗਾਰਤ ਦੀ ਜੜ੍ਹ ਸਮਾਜਿਕ ਵਖਰੇਵੇਂ ਹਨ।

ਪਿਛਲੇ ਅਰਸੇ ਤੋਂ ਮਨੀਪੁਰ ਵਿੱਚ ਦੋ ਫਿਰਕਿਆਂ ਵਿੱਚ ਹੋਏ ਸ਼ਰਮਨਾਕ ਦੰਗੇ ਅਤੇ ਇਜ਼ਰਾਈਲ ਅਤੇ ਫਲਸਤੀਨ ਦੀ ਜੰਗ ਦੀਆਂ ਜੜ੍ਹਾਂ ਵੀ ਮੂਲ ਰੂਪ ਵਿੱਚ ਨਸਲੀ ਤੇ ਮਜ਼ਹਬੀ ਵਖਰੇਵੇਂ ਹੀ ਹਨ। ਇਹ ਸਭ ਕੁਝ ਦੱਸਦਾ ਹੈ ਕਿ ਅੱਜ ਦੇ ਇਸ ਵਿਕਸਤ ਦੌਰ ਵਿੱਚ ਵੀ ਮਨੁੱਖੀ ਮਨ ਵਿੱਚ ਪਈਆਂ ਰੂੜ੍ਹੀਵਾਦੀ ਸੰਪਰਦਾਈ ਗੰਢਾਂ ਅਜੇ ਖੁੱਲ੍ਹੀਆਂ ਨਹੀਂ। ਮਨੁੱਖ ਭੀੜ ਦਾ ਹਿੱਸਾ ਬਣ ਕੇ ਆਪਣੇ ਆਪ ਨੂੰ ਵਧੇਰੇ ਸੁਰੱਖਿਅਤ ਮਹਿਸੂਸ ਕਰਦਾ ਹੈ। ਭੀੜ ਕਈ ਤਰ੍ਹਾਂ ਦੀਆਂ ਜ਼ਿੰਮੇਵਾਰੀਆਂ ਤੋਂ ਬਚਣ ਦਾ ਉਪਾਅ ਹੈ। ਭੀੜ ਵਿੱਚ ਸ਼ਾਮਲ ਹੋ ਕੇ ਬੰਦਾ ਕਈ ਵਾਰ ਉਹ ਕੁਝ ਕਰ ਜਾਂਦਾ ਹੈ, ਜਿਸ ਦਾ ਇਕੱਲਿਆਂ ਰਹਿ ਕੇ ਉਸ ਨੇ ਕਦੇ ਕਿਆਸ ਵੀ ਨਹੀਂ ਕੀਤਾ ਹੁੰਦਾ। ਮਨੋਵਿਗਿਆਨ ਅਨੁਸਾਰ ਦੰਗੇ ਫਸਾਦ, ਸਮੂਹਕ ਕਤਲੇਆਮ, ਭੰਨ-ਤੋੜ ਕਰਨ ਜਿਹੀਆਂ ਪਰਵਿਰਤੀਆਂ ਕੁਝ ਮਨੁੱਖਾਂ ਦੇ ਅੰਦਰ ਦੱਬਵੇਂ ਰੂਪ ਵਿੱਚ ਪਈਆਂ ਰਹਿੰਦੀਆਂ ਹਨ। ਇਕੱਲਿਆਂ ਮਨੁੱਖ ਇਹਨਾਂ ਪਰਵਿਰਤੀਆਂ ਨੂੰ ਅਮਲ ਵਿੱਚ ਲਿਆਉਣ ਤੋਂ ਡਰਦਾ ਹੈ ਅਤੇ ਭੀੜ ਦਾ ਹਿੱਸਾ ਬਣ ਕੇ ਉਹ ਅਜਿਹੀਆਂ ਘਟਨਾਵਾਂ ਨੂੰ ਸਰਅੰਜ਼ਾਮ ਦੇਣ ਲਈ ਰਤੀ ਭਰ ਵੀ ਨਹੀਂ ਝਿਜਕਦਾ, ਕਿਉਂਕਿ ਉਹ ਸਮਝਦਾ ਹੈ ਜਦੋਂ ਤਕ ਭੀੜ ਉਸ ਦੇ ਨਾਲ ਹੈ, ਉਹ ਕੁਝ ਵੀ ਕਰ ਲਵੇ, ਕੋਈ ਪੁੱਛਣ ਵਾਲਾ ਨਹੀਂ। ਭੀੜ ਆਪਣੇ ਆਪ ਨੂੰ ਸੁਰੱਖਿਅਤ ਸਮਝਦੀ ਹੈ।

ਮਨੁੱਖੀ ਇਤਿਹਾਸ 'ਤੇ ਨਿਗ੍ਹਾ ਮਾਰਿਆਂ ਪਤਾ ਚਲਦਾ ਹੈ ਕਿ ਜਦੋਂ ਵੀ ਕਦੇ ਕਿਸੇ ਖਿੱਤੇ ਵਿੱਚ ਮਨੁੱਖ ਵੱਲੋਂ ਮਨੁੱਖ 'ਤੇ ਕਹਿਰ ਵੱਡੀਆਂ ਭੀੜਾਂ ਦੁਆਰਾ ਹੀ ਢਾਹਿਆ ਗਿਆ, ਕਿਉਂਕਿ ਮਨੁੱਖ ਜਾਣਦਾ ਹੈ ਕਿ ਭੀੜਾਂ ਨੂੰ ਸਜ਼ਾਵਾਂ ਦੇਣੀਆਂ ਮੁਸ਼ਕਲ ਹੁੰਦੀਆਂ ਹਨ। ਕਿਸੇ ਸੰਪਰਦਾ ਜਾਂ ਧਰਮ ਨੂੰ ਮੰਨਣ ਵਾਲਾ ਹਰ ਵਿਅਕਤੀ ਸਮਝਦਾ ਹੈ ਕਿ ਉਹ ਪਰਮ ਤੱਤ ਦੀ ਭਾਲ ਵਿੱਚ ਤੁਰਿਆ ਹੋਇਆ ਹੈ ਤੇ ਬਹੁਤ ਜਲਦੀ ਉਹ ਪਰਮ ਤੱਤ (ਸੱਚ) ਤੱਕ ਪਹੁੰਚ ਜਾਏਗਾ, ਪਰ ਹਕੀਕਤ ਇਹ ਹੈ ਕਿ ਭੀੜ ਦਾ ਹਿੱਸਾ ਬਣ ਕੇ ਮਨੁੱਖ ਨੂੰ ਗਿਆਨ ਹਾਸਲ ਨਹੀਂ ਹੋ ਸਕਦਾ, ਸਗੋਂ ਸੱਚਾਈ ਇਸ ਤੋਂ ਕੋਹਾਂ ਦੂਰ ਹੁੰਦੀ ਹੈ। ਧਰਮ ਦੇ ਨਾਂਅ 'ਤੇ ਇਕੱਠੀਆਂ ਹੋਈਆਂ ਭੀੜਾਂ ਨਾਲ ਦੂਜਿਆਂ 'ਤੇ ਪ੍ਰਭਾਵ ਤਾਂ ਬਣਾਇਆ ਜਾ ਸਕਦਾ ਹੈ ਜਾਂ ਦੂਜੇ ਫਿਰਕਿਆਂ ਨੂੰ ਡਰਾਇਆ-ਧਮਕਾਇਆ ਜਾ ਸਕਦਾ ਹੈ, ਪਰ ਸੱਚ ਅਤੇ ਗਿਆਨ ਦਾ ਅੰਸ਼ ਭੀੜ ਵਿੱਚ ਕਦੇ ਵੀ ਪੈਦਾ ਨਹੀਂ ਹੁੰਦਾ। ਭੀੜਾਂ ਸਿਰ ਰਹਿਤ ਹੁੰਦੀਆਂ ਹਨ।

ਦੁਨੀਆ ਵਿੱਚ ਵੱਡੀਆਂ ਤਬਦੀਲੀਆਂ ਉਹਨਾਂ ਲੋਕਾਂ ਨੇ ਕੀਤੀਆਂ ਹਨ, ਜੋ ਕਿਸੇ ਵੀ ਸੰਪਰਦਾ ਦੇ ਸ਼ਰਧਾਲੂ ਜਾਂ ਭੀੜ ਦਾ ਹਿੱਸਾ ਨਹੀਂ ਸਨ। ਗਲੈਲੀਓ, ਜਿਉਨਾਰਦੋ ਬੁਰੋਨੋ, ਚਾਰਲਸ ਡਾਰਵਿਨ, ਸਿਗਮੰਡ ਫਰਾਇਡ, ਕਾਰਲ ਮਾਰਕਸ, ਲੂਈਸ ਪਾਸਚਰ, ਥਾਮਸ ਐਡੀਸਨ, ਮਾਰਕੋਨੀ, ਬੈਂਜ਼ਾਮਿਨ ਫਰੈਂਕਲਿਨ ਅਤੇ ਆਈਨਸਟਾਈਨ ਵਰਗੇ ਰੌਸ਼ਨ ਦਿਮਾਗ ਜੇਕਰ ਕਿਸੇ ਧਰਮ ਦੇ ਸ਼ਰਧਾਲੂ ਹੁੰਦੇ ਤਾਂ ਇਹ ਦੁਨੀਆ ਹੋਰ ਤਰ੍ਹਾਂ ਦੀ ਹੋਣੀ ਸੀ। ਕਿਸੇ ਸਾਧ-ਸੰਤ ਤੋਂ ਭਵਜਲੋਂ ਪਾਰ ਲੰਘਣ ਦੀ ਜੁਗਤ ਸਿੱਖ ਰਹੀ ਭੀੜ 'ਚੋਂ ਇਹ ਆਸ ਨਾ ਰੱਖਿਓ ਕਿ ਉਹਨਾਂ 'ਚੋਂ ਕੋਈ ਵੱਡਾ ਵਿਦਵਾਨ, ਸਾਇੰਸਦਾਨ, ਦਾਨਿਸ਼ਵਰ ਜਾਂ ਫਿਲਾਸਫਰ ਪੈਦਾ ਹੋਵੇਗਾ। ਭੀੜ ਦੀ ਮਨੋਬਿਰਤੀ ਅੰਧਵਿਸ਼ਵਾਸੀ ਹੁੰਦੀ ਹੈ ਅਤੇ ਅੰਧਵਿਸ਼ਵਾਸ ਸਾਰਥਿਕ ਤਬਦੀਲੀ ਲਈ ਸਭ ਤੋਂ ਵੱਡਾ ਰੋੜਾ ਸਾਬਤ ਹੁੰਦਾ ਹੁੰਦਾ ਹੈ। ਚਾਹੇ ਕੋਈ ਵੀ ਮਜ਼੍ਹਬ, ਸੰਪਰਦਾ ਹੋਵੇ ਜਾਂ ਰਾਜਨੀਤਕ ਜਮਾਤ ਹੋਵੇ, ਸਾਨੂੰ ਕਦੇ ਵੀ ਉਸ ਦੇ ਪੂਜਕ ਤੇ ਸ਼ਰਧਾਲੂ ਨਹੀਂ ਬਣਨਾ ਚਾਹੀਦਾ। ਸਾਨੂੰ ਹਮੇਸ਼ਾ ਵਿਵੇਕਸ਼ੀਲ ਬਣਨਾ ਚਾਹੀਦਾ ਹੈ। ਸੋਸ਼ਲ ਸਾਇਟਾਂ 'ਤੇ ਵੱਖ-ਵੱਖ ਧਰਮਾਂ-ਮਜ਼ਹਬਾਂ ਦੇ ਗਰੁੱਪ ਨਵੀਂ ਪੀੜ੍ਹੀ ਵਿੱਚ ਫਿਰਕੂ ਜ਼ਹਿਰਾਂ ਦੇ ਬੀਜ ਬੀਜ ਰਹੇ ਹਨ। ਸੋਸ਼ਲ ਮੀਡੀਆ ਦੀ ਗਰੁੱਪਬਾਜ਼ੀ ਮਨੁੱਖਾਂ ਵਿੱਚ ਨਵੀਂ ਕਿਸਮ ਦੇ ਵਖਰੇਵੇਂ ਪੈਦਾ ਕਰ ਰਹੀ ਹੈ। ਚਿੰਤਾ ਵਾਲੀ ਗੱਲ ਇਹ ਹੈ ਕਿ ਭਵਿੱਖ ਵਿੱਚ ਇਹ ਸਭ ਕੁਝ ਹੋਰ ਵਧਣ ਜਾ ਰਿਹਾ ਹੈ। ਇਸ ਦੁਨੀਆ ਨੂੰ ਜੇਕਰ ਕਦੇ ਬਦਲਿਆ ਹੈ ਤਾਂ ਕੁਝ ਵਿਚਾਰਸ਼ੀਲ ਲੋਕਾਂ ਨੇ ਬਦਲਿਆ ਹੈ, ਭੀੜ ਨੇ ਨਹੀਂ। ਜੋ ਕਦੇ ਵੀ ਭੀੜ ਦਾ ਹਿੱਸਾ ਨਹੀਂ ਬਣਦੇ, ਉਹ ਨਵੀਂਆਂ ਖੋਜਾਂ ਖੋਜਦੇ ਹਨ। ਨਵੀਂਆਂ ਪੈੜਾਂ ਪਾਉਂਦੇ ਹਨ। ਜਿੱਥੇ ਸਮਾਜ ਵਿੱਚ ਵੱਖ-ਵੱਖ ਫਿਰਕਿਆਂ ਵਿੱਚ ਆਪਸੀ ਟਕਰਾਅ ਅਕਸਰ ਪੈਦਾ ਹੁੰਦੇ ਰਹਿੰਦੇ ਹਨ। ਉੱਥੇ ਇੱਹ ਤੀਜੀ ਕਿਸਮ ਦੇ ਤਰਕਸ਼ੀਲ, ਵਿਚਾਰਸ਼ੀਲ, ਚਿੰਤਕ ਲੋਕ ਆਮ ਲੋਕਾਂ ਅਜਿਹੀਆਂ ਪ੍ਰਸਥਿਤੀਆਂ ਦੇ ਗੰਭੀਰ ਸਿੱਟਿਆਂ ਤੋਂ ਸੁਚੇਤ ਕਰਦੇ ਰਹਿੰਦੇ ਹਨ। ਇਹ ਸਮੇਂ ਦੇ ਹਰ ਦੌਰ ਵਿੱਚ ਭੀੜਾਂ ਤੋਂ ਵੱਖਰੇ ਹੀ ਰਹੇ, ਉਹਨਾਂ ਨੂੰ ਭਾਵੇਂ ਉਹਨਾਂ ਦੇ ਸਮੇਂ ਵਿੱਚ ਕਾਫਰ, ਨਾਸਤਿਕ ਆਖਿਆ ਗਿਆ, ਪਰ ਉਹਨਾਂ ਨੇ ਭੀੜ ਤੋਂ ਵੱਖ ਹੋ ਕੇ ਆਪਣੇ ਨਿਵੇਕਲੇ ਅੰਦਾਜ਼ ਵਿੱਚ ਹਮੇਸ਼ਾਂ ਲੋਕ ਹਿੱਤਾਂ ਦੀ ਗੱਲ ਕੀਤੀ।

ਅੱਜ ਜਿਵੇਂ ਸਾਡੇ ਸਮਾਜ ਵਿੱਚ ਫਿਰਕਾਪ੍ਰਸਤੀ ਦਾ ਬੋਲਬਾਲਾ ਵਧ ਰਿਹਾ ਹੈ ਧਰਮਾਂ ਮਜ਼ਹਬਾਂ ਸੰਪਰਦਾਵਾਂ 'ਤੇ ਉਹ ਲੋਕ ਕਾਬਜ਼ ਹੋ ਰਹੇ ਹਨ, ਜਿਹੜੇ ਸਮਾਜਿਕ ਕਦਰਾਂ-ਕੀਮਤਾਂ ਤੋਂ ਆਪ ਸੱਖਣੇ ਹਨ। ਇਸ ਸਮੇਂ ਉਹਨਾਂ ਦੀ ਹਾਲਤ ਇਹ ਹੈ ਕਿ ਸਮਾਜ ਵਿੱਚ ਜੋ ਕੁਝ ਮਰਜ਼ੀ ਹੋਈ ਜਾਵੇ, ਉਹ ਆਪਣੇ ਡੇਰਿਆਂ ਵਿੱਚ ਵਿਹਲੇ ਬੈਠੇ ਲੋਕਾਂ ਦੀ ਖੂਨ-ਪਸੀਨੇ ਦੀ ਕਮਾਈ ਨਾਲ ਐਸ਼ਮਈ ਜ਼ਿੰਦਗੀ ਬਤੀਤ ਕਰ ਰਹੇ ਹਨ। ਇਹ ਆਪਣੇ ਸੇਵਕਾਂ, ਚੇਲਿਆਂ ਨੂੰ ਸਮਾਜਿਕ ਸਰੋਕਾਰਾਂ ਨਾਲ ਜੋੜਨ ਦੀ ਬਜਾਏ ਉਹਨਾਂ ਤੋਂ ਅਲੱਗ ਕਰ ਰਹੇ ਹਨ। ਲੱਖਾਂ ਲੋਕਾਂ ਦੇ ਰੋਲ ਮਾਡਲ ਬਣੇ ਇਹ ਲੋਕ ਸਮਾਜ ਵਿੱਚ ਪਸਰੀਆਂ ਕੁਰੀਤੀਆਂ ਪ੍ਰਤੀ ਜੋ ਲੋਕਾਂ ਵਿੱਚ ਰੋਹ ਪੈਦਾ ਹੋਣਾ ਹੁੰਦਾ ਹੈ, ਉਹਨੂੰ ਸ਼ਾਂਤ ਕਰਨ ਦਾ ਕੰਮ ਕਰਦੇ ਹਨ। ਸਮਾਜਕ ਤਬਦੀਲੀ ਲਈ ਰੁਕਾਵਟ ਬਣਦੇ ਹਨ। ਸਮਾਜ ਨੂੰ ਹਰ ਦੌਰ ਵਿੱਚ ਜਾਗਦੇ ਰੱਖੇ ਜਾਣ ਲਈ ਬੁਲੰਦ ਸੋਚ ਅਤੇ ਬੁਲੰਦ ਆਵਾਜ਼ ਦੀ ਲੋੜ ਹੁੰਦੀ ਹੈ। ਜੋ ਸੱਚ ਨੂੰ ਸੱਚ, ਝੂਠ ਨੂੰ ਝੂਠ ਤੇ ਬਾਬਰ ਨੂੰ ਜਾਬਰ ਕਹਿਣ ਦੀ ਜੁਅਰਤ ਕਰ ਸਕੇ। ਅੱਜ ਭੀੜ ਦਾ ਹਿੱਸਾ ਬਣੇ ਲੋਕ ਆਪਣੇ ਆਪ ਨੂੰ ਬੁੱਲ੍ਹੇ ਸ਼ਾਹ ਅਤੇ ਗੁਰੂ ਨਾਨਕ ਦੇ ਵਾਰਸ ਤਾਂ ਮੰਨਦੇ ਹਨ। ਪਰ ਉਹਨਾਂ ਦੀ ਕਹੀ ਕੋਈ ਗੱਲ ਮੰਨਣ ਲਈ ਤਿਆਰ ਨਹੀਂ।

ਮਨੁੱਖ ਦੀ ਫਿਤਰਤ ਹਮੇਸ਼ਾ ਇਹ ਰਹੀ ਹੈ ਉਹ ਜਿਸ ਕਿਸੇ ਵੀ ਵਿਚਾਰਧਾਰਾ ਨੂੰ ਨਹੀਂ ਮੰਨਣਾ ਚਾਹੁੰਦਾ, ਉਸ ਨੂੰ ਰੱਬੀ ਮੰਨ ਕੇ ਪੂਜਣ ਲੱਗ ਜਾਂਦਾ ਹੈ, ਮੱਥੇ ਟੇਕਣ ਲੱਗ ਜਾਂਦਾ ਹੈ ਅਤੇ ਸਮਝਦਾ ਹੈ ਅਜਿਹਾ ਕਰ ਕੇ ਉਸ ਦੇ ਛੋਟੇ-ਮੋਟੇ ਸਵਾਰਥਾਂ ਦੀ ਪੂਰਤੀ ਹੁੰਦੀ ਰਹੇਗੀ, ਪਰ ਅਸੀ ਉਹਨਾਂ ਮਹਾਨ ਲੋਕਾਂ ਦੀ ਕੋਈ ਵੀ ਗੱਲ ਮੰਨਣ ਲਈ ਤਿਆਰ ਨਹੀਂ ਹਾਂ। ਸਮੇਂ ਦੇ ਹਰ ਦੌਰ ਵਿੱਚ ਸਮਾਜ ਨੂੰ ਪੂਜਕ ਸ਼ਰਧਾਲੂਆਂ ਦੀ ਨਹੀਂ, ਬਲਕਿ ਵਿਵੇਕਸ਼ੀਲ ਮਨੁੱਖਾਂ ਦੀ ਲੋੜ ਹੁੰਦੀ ਹੈ। ਪੂਜਕ ਤੇ ਸ਼ਰਧਾਲੂ ਚਾਹੇ ਰਾਜਨੀਤਕ ਹੋਵੇ, ਚਾਹੇ ਧਾਰਮਿਕ ਇਹ ਸਾਰਥਕ ਤਬਦੀਲੀ ਲਈ ਹਮੇਸ਼ਾ ਖਤਰਨਾਕ ਸਾਬਤ ਹੁੰਦਾ ਹੈ। ਆਪਣੇ ਸਮੇਂ ਦੌਰਾਨ ਬਹੁਤ ਪਹਿਲਾਂ ਜਦੋਂ ਸਪੀਕਰਾਂ ਦੇ ਸ਼ੋਰ-ਗੁੱਲ ਅਜੇ ਨਾਮੋ ਨਿਸ਼ਾਨ ਵੀ ਨਹੀਂ ਹੁੰਦਾ ਸੀ ਤਾਂ ਕਬੀਰ ਸਾਹਿਬ ਨੇ ਇਕ ਸਲੋਕ ਵਿੱਚ ਮੁੱਲਾ ਨੂੰ ਪੱਛਿਆ:-

ਕਬੀਰ ਮੁੱਲਾ ਮਨਾਰੇ ਕਿਆ ਚਢਹਿ ਸਾਈ ਨ ਬਹਰਾ ਹੋਇ॥
ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ॥

ਕਿ ਜਿਸ ਖੁਦਾ ਨੂੰ ਰੋਜ਼ ਉੱਚੀ ਉੱਚੀ ਵਾਰ-ਵਾਰ ਆਵਾਜ਼ਾਂ ਮਾਰਦਾ ਹੈਂ, ਪਕਾਰਦਾ ਹੈ, ਉਹ ਕੋਈ ਬੋਲਾ ਹੈ ? ਅਸੀਂ ਬਾਣੀ ਵਿੱਚ ਅੱਜ ਵੀ ਵਾਰ-ਵਾਰ ਇਹ ਸਲੋਕ ਪੜ੍ਹਦੇ ਸੁਣਦੇ ਹਾਂ, ਪਰ ਉੱਚੀ ਸਪੀਕਰ ਲਾ ਕੇ ਦਿਨ-ਰਾਤ ਰੱਬ ਨੂੰ ਆਵਾਜ਼ ਦੇਣ ਲੱਗੇ ਹੋਏ ਹਾਂ। ਵਿਵੇਕਸ਼ੀਲ ਮਨੁੱਖ ਹੀ ਸਮਾਜ ਨੂੰ ਹੋਰ ਸੋਹਣਾ ਬਣਾਉਣ ਦਾ ਯਤਨ ਕਰਦਾ ਹੈ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਮਨੁੱਖ ਨੂੰ ਜੋ ਸਿੱਖਿਆ ਦਿੱਤੀ ਜਾ ਰਹੀ ਹੈ, ਇਹ ਸਿੱਖਿਆ ਵੱਖ-ਵੱਖ ਵਿਸ਼ਿਆਂ ਵਿੱਚ ਮੁਹਾਰਤ ਹਾਸਲ ਕਰਨ ਵਾਲੇ ਕਾਮੇ ਤਾਂ ਪੈਦਾ ਕਰਦੀ ਹੈ ਪਰ ਮਨੁੱਖ ਨੂੰ ਵਿਵੇਕਸ਼ੀਲ ਨਹੀਂ ਬਣਾਉਂਦੀ। ਦੁਨੀਆ ਨੂੰ ਹਰ ਦੌਰ ਵਿੱਚ ਚੰਗੇ ਵਿਸ਼ਾ ਮਾਹਰਾਂ ਤੋਂ ਵੀ ਵੱਧ ਦਾਨਿਸ਼ਵਰ ਇਨਸਾਨਾਂ ਦੀ ਲੋੜ ਰਹੀ ਹੈ। ਤਕਨੀਕੀ ਵਿਕਾਸ ਦੇ ਇਸ ਦੌਰ ਵਿੱਚ ਸਰੀਰਕ ਤੇ ਮਾਨਸਿਕ ਤੌਰ 'ਤੇ ਮਨੁੱਖ ਹਰ ਦਿਨ ਬਦਲ ਰਿਹਾ ਹੈ। ਇਹ ਤਬਦੀਲੀ ਮਨੁੱਖੀ ਮਨ 'ਤੇ ਕੀ ਪ੍ਰਵਾਵ ਕਰੇਗੀ, ਇਸ ਦਾ ਸਹੀ ਅੰਦਾਜ਼ਾ ਫਿਲਹਾਲ ਕਿਸੇ ਨੂੰ ਨਹੀਂ ਹੈ।

ਵਿਗਿਆਨਕ ਵਿਕਾਸ ਦੇ ਇਸ ਦੌਰ ਵਿੱਚ ਇਹ ਬੜਾ ਜ਼ਰੂਰੀ ਹੈ ਕਿ ਸਾਡੀ ਸੋਚ ਵੀ ਵਿਗਿਆਨਕ ਹੋਵੇ, ਤਾਂ ਹੀ ਅਸੀਂ ਅੱਜ ਦੇ ਦੌਰ ਦੇ ਤੇਜ਼ੀ ਨਾਲ ਬਦਲ ਰਹੇ ਵਰਤਾਰਿਆਂ ਨੂੰ ਸਮਝ ਸਕਦੇ ਹਾਂ। ਅਸੀਂ ਇੱਕ ਤਰ੍ਹਾਂ ਤਕਨੀਕੀ ਵਿਕਾਸ ਦੇ ਹੜ੍ਹ ਦੇ ਦੌਰ 'ਚੋਂ ਗੁਜ਼ਰ ਰਹੇ ਹਾਂ। ਇਸ ਦੌਰ ਨੂੰ ਸਮਝਣ ਲਈ ਬੜਾ ਜ਼ਰੂਰੀ ਹੈ ਕਿ ਅਸੀਂ ਅੰਧਵਿਸ਼ਵਾਸੀ ਮਨੋਬਿਰਤੀ ਦਾ ਤਿਆਗ ਕਰਕੇ ਸੁਚੇਤ ਮਨੁੱਖ ਬਣੀਏ। ਸਾਨੂੰ ਚਾਹੀਦਾ ਹੈ ਕਿ ਅਸੀਂ ਮਨੁੱਖ ਦੇ ਵਿਵੇਕ 'ਤੇ ਜ਼ੋਰ ਦੇਈਏ। ਸਮਾਜ ਨੂੰ ਚੰਗਾ ਬਣਾਉਣ ਲਈ ਉਪਰੋਂ ਕਿਸੇ ਇਲਹਾਮੀ ਗੈਬੀ ਤਾਕਤ ਨੇ ਕਦੇ ਨਹੀਂ ਆਉਣਾ। ਸਮਾਜ ਨੂੰ ਮਾੜਾ ਬਣਾਉਣ ਲਈ ਮਨੁੱਖ ਹੀ ਜ਼ਿੰਮੇਵਾਰ ਹੁੰਦੇ ਹਨ ਅਤੇ ਮਨੁੱਖ ਕੋਲ ਹੀ ਇਸ ਨੂੰ ਚੰਗਾ ਬਣਾਉਣ ਦੀ ਸਮਰੱਥਾ ਹੈ। ਆਓ, ਸਮਾਜ ਵਿੱਚ ਫੈਲੀ ਹਰ ਤਰ੍ਹਾਂ ਦੀ ਹਨੇਰਗਰਦੀ ਖਿਲਾਫ ਵਿਵੇਕਸ਼ੀਲ ਬਣ ਕੇ ਆਪਣੇ ਹਿੱਸੇ ਦਾ ਚਾਨਣ ਕਰਨ ਲਈ ਯਤਨਸ਼ੀਲ ਹੋਈਏ।

**# ਸੰਪਰਕ : 98550-51099**

# ਸਾਮਰਾਜੀ ਦੇਸ਼ਾਂ 'ਚ ਰੁਜ਼ਗਾਰ ਦੇ ਘਟਦੇ ਮੌਕੇ ਤੇ ਵਧਦੀ ਬੇਚੈਨੀ

**ਮਨਦੀਪ ਮੱਦੋਵਾਲ**

ਕੋਰੋਨਾ ਮਹਾਂਮਾਰੀ ਤੋਂ ਬਾਅਦ ਮੱਧ ਪੂਰਬੀ ਖਿੱਤੇ ਦੇ ਜੰਗੀ-ਸਰਹੱਦੀ ਕਲੇਸ਼ ਦਾ ਅਸਰ ਦਿਨ-ਬ-ਦਿਨ ਕੁੱਲ ਆਲਮ ਨੂੰ ਆਪਣੀ ਚਪੇਟ ਵਿੱਚ ਲੈ ਰਿਹਾ ਹੈ। ਰੂਸ-ਯੂਕਰੇਨ ਅਤੇ ਇਜ਼ਰਾਇਲ-ਫਲਸਤੀਨ ਵਿਚਕਾਰ ਚੱਲਦੀ ਆ ਰਹੀ ਜੰਗ ਜਿੱਥੇ ਹੋਰ ਲੰਬੀ ਖਿੱਚੀ ਜਾ ਰਹੀ ਹੈ, ਉੱਥੇ ਮੱਧ ਪੂਰਬੀ ਖਿੱਤੇ ਦੇ ਇਰਦ-ਗਿਰਦ ਜੰਗੀ ਕਲੇਸ਼ ਦਾ ਘੇਰਾ ਲਗਾਤਾਰ ਵਧਦਾ ਜਾ ਰਿਹਾ ਹੈ। ਸੰਸਾਰ ਦੀਆਂ ਮਹਾਂਸ਼ਕਤੀਆਂ ਦੀ ਸਰਪ੍ਰਸਤੀ ਹੇਠ ਚੱਲ ਰਹੀਆਂ ਜੰਗਾਂ ਵਿੱਚ ਉਲਝੇ ਦੇਸ਼ਾਂ ਦੁਆਲੇ ਕਈ ਖੇਤਰੀ ਝਗੜੇ ਹੋਰ ਵੱਧ ਤਿੱਖੇ ਹੋ ਰਹੇ ਹਨ। ਸੰਸਾਰ ਦੇ ਦੋ ਵੱਡੇ ਤੇ ਪੁਰਾਣੇ ਵਿਰੋਧੀ ਧੜੇ ਦੁਨੀਆ ਦੇ ਸਾਰੇ ਮੁਲਕਾਂ ਨੂੰ ਇਹਨਾਂ ਦੋ ਜੰਗਾਂ ਦੇ ਇਰਦ-ਗਿਰਦ ਵੰਡਣ ਅਤੇ ਲਾਮਬੰਦ ਕਰਨ ਵਿੱਚ ਮਸ਼ਰੂਫ ਹਨ। ਇੱਕ ਪਾਸੇ ਅਮਰੀਕਾ ਦੀ ਅਗਵਾਈ ਵਾਲੀਆਂ ਪੱਛਮੀ ਤਾਕਤਾਂ ਦਾ ਗੱਠਜੋੜ ਹੈ ਅਤੇ ਦੂਜੇ ਪਾਸੇ ਰੂਸ ਤੇ ਉਸ ਦੇ ਕਮਜ਼ੋਰ ਭਾਈਵਾਲਾਂ ਦਾ ਧੜਾ ਹੈ। ਭਾਵੇਂ ਕਿ ਚੀਨ ਸਿੱਧੀ-ਅਸਿੱਧੀ ਫੌਜੀ ਕਾਰਵਾਈ ਜਾਂ ਜੰਗ ਦਾ ਹਿੱਸਾ ਨਹੀਂ ਬਣ ਰਿਹਾ, ਪਰੰਤੂ ਆਲਮੀ ਵਪਾਰਕ ਜੰਗ ਦੇ ਹਿੱਤਾਂ ਦੀ ਰਾਖੀ ਲਈ ਉਸ ਦਾ ਅਮਰੀਕਾ ਵਿਰੋਧੀ ਤਾਕਤਾਂ ਨੂੰ ਕੂਟਨੀਤਿਕ ਅਤੇ ਵਿੱਤੀ-ਵਪਾਰਕ ਸਹਿਯੋਗ ਬੇਰੋਕ ਜਾਰੀ ਹੈ। ਸੰਸਾਰ ਦੇ ਦੋਵੇਂ ਧੜੇ ਆਪਣੇ-ਆਪਣੇ ਕੌਮਾਂਤਰੀ ਪਸਾਰਵਾਦੀ ਆਰਥਿਕ-ਸਿਆਸੀ ਹਿੱਤਾਂ ਲਈ ਜ਼ੋਰ-ਅਜ਼ਮਾਇਸ਼ ਕਰ ਰਹੇ ਹਨ। ਇਹਨਾਂ ਤਾਕਤਾਂ ਦੀ ਨੂਰਾ-ਕੁਸ਼ਤੀ ਵਿਚਕਾਰ ਸੰਸਾਰ ਦੇ ਆਮ ਲੋਕ ਲਗਾਤਾਰ ਪਿੱਸਦੇ ਜਾ ਰਹੇ ਹਨ। ਸਾਮਰਾਜੀ ਜੰਗਾਂ-ਝਗੜਿਆਂ ਅਤੇ ਇਹਨਾਂ ਤਾਕਤਾਂ ਦੀਆਂ ਆਰਥਿਕ-ਸਿਆਸੀ ਤੇ ਕੂਟਨੀਤਿਕ ਨੀਤੀਆਂ ਕਰਕੇ ਕੁੱਲ ਸੰਸਾਰ ਵਿੱਚ ਮਹਿੰਗਾਈ, ਬੇਰੁਜ਼ਗਾਰੀ, ਗਰੀਬੀ, ਰਿਹਾਇਸ਼ੀ ਘਰਾਂ ਦਾ ਸੰਕਟ, ਟੈਕਸ ਬੋਝ, ਨਸਲੀ ਵਿਤਕਰੇਬਾਜ਼ੀ, ਸ਼ਰਨਾਰਥੀ ਤੇ ਪ੍ਰਵਾਸ ਸੰਕਟ ਲਗਾਤਾਰ ਹੋਰ ਵੱਧ ਗਹਿਰਾ ਹੋ ਰਿਹਾ ਹੈ। ਜਿੱਥੇ ਇਸ ਸਾਮਰਾਜੀ ਉਜਾੜੇ ਦਾ ਸਭ ਤੋਂ ਵੱਧ ਸ਼ਿਕਾਰ ਸੰਸਾਰ ਦੇ ਵਿਕਾਸਸ਼ੀਲ ਮੁਲਕਾਂ ਦੇ ਲੋਕ ਹੋ ਰਹੇ ਹਨ, ਉੱਥੇ ਇਸ ਦੇ ਦੁਰਪ੍ਰਭਾਵ ਦੇ ਚਿੰਨ੍ਹ ਵਿਕਾਸਸ਼ੀਲ ਮੁਲਕਾਂ ਵਿੱਚ ਵੀ ਉੱਘੜ ਰਹੇ ਹਨ।

ਵਿਕਾਸਸ਼ੀਲ ਮੁਲਕਾਂ ਦੀ ਤੁਲਨਾ 'ਚ ਵਿਕਸਿਤ ਪੂੰਜੀਵਾਦੀ ਮੁਲਕਾਂ ਵਿੱਚ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਆਦਿ ਸੰਕਟ ਬਹੁਤੀ ਦਫ਼ਾ 'ਆਮ ਵਰਤਾਰਾ' ਨਹੀਂ ਰਹੇ, ਪਰੰਤੂ ਵਿਸ਼ਵੀਕਰਨ ਅਧੀਨ ਸੰਸਾਰ ਦੇ ਲਗਾਤਾਰ ਤੇਜ਼ੀ ਨਾਲ ਹੋ ਰਹੇ ਪੂੰਜੀਵਾਦੀ ਵਿਕਾਸ ਅਤੇ ਇਸ ਤੋਂ ਪੈਦਾ ਹੋਏ ਵਿਨਾਸ਼ ਕਾਰਨ ਵਿਸ਼ਵੀ ਤਾਕਤਾਂ ਵੀ ਪੂੰਜੀਵਾਦੀ ਉਜਾੜੇ ਦੇ ਦੁਰਪ੍ਰਭਾਵਾਂ ਦੀ ਚਪੇਟ ਵਿੱਚ ਆ ਰਹੀਆਂ ਹਨ। ਪਿਛਲੇ ਕੁਝ ਦਹਾਕਿਆਂ ਤੋਂ ਗਿਣਤੀ ਦੇ ਘੱਟ-ਵੱਧ ਅੰਤਰ ਨਾਲ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਇੰਗਲੈਂਡ ਆਦਿ ਮੁਲਕਾਂ ਵਿੱਚ ਬੇਸ਼ੁਮਾਰ ਪ੍ਰਵਾਸ ਦੇ ਬਾਵਜੂਦ ਬੇਰੁਜ਼ਗਾਰੀ ਆਮ ਵਰਤਾਰਾ ਨਹੀਂ ਰਹੀ। ਇਸ ਦੇ ਉਲਟ ਇਹਨਾਂ ਮੁਲਕਾਂ ਵਿੱਚ ਵੱਖ-ਵੱਖ ਖੇਤਰਾਂ ਵਿੱਚ ਹੁਨਰਮੰਦ ਕਾਮਿਆਂ ਦੀ ਵਕਤੀ-ਬੇਵਕਤੀ ਘਾਟ ਰਹੀ ਹੈ। ਵੱਖ-ਵੱਖ ਖੇਤਰਾਂ ਵਿੱਚ ਲੇਬਰ ਦੀ ਇਸੇ ਘਾਟ ਦੀ ਪੂਰਤੀ ਲਈ ਇਹਨਾਂ ਵਿਕਸਿਤ ਪੂੰਜੀਵਾਦੀ ਮੁਲਕਾਂ ਨੇ ਵਿਕਾਸਸ਼ੀਲ ਮੁਲਕਾਂ ਦੇ ਹੁਨਰਮੰਦ ਕਾਮਿਆਂ ਲਈ ਵੱਖ-ਵੱਖ ਤਰ੍ਹਾਂ ਦੇ ਇਮੀਗ੍ਰੇਸ਼ਨ ਪ੍ਰੋਗਰਾਮ ਚਲਾ ਕੇ ਆਪਣੇ ਮੁਲਕਾਂ ਦੇ ਪੈਦਾਵਾਰੀ ਖੇਤਰਾਂ ਨੂੰ ਹੋਰ ਵੱਧ ਨਿਪੁੰਨ ਤੇ ਵਿਕਸਿਤ ਕੀਤਾ ਹੈ। ਸਾਮਰਾਜੀ ਮੁਲਕਾਂ ਦੇ ਇਹਨਾਂ ਪੈਦਾਵਾਰੀ ਖੇਤਰਾਂ ਦੀਆਂ ਪੈਦਾਵਾਰੀ ਵਸਤੂਆਂ ਦੀਆਂ ਮੰਡੀਆਂ ਵੀ ਮੋੜਵੇਂ ਰੂਪ ਵਿੱਚ ਵਿਕਾਸਸ਼ੀਲ ਮੁਲਕ ਹੀ ਬਣਦੇ ਰਹੇ ਹਨ। ਪਿਛਲੇ ਇੱਕ ਦਹਾਕੇ ਵਿੱਚ ਇਹਨਾਂ ਮੁਲਕਾਂ ਦੇ ਪੈਦਾਵਾਰੀ ਖੇਤਰ ਵਿੱਚ ਆਈ ਤੇਜ਼ੀ ਵਿੱਚ ਜਿੱਥੇ ਸਾਮਰਾਜੀ ਸਰਮਾਏ ਤੇ ਨਵੀਂ ਤਕਨੀਕ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ, ਉੱਥੇ ਸਸਤੀ ਤੇ ਹੁਨਰਮੰਦ ਪ੍ਰਵਾਸੀ ਲੇਬਰ ਦੀ ਵਰਤੋਂ ਨਾਲ ਇਹਨਾਂ ਸਾਮਰਾਜੀ ਮੁਲਕਾਂ ਨੇ ਮੰਡੀ ਦੀਆਂ ਲੋੜਾਂ ਤੋਂ ਵੱਧ ਪੈਦਾਵਾਰ ਕਰਕੇ ਵੱਖ-ਵੱਖ ਜਿਣਸਾਂ ਦੇ ਅੰਬਾਰ ਲਾ ਲਏ। ਇਸ ਵਾਧੂ ਪੈਦਾਵਾਰ ਦੀ ਖਪਤ ਲਈ ਸਾਮਰਾਜੀ ਤਾਕਤਾਂ ਵਿਚਕਾਰ ਵਪਾਰਕ ਜੰਗ ਦੇ ਚੱਲਦਿਆਂ ਸੰਸਾਰ ਭਰ ਵਿੱਚ ਮੰਡੀਆਂ ਦੇ ਪਸਾਰ ਦੀ ਹੋੜ ਲੱਗ ਗਈ। ਜਿਣਸਾਂ ਦੀ ਖਪਤ, ਮੰਡੀ ਦੇ ਪਸਾਰ ਅਤੇ ਸੰਸਾਰ ਚੌਧਰ ਲਈ ਇੱਕ ਤੋਂ ਬਾਅਦ ਇੱਕ ਜੰਗਾਂ ਤੇ ਖੇਤਰੀ-ਸਰਹੱਦੀ ਝਗੜਿਆਂ-ਵਿਵਾਦਾਂ ਦੀ ਲੜੀ ਸ਼ੁਰੂ ਕੀਤੀ ਗਈ। ਸਰਹੱਦੀ ਵਿਵਾਦਾਂ, ਜੰਗਾਂ ਤੇ ਖੇਤਰੀ ਝਗੜਿਆਂ ਕਾਰਨ ਵਪਾਰਕ ਸੰਬੰਧਾਂ ਅਤੇ ਆਰਥਿਕ-ਵਪਾਰਕ ਰੋਕਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ।

(• ਬਾਕੀ ਸਫ਼ਾ 9)

# ਕੀ ਪੈਸਾ ਖੁਸ਼ੀ ਦੀ ਗਾਰੰਟੀ ਹੈ...?

**ਸੰਦੀਪ ਕੁਮਾਰ**

ਪੈਸਾ ਅਤੇ ਖੁਸ਼ੀ ਦਾ ਸੰਬੰਧ ਬਹੁਤ ਹੀ ਪੁਰਾਣਾ ਅਤੇ ਗਹਿਰਾ ਹੈ।ਬਹੁਤੇ ਲੋਕ ਮੰਨਦੇ ਹਨ ਕਿ ਪੈਸਾ ਸਭ ਕੁਝ ਹੈ ਅਤੇ ਇਹ ਹਰ ਤਰ੍ਹਾਂ ਦੀ ਖੁਸ਼ੀ ਅਤੇ ਸਹੂਲਤਾਂ ਦੇਣ ਵਿੱਚ ਸਮਰੱਥ ਹੈ, ਪਰ ਇਸ ਗੱਲ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਸਿਰਫ ਪੈਸਾ ਕਦੋਂ ਅਤੇ ਕਿਵੇਂ ਖੁਸ਼ੀ ਦਾ ਅਧਾਰ ਬਣ ਸਕਦਾ ਹੈ।ਦੂਸਰੀ ਵੱਡੀ ਗੱਲ ਇਹ ਹੈ ਕਿ ਅਜਿਹੀਆਂ ਹਸਤੀਆਂ ਜਿਨ੍ਹਾਂ ਕੋਲ ਬੇਹੱਦ ਪੈਸਾ ਸੀ, ਵਧੀਆ ਜਾਇਦਾਦਾਂ ਸਨ, ਅਮੀਰੀਆਂ ਦੇ ਬਾਵਜੂਦ ਉਹਨਾਂ ਨੇ ਆਪਣੀ ਜ਼ਿੰਦਗੀ ਨੂੰ ਸਮਾਪਤ ਕਰਨ ਦਾ ਫੈਸਲਾ ਕਿਉਂ ਕੀਤਾ।ਇਹਨਾਂ ਸਵਾਲਾਂ ਦਾ ਜਵਾਬ ਖੋਜਣ ਲਈ ਸਾਡੇ ਸਾਹਮਣੇ ਕਈ ਅਜਿਹੇ ਕਿੱਸੇ ਹਨ ਜਿਨ੍ਹਾਂ ਨੇ ਪੈਸੇ ਅਤੇ ਖੁਸ਼ੀ ਦੇ ਸੰਬੰਧ ਨੂੰ ਗਹਿਰਾਈ ਨਾਲ ਸਮਝਣ ਲਈ ਨਵੇਂ ਦਰਵਾਜ਼ੇ ਖੋਲ੍ਹੇ ਹਨ।

ਪਹਿਲਾ ਮੁੱਦਾ ਅਸੀਂ ਇਤਿਹਾਸਕ ਤੌਰ 'ਤੇ ਭਾਰਤ ਦੀਆਂ ਕਈ ਪ੍ਰਸਿੱਧ ਹਸਤੀਆਂ ਦੇ ਜੀਵਨ ਨੂੰ ਵੇਖਣ ਨਾਲ ਸਮਝ ਸਕਦੇ ਹਾਂ।ਸਿਨੇਮਾ ਦੁਨੀਆ ਤੋਂ ਸ਼ੁਰੂ ਕਰਦੇ ਹਾਂ।ਸੁਸ਼ਾਂਤ ਸਿੰਘ ਰਾਜਪੂਤ ਦਾ ਨਾਂਅ ਆਉਂਦਾ ਹੈ, ਜੋ ਇੱਕ ਪ੍ਰਸਿੱਧ ਬਾਲੀਵੁੱਡ ਅਦਾਕਾਰ ਸੀ।ਉਸ ਨੇ ਕਈ ਹਿੱਟ ਫਿਲਮਾਂ ਵਿੱਚ ਕੰਮ ਕੀਤਾ, ਬਹੁਤ ਸਾਰਾ ਪੈਸਾ ਕਮਾਇਆ, ਪਰ 2020 'ਚ ਉਸ ਦੀ ਆਤਮ-ਹੱਤਿਆ ਨੇ ਸਾਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ।ਉਸ ਦੀ ਜਾਇਦਾਦ ਦੀ ਗੱਲ ਕੀਤੀ ਜਾਵੇ ਤਾਂ ਉਹ ਅੰਦਾਜ਼ਨ 100 ਕਰੋੜ ਦੀ ਜਾਇਦਾਦ ਦਾ ਮਾਲਕ ਸੀ।ਉਸ ਦੇ ਕੋਲ ਵੱਡੇ ਬੰਗਲੇ, ਮਹਿੰਗੀਆਂ ਕਾਰਾਂ ਅਤੇ ਬਹੁਤ ਸਾਰੀਆਂ ਬਾਦਸ਼ਾਹੀ ਸਹੂਲਤਾਂ ਸਨ, ਪਰ ਇਹ ਸਭ ਕੁਝ ਹੋਣ ਦੇ ਬਾਵਜੂਦ ਉਹ ਖੁਸ਼ ਨਹੀਂ ਸੀ ਅਤੇ ਉਸ ਦਾ ਖੁਸ਼ ਨਾ ਹੋਣਾ ਇਹ ਪ੍ਰਸ਼ਨ ਖੜ੍ਹਾ ਕਰਦਾ ਹੈ ਕਿ ਕੀ ਪੈਸਾ ਅਸਲ ਵਿੱਚ ਖੁਸ਼ੀ ਦੇ ਸਕਦਾ ਹੈ ? ਜੇਕਰ ਪੈਸਾ ਹੀ ਸਭ ਕੁਝ ਹੁੰਦਾ ਤਾਂ ਇੱਕ ਇੰਨੀ ਵੱਡੀ ਹਸਤੀ ਨੂੰ ਆਪਣੀ ਜ਼ਿੰਦਗੀ ਖਤਮ ਕਰਨ ਦੀ ਜ਼ਰੂਰਤ ਕਿਉਂ ਪਈ ? ਇਸੇ ਤਰ੍ਹਾਂ, ਦੇਸ਼ ਦੀ ਇੱਕ ਹੋਰ ਅਮੀਰ ਹਸਤੀ ਦਿਵਿਆ ਭਾਰਤੀ ਦੀ ਗੱਲ ਕਰਦੇ ਹਾਂ, ਜੋ 1990 ਦੇ ਦਹਾਕੇ 'ਚ ਬਾਲੀਵੁੱਡ ਦੀ ਸਭ ਤੋਂ ਮਸ਼ਹੂਰ ਤੇ ਕਾਮਯਾਬ ਅਦਾਕਾਰਾ ਸੀ। ਉਸ ਨੇ ਵੀ ਬੇਹੱਦ ਪੈਸਾ ਕਮਾਇਆ, ਪਰ 1993 ਵਿੱਚ ਉਸ ਨੇ ਆਪਣੇ ਘਰ ਦੀ ਛੱਤ ਤੋਂ ਛਾਲ ਮਾਰ ਕੇ ਆਪਣੇ ਜੀਵਨ ਦਾ ਅੰਤ ਕਰ ਲਿਆ।ਇਸ ਦੇ ਪਿੱਛੇ ਕੀ ਕਾਰਨ ਸੀ ? ਉਹ ਖੁਸ਼ ਨਹੀਂ ਸੀ।ਪੈਸੇ ਨੇ ਉਸ ਨੂੰ ਆਰਾਮ ਦੀਆਂ ਹਰ ਸਹੂਲਤਾਂ ਤਾਂ ਦਿੱਤੀਆਂ, ਪਰ ਜੀਵਨ ਦੀ ਖੁਸ਼ੀ ਨਹੀਂ ਮਿਲੀ।

ਇਸੇ ਤਰ੍ਹਾਂ ਦੇ ਉਦਾਹਰਨ ਵਿਦੇਸ਼ਾਂ ਤੋਂ ਵੀ ਮਿਲਦੇ ਹਨ।ਦਿਲਚਸਪ ਗੱਲ ਹੈ ਕਿ ਇਨਸਾਨੀ ਜੀਵਨ 'ਚ ਪੈਸਾ ਬਹੁਤ ਮਹੱਤਵ ਰੱਖਦਾ ਹੈ, ਪਰ ਅਸੀਂ ਕਈ ਵਾਰ ਅਜਿਹੀਆਂ ਹਸਤੀਆਂ ਨੂੰ ਵੇਖਦੇ ਹਾਂ, ਜਿਨ੍ਹਾਂ ਨੇ ਸਾਰੀ ਜ਼ਿੰਦਗੀ ਬਹੁਤ ਸਾਰੇ ਪੈਸੇ ਕਮਾਏ, ਪਰ ਫਿਰ ਵੀ ਉਹਨਾਂ ਨੂੰ ਖੁਸ਼ੀ ਨਹੀਂ ਮਿਲੀ।ਮਿਸਾਲ ਲਈ ਰਾਬਿਨ ਵਿਲੀਅਮਸ, ਹਾਲੀਵੁੱਡ ਦੇ ਪ੍ਰਸਿੱਧ ਕਾਮੇਡੀਅਨ, ਜੋ ਕਈ ਫਿਲਮਾਂ 'ਚ ਆਪਣੀ ਕਲਾ ਦੇ ਨਾਲ਼ ਲੋਕਾਂ ਨੂੰ ਹਸਾਉਣ ਦਾ ਕੰਮ ਕਰਦੇ ਸਨ।ਉਸ ਨੇ ਵੀ 2014 ਵਿੱਚ ਆਪਣੇ ਜੀਵਨ ਦਾ ਅੰਤ ਆਤਮ-ਹੱਤਿਆ ਨਾਲ ਕੀਤਾ।ਉਸ ਸਮੇਂ ਉਸ ਦੀ ਕੁੱਲ ਜਾਇਦਾਦ 50 ਮਿਲੀਅਨ ਡਾਲਰ ਸੀ।ਇਸ ਤਰ੍ਹਾਂ ਦੇ ਉਦਾਹਰਨ ਸਾਫ਼ ਦੱਸਦੇ ਹਨ ਕਿ ਪੈਸਾ, ਮਹਿੰਗੇ ਸਾਮਾਨ, ਵੱਡੇ ਬੰਗਲੇ ਜਾਂ ਮਹਿੰਗੀਆਂ ਕਾਰਾਂ ਦੇ ਬਾਵਜੂਦ ਇਨਸਾਨ ਦੀ ਜ਼ਿੰਦਗੀ ਵਿੱਚ ਖੁਸ਼ੀ ਦੀ ਗਾਰੰਟੀ ਨਹੀਂ ਹੈ।

ਵਿਦੇਸ਼ਾਂ ਤੋਂ ਹੋਰ ਮਿਸਾਲ ਲੈਂਦੇ ਹਾਂ ਸਟੀਫਨ ਹਾਕਿੰਗ ਦੀ, ਜੋ ਸਰੀਰਕ ਤੌਰ 'ਤੇ ਅਧੂਰਾ ਸੀ, ਪਰ ਦਿਮਾਗੀ ਤੌਰ 'ਤੇ ਬਹੁਤ ਹੀ ਹੁਸ਼ਿਆਰ ਵਿਅਕਤੀ ਸੀ ਅਤੇ ਉਹ ਨੇ ਵਿਗਿਆਨ ਦੀ ਦੁਨੀਆ 'ਚ ਕਈ ਵੱਡੇ ਯੋਗਦਾਨ ਦਿੱਤੇ।ਬਾਵਜੂਦ ਇਸ ਦੇ ਕਿ ਉਹ ਬਹੁਤ ਅਮੀਰ ਨਹੀਂ ਸੀ, ਉਸ ਦੀ ਜ਼ਿੰਦਗੀ ਇੱਕ ਬਹੁਤ ਵੱਡਾ ਪ੍ਰੇਰਨਾ ਦਾ ਸਰੋਤ ਰਹੀ।ਹਾਕਿੰਗ ਨੇ ਆਪਣੀਆਂ ਸਮੱਸਿਆਵਾਂ ਦੇ ਬਾਵਜੂਦ ਖੁਸ਼ੀ ਅਤੇ ਉਮੀਦ ਨਾਲ ਭਰਪੂਰ ਜੀਵਨ ਜਿਊਣ ਦਾ ਫ਼ੈਸਲਾ ਕੀਤਾ।ਇਸ ਤਰ੍ਹਾਂ ਦੇ ਪ੍ਰਸੰਗ ਸਾਫ਼ ਦੱਸਦੇ ਹਨ ਕਿ ਸਿਰਫ ਪੈਸਾ ਸਭ ਕੁਝ ਨਹੀਂ ਹੈ।ਪੈਸਾ ਇਨਸਾਨ ਨੂੰ ਇੱਕ ਨਿੱਜੀ ਆਰਾਮ ਅਤੇ ਸਹੂਲਤਾਂ ਤਾਂ ਪ੍ਰਦਾਨ ਕਰ ਸਕਦਾ ਹੈ, ਪਰ ਜੇਕਰ ਅੰਦਰਲੀ ਖੁਸ਼ੀ ਨਹੀਂ ਹੈ, ਤਾਂ ਇਹ ਸਾਰਾ ਪੈਸਾ ਕਿਸੇ ਵੀ ਕਿਸਮ ਦੀ ਸੰਤੁਸ਼ਟੀ ਨਹੀਂ ਦੇ ਸਕਦਾ। ਇੱਕ ਅਜਿਹਾ ਜੀਵਨ ਜੋ ਅੰਦਰੋਂ ਖਾਲੀ ਹੈ, ਉਸ ਵਿੱਚ ਪੈਸੇ ਦੀ ਬਹੁਤਾਤ ਵੀ ਖੁਸ਼ੀ ਨਹੀਂ ਭਰ ਸਕਦੀ।ਪੈਸਾ ਬਾਹਰੀ ਸੰਸਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕਦਾ ਹੈ, ਪਰ ਦਿਲ ਦੀਆਂ ਜ਼ਰੂਰਤਾਂ ਨੂੰ ਨਹੀਂ।

ਇਹਨਾਂ ਮਾਮਲਿਆਂ ਤੋਂ ਇਹ ਸਬਕ ਮਿਲਦਾ ਹੈ ਕਿ ਖੁਸ਼ੀ ਇੱਕ ਅੰਦਰੂਨੀ ਅਹਿਸਾਸ ਹੈ, ਜੋ ਮਨੋਵਿਗਿਆਨਕ ਸਥਿਤੀ ਨਾਲ ਜੁੜਿਆ ਹੋਇਆ ਹੈ। ਇਨਸਾਨੀ ਰਿਸ਼ਤੇ, ਪਿਆਰ, ਸਮਾਜਿਕ ਸੰਬੰਧ ਅਤੇ ਜ਼ਿੰਦਗੀ ਵਿੱਚ ਇੱਕ ਮਕਸਦ ਦਾ ਹੋਣਾ ਬਹੁਤ ਜ਼ਰੂਰੀ ਹੈ।ਅਸੀਂ ਪੈਸੇ ਨੂੰ ਹੀ ਸਭ ਕੁਝ ਨਹੀਂ ਮੰਨ ਸਕਦੇ।ਜੇਕਰ ਪੈਸਾ ਹੀ ਖੁਸ਼ੀ ਦਾ ਇੱਕ ਮਾਪਦੰਡ ਹੁੰਦਾ ਤਾਂ ਬਹੁਤ ਸਾਰੇ ਅਮੀਰ ਲੋਕ ਅਜਿਹੇ ਹੋਣੇ ਸਨ, ਜੋ ਹਰ ਵਕਤ ਖੁਸ਼ ਰਹਿੰਦੇ, ਪਰ ਅਜਿਹੇ ਬਹੁਤ ਸਾਰੇ ਲੋਕਾਂ ਨੇ ਆਪਣੇ ਜੀਵਨ ਦੀ ਸਮਾਪਤੀ ਆਤਮ-ਹੱਤਿਆ ਨਾਲ ਕੀਤੀ ਹੈ।ਜਿਸ ਨਾਲ ਇਹ ਸਪੱਸ਼ਟ ਹੁੰਦਾ ਹੈ ਕਿ ਪੈਸਾ ਇਕ ਮਹੱਤਵਪੂਰਨ ਹਿੱਸਾ ਹੈ ਜ਼ਿੰਦਗੀ ਦਾ, ਪਰ ਇਸ ਨੂੰ ਹੀ ਸਭ ਕੁੱਝ ਨਹੀਂ ਮੰਨਿਆ ਜਾ ਸਕਦਾ।ਜੇਕਰ ਪੈਸਾ ਹੈ, ਪਰ ਮਨ ਦਾ ਆਰਾਮ, ਰਿਸ਼ਤੇ ਅਤੇ ਮਕਸਦ ਨਹੀਂ ਹਨ ਤਾਂ ਅਜਿਹਾ ਜੀਵਨ ਫਿਰ ਵੀ ਅਧੂਰਾ ਹੈ।ਇਸ ਲਈ ਪੈਸੇ ਪਿੱਛੇ ਦੌੜਨ ਦੀ ਜਗ੍ਹਾ, ਜ਼ਰੂਰਤ ਜਿੰਨਾ ਪੈਸਾ ਜ਼ਰੂਰ ਕਮਾਓ। ਸਮਾਜ, ਪਰਵਾਰ ਅਤੇ ਰਿਸ਼ਤਿਆਂ ਨੂੰ ਸਮਾਂ ਜ਼ਰੂਰ ਦਿਓ, ਜੋ ਕਿ ਖੁਸ਼ਨੁਮਾ ਜ਼ਿੰਦਗੀ ਜਿਉਣ ਦਾ ਅਧਾਰ ਬਣ ਸਕਦੇ ਹਨ।

**ਮੋਬਾ.70098-07121**

# ਲੋਕਾਂ ਦੀ ਸੁਰੱਖਿਆ ਰਾਜਨੀਤੀਵਾਨਾਂ ਤੇ ਹਾਕਮਾਂ ਦੀ ਸੋਚ 'ਤੇ ਨਿਰਭਰ ਹੁੰਦੀ ਹੈ

**ਬਲਵਿੰਦਰ ਸਿੰਘ ਭੁੱਲਰ**

ਨਿਯਮ, ਅਸੂਲ ਜੇਕਰ ਇੱਕ ਛਿਣ ਲਈ ਵੀ ਟੁੱਟ ਜਾਣ ਤਾਂ ਸਮੁੱਚੇ ਦੇਸ਼ ਵਿੱਚ ਹਾਲਾਤ ਡਗਮਗਾਉਣ ਲੱਗ ਜਾਂਦੇ ਹਨ। ਇਹ ਕੋਈ ਕੁਦਰਤੀ ਵਰਤਾਰਾ ਨਹੀਂ ਹੁੰਦਾ, ਅਜਿਹਾ ਕਰਨ ਵਾਲਿਆਂ ਪਿੱਛੇ ਸਰਕਾਰਾਂ ਜਾਂ ਰਾਜਨੀਤੀਵਾਨਾਂ ਦੀ ਕਥਿਤ ਸ਼ਹਿ ਹੁੰਦੀ ਹੈ। ਨਿਯਮਾਂ ਦੀ ਮਜ਼ਬੂਤੀ ਤੇ ਲੋਕਾਂ ਲਈ ਸੁਰੱਖਿਆ ਅਤੇ ਇਨਸਾਫ ਵਾਸਤੇ ਅਜਿਹੇ ਵਰਤਾਰੇ ਨੂੰ ਰੋਕਣ ਲਈ ਫ਼ਰਜ਼ ਪੂਰੇ ਕਰਨ ਵਾਲਾ ਲੋਕਤੰਤਰ ਜ਼ਰੂਰੀ ਹੈ। ਭਾਰਤ ਦਾ ਲੋਕਤੰਤਰ ਦੁਨੀਆ ਭਰ ਵਿੱਚ ਇੱਕ ਮਿਸਾਲ ਦੇ ਤੌਰ 'ਤੇ ਦੇਖਿਆ ਜਾਂਦਾ ਹੈ, ਪਰ ਦੁੱਖ ਦੀ ਗੱਲ ਹੈ ਕਿ ਹੁਣ ਸਾਡੇ ਦੇਸ਼ ਵਿੱਚ ਸਰਕਾਰਾਂ ਸਿਰਫ਼ ਹਕੂਮਤ ਕਰ ਰਹੀਆਂ ਹਨ, ਰਾਜ ਪ੍ਰਬੰਧ ਨਹੀਂ ਕਰ ਰਹੀਆਂ। ਰਾਜ ਅਜਿਹੇ ਲੋਕਾਂ ਦਾ ਹੋਣਾ ਚਾਹੀਦਾ ਹੈ, ਜੋ ਦੌਲਤ ਜਾਂ ਸ਼ੋਹਰਤ ਦੀ ਬਜਾਏ ਲੋਕਾਂ ਦੇ ਕਲਿਆਣ, ਇਨਸਾਫ਼, ਸੁਰੱਖਿਆ ਤੇ ਧਰਮ ਨਿਰਪੱਖਤਾ ਨੂੰ ਤਰਜੀਹ ਦੇ ਕੇ ਲੋਕਾਂ ਦਾ ਵਿਸ਼ਵਾਸ਼ ਜਿੱਤ ਲੈਣ ਅਤੇ ਲੋਕ ਭੈਅ ਮੁਕਤ ਹੋ ਕੇ ਵਿਚਰ ਸਕਣ। ਦੂਜੇ ਸ਼ਬਦਾਂ ਵਿੱਚ ਦੇਸ਼ ਅਤੇ ਲੋਕਾਂ ਦੀ ਸੁਰੱਖਿਆ ਰਾਜਨੀਤੀਵਾਨਾਂ ਤੇ ਹਾਕਮਾਂ ਦੀ ਸੋਚ 'ਤੇ ਨਿਰਭਰ ਹੁੰਦੀ ਹੈ। ਜੇ ਵਿਚਾਰ ਕਰੀਏ ਤਾਂ ਦੁੱਖ ਹੁੰਦਾ ਹੈ ਕਿ ਅੱਜ ਸਾਡੇ ਦੇਸ਼ ਵਿੱਚ ਚੰਗੇ ਲੋਕਤੰਤਰ ਵਾਲੇ ਗੁਣ ਵਿਖਾਈ ਨਹੀਂ ਦੇ ਰਹੇ। ਇਸ ਗਿਰਾਵਟ ਦਾ ਅਸਲ ਕਾਰਨ ਇਹੋ ਹੈ ਕਿ ਰਾਜਨੀਤੀ ਵਿੱਚ ਅਪਰਾਧੀ ਲੋਕ ਸ਼ਾਮਲ ਹੋ ਗਏ ਹਨ।

ਦੁਨੀਆ ਭਰ ਵਿੱਚੋਂ ਲੋਕ ਇੱਥੋਂ ਦੇ ਸੱਭਿਆਚਾਰ ਤੇ ਰਾਜ ਪ੍ਰਬੰਧ ਵੇਖਣ -ਪਰਖਣ ਲਈ ਪਹੁੰਚਦੇ ਰਹੇ ਹਨ ਤੇ ਸਲਾਹੁੰਦੇ ਰਹੇ ਹਨ, ਪਰ ਹੁਣ ਦੇ ਹਾਲਾਤ ਨਿਰਾਸ਼ਾ ਕਰਨ ਵਾਲੇ ਹਨ, ਜਿਹਨਾਂ ਨੇ ਭਾਰਤ ਦਾ ਸਮੁੱਚੀ ਦੁਨੀਆ ਮੂਹਰੇ ਸਿਰ ਨੀਵਾਂ ਕਰ ਦਿੱਤਾ ਹੈ। ਕਈ ਸਾਲਾਂ ਤੋਂ ਬ੍ਰਾਜ਼ੀਲ ਦੀ ਇੱਕ ਸਪੈਨਿਸ਼ ਔਰਤ ਫਰਨੈਂਡਾ ਤੇ ਉਸ ਦਾ ਪਤੀ ਮੋਟਰਸਾਈਕਲ ਰਾਹੀਂ ਦੁਨੀਆ ਦੇ ਦੇਸ਼ਾਂ ਦੀ ਯਾਤਰਾ 'ਤੇ ਨਿਕਲੇ ਸਨ। ਉਹ ਕਰੀਬ ਸੱਤਰ ਦੇਸ਼ਾਂ ਵਿੱਚ ਘੁੰਮ ਕੇ ਬੀਤੇ ਦਿਨੀਂ ਭਾਰਤ ਪਹੁੰਚੇ। ਭਾਰਤੀ ਸੱਭਿਆਚਾਰ ਤੇ ਵਾਤਾਵਰਣ ਦਾ ਆਨੰਦ ਲੈਣ ਲਈ ਉਹ ਝਾਰਖੰਡ ਰਾਜ ਵਿੱਚ ਪਹੁੰਚੇ ਅਤੇ ਦੁਮਕਾ ਕਸਬੇ ਵਿੱਚ ਉਹਨਾਂ ਰਾਤ ਕੱਟਣ ਲਈ ਆਪਣਾ ਆਰਜ਼ੀ ਤੰਬੂ ਲਾ ਲਿਆ। ਉਹ ਆਰਾਮ ਕਰਨ ਲਈ ਤੰਬੂ ਵਿੱਚ ਬੈਠੇ ਸਨ ਤਾਂ ਉੱਥੋਂ ਦੇ ਸੱਤ-ਅੱਠ ਗੁੰਡੇ ਤੰਬੂ ਵਿੱਚ ਆ ਵੜੇ ਅਤੇ ਉਹਨਾਂ ਉਸ ਯਾਤਰਾ 'ਤੇ ਆਈ ਵਿਦੇਸ਼ੀ ਔਰਤ ਨਾਲ ਸਮੂਹਿਕ ਬਲਾਤਕਾਰ ਕੀਤਾ। ਉਹ ਜਾਂ ਉਸ ਦਾ ਪਤੀ ਇਸ ਦਰਿੰਦਗੀ ਦਾ ਵਿਰੋਧ ਕਰਦੇ ਤਾਂ ਉਹਨਾਂ ਦੀ ਕੁੱਟਮਾਰ ਕੀਤੀ ਜਾਂਦੀ। ਜਦ ਦਰਿੰਦੇ ਆਪਣੀਆਂ ਮਨਆਈਆਂ ਕਰਕੇ ਚਲੇ ਗਏ ਤਾਂ ਉਹ ਪਤੀ-ਪਤਨੀ ਸੜਕ 'ਤੇ ਨਿਕਲੇ ਤੇ ਪੁਲਸ ਨੂੰ ਆਪਣੀ ਹੱਡਬੀਤੀ ਦੱਸੀ। ਪੁਲਸ ਨੇ ਮੁਕੱਦਮਾ ਦਰਜ ਕਰ ਲਿਆ। ਪੀੜ੍ਹਤ ਪਤੀ-ਪਤਨੀ ਨੇ ਆਪਣੇ ਨਾਲ ਬੀਤੀ ਸੋਸ਼ਲ ਮੀਡੀਆ ਦੇ ਇੰਸਟਾਗ੍ਰਾਮ 'ਤੇ ਜੱਗ ਜ਼ਾਹਰ ਕਰ ਦਿੱਤੀ। ਇੱਥੇ ਰਾਜ ਪ੍ਰਬੰਧਕਾਂ ਦੀ ਜ਼ਿੰਮੇਵਾਰੀ ਸੀ ਕਿ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਜੇਲ੍ਹ 'ਚ ਸੁੱਟਿਆ ਜਾਂਦਾ ਅਤੇ ਪੀੜਤਾਂ ਦਾ ਇਲਾਜ ਕਰਵਾ ਕੇ ਉਹਨਾਂ ਨੂੰ ਰਾਹਤ ਪਹੁੰਚਾਈ ਜਾਂਦੀ ਤੇ ਉਹਨਾਂ ਦਾ ਵਿਸ਼ਵਾਸ਼ ਜਿੱਤਿਆ ਜਾਂਦਾ। ਪੁਲਸ ਨੇ ਮੁਕੱਦਮਾ ਤਾਂ ਦਰਜ ਕਰ ਲਿਆ, ਪਰ ਪੀੜਤਾਂ ਵੱਲੋਂ ਸੋਸ਼ਲ ਮੀਡੀਆ ਇੰਸਟਾਗਰਾਮ 'ਤੇ ਪਾਈ ਉਹਨਾਂ ਦੀ ਦੁਖਦਾਈ ਘਟਨਾ ਨੂੰ ਮਿਟਾ ਦਿੱਤਾ ਗਿਆ। ਇਸ ਤਰ੍ਹਾਂ ਇਸ ਅਤੀ ਦਰਦਨਾਕ ਤੇ ਘਿਨਾਉਣੀ ਘਟਨਾ ਨੂੰ ਲੋਕਾਂ ਤੋਂ ਲੁਕਾਉਣ ਦੀ ਕੋਸ਼ਿਸ਼ ਕੀਤੀ ਗਈ।

ਭਾਰਤ ਵਿੱਚ ਇਹ ਕੋਈ ਪਹਿਲੀ ਘਟਨਾ ਨਹੀਂ ਸੀ, ਇਸ ਤੋਂ ਪਹਿਲਾਂ 31 ਦਸੰਬਰ 1994 ਨੂੰ ਅਜਿਹੀ ਇੱਕ ਘਿਨਾਉਣੀ ਘਟਨਾ ਪੰਜਾਬ ਦੇ ਸ਼ਹਿਰ ਮੁਹਾਲੀ ਵਿਖੇ ਵੀ ਵਾਪਰੀ ਸੀ। ਫਰਾਂਸ ਦੀ ਇੱਕ ਵਿਦਿਆਰਥਣ ਕੇਤੀਆ ਜਦੋਂ ਆਪਣੇ ਇੱਕ ਦੋਸਤ ਨਾਲ ਆਪਣੇ ਘਰ ਜਾ ਰਹੀ ਸੀ ਤਾਂ ਕੁਝ ਨੌਜਵਾਨਾਂ ਨੇ ਉਸ ਦਾ ਪਿੱਛਾ ਕੀਤਾ, ਜਦ ਉਹ ਘਰ ਪਹੁੰਚ ਗਈ ਤਾਂ ਉਹਨਾਂ ਉਸ ਨੂੰ ਘਰੋਂ ਅਗਵਾ ਕਰ ਲਿਆ ਅਤੇ ਇੱਕ ਫੈਕਟਰੀ ਦੀ ਇਮਾਰਤ ਵਿੱਚ ਲਿਜਾ ਕੇ ਉਸ ਨਾਲ ਕਥਿਤ ਤੌਰ 'ਤੇ ਬਲਾਤਕਾਰ ਕੀਤਾ ਗਿਆ ਸੀ। ਇਸ ਘਟਨਾ ਨੂੰ ਅੰਜਾਮ ਦੇਣ ਵਾਲਿਆਂ ਵਿੱਚ ਇੱਕ ਵੱਡੇ ਰਾਜਨੀਤੀਵਾਨ ਦੇ ਪਰਵਾਰ ਦਾ ਨੌਜਵਾਨ ਸੀ ਅਤੇ ਦੋ ਉਸ ਦੇ ਦੋਸਤ ਤੇ ਦੋ ਗੰਨਮੈਨਾਂ ਸਮੇਤ ਸੱਤ ਜਣੇ ਸਨ। ਇਹ ਕੇਤੀਆ ਕਾਂਡ ਬਹੁਤ ਚਰਚਾ ਵਿੱਚ ਰਿਹਾ ਸੀ। ਇਸ ਮਾਮਲੇ 'ਚ ਮੁਕੱਦਮਾ ਦਰਜ ਹੋਇਆ, ਗ੍ਰਿਫਤਾਰੀਆਂ ਵੀ ਹੋਈਆਂ, ਪਰ ਕਥਿਤ ਦੋਸ਼ੀ ਸਿਆਸੀ ਸ਼ਹਿ ਪ੍ਰਾਪਤ ਸਨ, ਉਹਨਾਂ ਕੇਤੀਆ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇਸ ਉਪਰੰਤ ਉਹ ਆਪਣੀ ਜਾਨ ਬਚਾਉਣ ਲਈ ਪੜ੍ਹਾਈ ਛੱਡ ਕੇ ਆਪਣੇ ਦੇਸ਼ ਚਲੀ ਗਈ ਅਤੇ ਡਰਦੀ ਹੋਈ ਗਵਾਹੀ ਦੇਣ ਵੀ ਨਾ ਆਈ। ਇਸ ਦਾ ਲਾਹਾ ਦੋਸ਼ੀਆਂ ਨੂੰ ਮਿਲਿਆ ਅਤੇ ਅਦਾਲਤ ਵਿੱਚੋਂ ਉਹ ਬਰੀ ਹੋ ਗਏ।

ਇਹ ਦੋਵੇਂ ਘਟਨਾਵਾਂ ਵਿਦੇਸ਼ਾਂ 'ਚੋਂ ਇਸ ਭਾਰਤ ਮਹਾਨ ਵਿੱਚ ਆਈਆਂ ਔਰਤਾਂ ਨਾਲ ਵਾਪਰੀਆਂ ਹਨ, ਪਰ ਦੇਸ਼ ਦੀਆਂ ਔਰਤਾਂ ਕੁੜੀਆਂ ਨਾਲ ਤਾਂ ਹਰ ਦਿਨ ਹੀ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਮਸੂਮ ਬੱਚੀਆਂ ਨਾਲ ਬਲਾਤਕਾਰ ਕਰਕੇ ਉਹਨਾਂ ਨੂੰ ਜਾਨੋਂ ਮਾਰ ਦਿੱਤਾ ਜਾਂਦਾ ਹੈ। ਦੇਸ਼ ਵਿੱਚ ਔਰਤਾਂ ਨੂੰ ਅਲਫ਼ ਨੰਗੀਆਂ ਕਰਕੇ ਲੋਕਾਂ ਵਿੱਚ ਘੁਮਾਇਆ ਜਾਂਦਾ ਹੈ। ਸਮੂਹਿਕ ਬਲਾਤਕਾਰ ਹੁੰਦੇ ਹਨ। ਲੜਾਈਆਂ ਸਿਆਸਤ ਜਾਂ ਧਰਮਾਂ ਦੀਆਂ ਹੁੰਦੀਆਂ ਹਨ ਪਰ ਸਿਆਸੀ ਸ਼ਹਿ 'ਤੇ ਤਕੜਿਆਂ ਵੱਲੋਂ ਨਿਹੱਥੇ ਪਰਵਾਰਾਂ 'ਤੇ ਹਮਲੇ ਕਰਕੇ ਉਹਨਾਂ ਦੀਆਂ ਬੇਕਸੂਰ ਨਿਹੱਥੀਆਂ ਔਰਤਾਂ ਨਾਲ ਸਮੂਹਿਕ ਬਲਾਤਕਾਰ ਕੀਤੇ ਜਾਂਦੇ ਹਨ। ਮੁਕੱਦਮੇ ਦਰਜ ਹੁੰਦੇ ਹਨ, ਬਹੁਤੇ ਕੇਸਾਂ ਵਿੱਚ ਦੋਸ਼ੀ ਬਰੀ ਹੋ ਜਾਂਦੇ ਹਨ, ਜੇਕਰ ਸਜ਼ਾ ਵੀ ਹੋ ਜਾਵੇ ਤਾਂ ਸਰਕਾਰਾਂ ਉਹਨਾਂ ਦੀ ਸਹਾਇਤਾ ਤੇ ਪੁਸ਼ਤ ਪਨਾਹੀ ਕਰਦੀਆਂ ਹਨ।

ਇਸ ਦੀ ਵੱਡੀ ਮਿਸਾਲ ਬਿਲਕਿਸ ਬਾਨੋ ਮੁਕੱਦਮਾ ਹੈ। ਉਹਨਾਂ ਦੇ ਪਰਵਾਰ ਨਾਲ ਗੁਜਰਾਤ ਵਿਖੇ ਅੱਤਿਆਚਾਰ ਹੋਇਆ, ਪਰਵਾਰ ਦੇ ਬੱਚਿਆਂ, ਔਰਤਾਂ ਸਮੇਤ ਸੱਤ ਜੀਆਂ ਨੂੰ ਕੋਹ-ਕੋਹ ਕੇ ਮਾਰਿਆ ਗਿਆ, ਬਿਲਕਿਸ ਨਾਲ ਗੁੰਡਿਆਂ ਨੇ ਸਮੂਹਿਕ ਬਲਾਤਕਾਰ ਕੀਤਾ। ਲੋਕਾਂ ਵੱਲੋਂ ਉਠਾਈ ਜ਼ਬਰਦਸਤ ਆਵਾਜ਼ ਸਦਕਾ ਦੋਸ਼ੀਆਂ 'ਤੇ ਮੁਕੱਦਮਾ ਦਰਜ ਕੀਤਾ ਗਿਆ ਅਤੇ ਅਦਾਲਤ ਵੱਲੋਂ ਉਹਨਾਂ ਸੱਤ ਬਲਾਤਕਾਰੀ ਦੋਸ਼ੀਆਂ ਨੂੰ ਸਜ਼ਾ ਸੁਣਾਈ ਗਈ। ਦੋਸ਼ੀ ਹਿੰਦੂ ਸਨ, ਇਸ ਲਈ ਸਰਕਾਰਾਂ ਨੇ ਦੋਸ਼ੀਆਂ ਦੀ ਪੁਸ਼ਤ ਪਨਾਹੀ ਕਰਦਿਆਂ ਉਹਨਾਂ ਦੀ ਅਗੇਤਰੀ ਰਿਹਾਈ ਕਰ ਦਿੱਤੀ, ਇੱਥੇ ਹੀ ਬੱਸ ਨਹੀਂ, ਜੇਲ੍ਹ 'ਚੋਂ ਬਾਹਰ ਆਉਣ 'ਤੇ ਉਹਨਾਂ ਦੇ ਗਲਾਂ ਵਿੱਚ ਹਾਰ ਪਾ ਕੇ ਉਹਨਾਂ ਦਾ ਸਨਮਾਨ ਕੀਤਾ ਗਿਆ, ਜਿਵੇਂ ਉਹ ਦੇਸ਼ ਦੀ ਸਰਹੱਦ 'ਤੇ ਜੰਗ ਜਿੱਤ ਕੇ ਆਏ ਹੋਣ। ਬਿਲਕਿਸ ਨੇ ਮੁੜ ਸਰਵਉੱਚ ਅਦਾਲਤ ਦਾ ਦਰਵਾਜ਼ਾ ਖੜਕਾਇਆ ਤਾਂ ਦੋਸ਼ੀਆਂ ਨੂੰ ਫੇਰ ਜੇਲ੍ਹ ਜਾਣਾ ਪਿਆ ਹੈ। ਦੂਜੀ ਮਿਸਾਲ ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਗੁਰਮੀਤ ਸਿੰਘ ਦੀ ਹੈ। ਉਸ ਨੂੰ ਬਲਾਤਕਾਰ ਤੇ ਕਤਲਾਂ ਦੇ ਦੋਸ਼ਾਂ ਵਿੱਚ ਉਮਰ ਕੈਦ ਹੋ ਚੁੱਕੀ ਹੈ, ਪਰ ਭਾਜਪਾ ਸਰਕਾਰਾਂ ਉਸ ਦੇ ਪ੍ਰੇਮੀਆਂ ਦੀਆਂ ਵੋਟਾਂ ਹਾਸਲ ਕਰਨ ਲਈ ਉਸ ਨੂੰ ਵਾਰ-ਵਾਰ ਜ਼ਮਾਨਤਾਂ ਤੇ ਜੇਲ੍ਹੋਂ ਬਾਹਰ ਕੱਢ ਰਹੀ ਹੈ, ਜਦੋਂ ਕਿ ਦੇਸ਼ ਭਰ ਵਿੱਚ ਲੱਖਾਂ ਦੀ ਤਾਦਾਦ ਵਿੱਚ ਹੋਰ ਕੈਦੀ ਜ਼ਮਾਨਤਾਂ ਨੂੰ ਤਰਸ ਰਹੇ ਹਨ। ਦੇਸ਼ ਦੀ ਸੁਪਰੀਮ ਕੋਰਟ ਨੂੰ ਵੀ ਸਰਕਾਰ ਦੀ ਇਸ ਕਾਰਗੁਜ਼ਾਰੀ ਤੇ ਇਤਰਾਜ਼ ਕਰਨਾ ਪਿਆ ਹੈ।

ਉਲੰਪਿਕ ਖੇਡਾਂ 'ਚ ਕਾਂਸੀ ਦਾ ਤਮਗਾ ਜੇਤੂ ਪਹਿਲਵਾਨ ਲੜਕੀ ਸਾਕਸੀ ਮਲਿਕ ਨੇ ਆਪਣੇ ਨਾਲ ਯੋਨ ਸ਼ੋਸ਼ਣ ਹੋਣ ਦੀ ਕੋਸ਼ਿਸ਼ ਕਰਨ ਦਾ ਖੁਲਾਸਾ ਕਰਦਿਆਂ ਕਿਹਾ ਕਿ ਸਾਲ 2012 ਵਿੱਚ ਕਜ਼ਾਕਿਸਤਾਨ ਦੇ ਅਲਮਾਤੀ ਵਿਖੇ ਉਹ ਏਸ਼ੀਅਨ ਜੂਨੀਅਰ ਚੈਂਪੀਅਨਸ਼ਿਪ ਵਿੱਚ ਭਾਗ ਲੈਣ ਗਈ ਸੀ। ਉਸ ਸਮੇਂ ਦੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਜੋ ਭਾਜਪਾ ਵੱਲੋਂ ਸੰਸਦ ਮੈਂਬਰ ਸੀ, ਨੇ ਉਸਨੂੰ ਹੋਟਲ ਦੇ ਕਮਰੇ ਵਿੱਚ ਬੁਲਾਇਆ ਅਤੇ ਛੇੜਛਾੜ ਦੀ ਕੋਸ਼ਿਸ਼ ਕੀਤੀ। ਆਪਣੀ ਇੱਜ਼ਤ ਬਚਾਉਣ ਲਈ ਉਹ ਬ੍ਰਿਜ ਭੂਸ਼ਣ ਸਿੰਘ ਨੂੰ ਧੱਕਾ ਮਾਰ ਕੇ ਕਮਰੇ 'ਚੋਂ ਬਾਹਰ ਭੱਜ ਗਈ ਸੀ। ਕੁਸ਼ਤੀ ਭਲਵਾਨਾਂ ਨੇ ਦਿੱਲੀ ਵਿਖੇ ਬ੍ਰਿਜ ਭੂਸ਼ਣ ਵਿਰੁੱਧ ਯੋਨ ਸੋਸ਼ਣ ਦੀਆਂ ਕੋਸ਼ਿਸਾਂ ਕਰਨ ਦੇ ਮੁੱਦੇ 'ਤੇ ਸੰਘਰਸ਼ ਵੀ ਲੜਿਆ ਸੀ, ਪਰ ਕੇਂਦਰ ਦੀ ਭਾਜਪਾ ਸਰਕਾਰ ਉਸ ਨੂੰ ਬਚਾਉਂਦੀ ਰਹੀ ਸੀ। ਇਸ ਸੰਸਦ ਮੈਂਬਰ ਵਿਰੁੱਧ ਹੋਰ ਵੀ ਕਈ ਪਹਿਲਵਾਨਾਂ ਨੇ ਅਜਿਹੇ ਦੋਸ਼ ਲਾਏ ਸਨ। ਦੁਨੀਆ ਭਰ 'ਚ ਦੇਸ਼ ਦਾ ਨਾਂਅ ਉੱਚਾ ਕਰਨ ਵਾਲੀ ਲੜਕੀ ਨਾਲ ਕੇਂਦਰ 'ਚ ਰਾਜ ਕਰਦੀ ਪਾਰਟੀ ਦੇ ਸੰਸਦ ਮੈਂਬਰ ਵੱਲੋਂ ਅਜਿਹਾ ਕਰਨ ਨਾਲ ਲੋਕਾਂ ਵਿੱਚ ਕੀ ਸੁਨੇਹਾ ਪਹੁੰਚਦਾ ਹੈ ? ਇਸ ਸੁਆਲ ਦੀਆਂ ਗੁੰਝਲਾਂ ਸੁਲਝਾਉਣੀਆਂ ਅਤੀ ਮੁਸ਼ਕਲ ਹਨ।

ਹੁਣ ਸਵਾਲ ਉੱਠਦਾ ਹੈ ਕਿ ਸਰਕਾਰਾਂ ਅਜਿਹਾ ਕਿਉਂ ਕਰ ਰਹੀਆਂ ਹਨ ? ਉਹ ਕਾਨੂੰਨ ਸੰਵਿਧਾਨ ਦੀਆਂ ਧੱਜੀਆਂ ਕਿਉਂ ਉਡਾ ਰਹੀਆਂ ਹਨ ? ਇਸ ਦਾ ਸਿੱਧਾ ਜਵਾਬ ਇਹੀ ਹੈ ਕਿ ਸਰਕਾਰਾਂ ਵਿੱਚ ਅਪਰਾਧੀ ਲੋਕ ਸ਼ਾਮਲ ਹੋ ਗਏ ਹਨ। ਦੇਸ਼ ਦੀ ਸੰਸਦ ਅਤੇ ਵਿਧਾਨ ਸਭਾਵਾਂ ਵਿੱਚ ਸੈਂਕੜੇ ਲੋਕ ਅਜਿਹੇ ਹਨ, ਜਿਹਨਾਂ 'ਤੇ ਮੁਕੱਦਮੇ ਦਰਜ ਹਨ, ਇਹਨਾਂ ਮੁਕੱਦਮਿਆਂ ਵਿੱਚ ਬਲਾਤਕਾਰ ਜਾਂ ਔਰਤਾਂ ਨਾਲ ਛੇੜਛਾੜ ਦੇ ਮੁਕੱਦਮੇ ਵੀ ਹਨ। ਕਈ ਵਿਧਾਇਕਾਂ ਆਦਿ ਨੂੰ ਬਲਾਤਕਾਰ ਜਾਂ ਹੋਰ ਅਜਿਹੇ ਘਿਨਾਉਣੇ ਮਾਮਲਿਆਂ ਵਿੱਚ ਸਜ਼ਾਵਾਂ ਵੀ ਹੋ ਚੁੱਕੀਆਂ ਹਨ। ਜਿਹਨਾਂ ਸਰਕਾਰਾਂ ਵਿੱਚ ਅਪਰਾਧੀ ਮਾਨਸਿਕਤਾ ਵਾਲੇ ਲੋਕ ਸ਼ਾਮਲ ਹੋਣ, ਉਹਨਾਂ ਦੇ ਦੌਰ ਵਿੱਚ ਵਿਦੇਸ਼ੀ ਜਾਂ ਦੇਸ਼ੀ ਔਰਤਾਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਵਾਪਰਨੀਆਂ ਆਮ ਗੱਲ ਹੀ ਹੋ ਜਾਂਦੀ ਹੈ।

ਭਾਰਤ ਦੀ ਸਰਕਾਰ ਧਰਮ ਦੇ ਆਧਾਰ 'ਤੇ ਰਾਜ ਕਰ ਰਹੀ ਹੈ, ਲੋਕਤੰਤਰ ਨੂੰ ਮਜ਼ਬੂਤ ਕਰਨ ਦੇ ਦਾਅਵੇ ਕਰ ਰਹੀ ਹੈ। ਦੂਜੇ ਪਾਸੇ ਉਪਰੋਕਤ ਵਾਪਰ ਰਹੀਆਂ ਘਟਨਾਵਾਂ ਸਦਕਾ ਦੇਸ਼ ਦਾ ਸਿਰ ਸਮੁੱਚੇ ਸੰਸਾਰ ਮੂਹਰੇ ਨੀਵਾਂ ਹੋ ਰਿਹਾ ਹੈ। ਇੱਕ ਅਖਾਣ ਹੈ ਕਿ "ਸਾਬਣ ਦਾ ਸੁਭਾਅ ਕੱਪੜੇ ਦੀ ਮੈਲ ਕੱਟਣੀ ਹੈ, ਪਰ ਜੇ ਸਾਬਣ ਆਪ ਹੀ ਮੈਲਾ ਹੋ ਜਾਵੇ ਤਾਂ ਕੱਪੜੇ ਦੀ ਮੈਲ ਕੌਣ ਕੱਟੇਗਾ।" ਸਰਕਾਰਾਂ ਤੇ ਰਾਜਨੀਤੀਵਾਨਾਂ ਨੂੰ ਅਜਿਹੀਆਂ ਘਿਨਾਉਣੀਆਂ ਅਪਰਾਧਿਕ ਘਟਨਾਵਾਂ ਰੋਕਣ ਲਈ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ, ਤਾਂ ਜੋ ਦੇਸ਼ ਦੀ ਦੁਨੀਆ ਭਰ ਵਿੱਚ ਬਦਨਾਮੀ ਨਾ ਹੋਵੇ।

**ਮੋਬਾ: 98882-75913**

25-OCT-PAGE-5.qxd 10/24/2024 10:31 PM Page 1



# ਜ਼ਿਮਨੀ ਚੋਣਾਂ ਤੋਂ ਪਹਿਲਾਂ ਬਰਨਾਲਾ 'ਚ ਸੂਬਾ ਸਰਕਾਰ ਖਿਲਾਫ ਗਰਜੇ ਕੰਪਿਊਟਰ ਅਧਿਆਪਕ

## ਮੀਤ ਹੇਅਰ ਦੀ ਕੋਠੀ ਅੱਗੇ ਹੋਇਆ ਜ਼ਬਰਦਸਤ ਰੋਸ ਪ੍ਰਦਰਸ਼ਨ



**ਬਰਨਾਲਾ (ਰਾਜਿੰਦਰ ਬਰਾੜ/ਸੁਨੀਲ ਕਾਲਾ)**-ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਆਪਣੀਆਂ ਸੇਵਾਵਾਂ ਨਿਭਾਅ ਰਹੇ ਸੂਬੇ ਭਰ ਦੇ ਕੰਪਿਊਟਰ ਅਧਿਆਪਕਾਂ ਵੱਲੋਂ ਆਪਣੀਆਂ ਜਾਇਜ਼ ਮੰਗਾਂ ਮਨਵਾਉਣ ਦੇ ਲਈ ਸੰਗਰੂਰ ਦੇ ਡੀ ਸੀ ਦਫਤਰ ਅੱਗੇ ਪਿਛਲੇ 53 ਦਿਨਾਂ ਤੋਂ ਲਗਾਤਾਰ ਭੁੱਖ ਹੜਤਾਲ ਦੇ ਨਾਲ ਨਾਲ ਵੱਖ-ਵੱਖ ਸੰਘਰਸ਼ੀ ਐਕਸ਼ਨ ਉਲੀਕੇ ਜਾ ਰਹੇ ਹਨ, ਪਰ ਹਾਲੇ ਤੱਕ ਸਰਕਾਰ ਵੱਲੋਂ ਉਨ੍ਹਾਂ ਦੀ ਸਾਰ ਨਹੀਂ ਲਈ ਗਈ।ਇਸੇ ਲੜੀ ਅਧੀਨ ਅੱਜ ਸੂਬੇ ਭਰ ਤੋਂ ਕੰਪਿਊਟਰ ਅਧਿਆਪਕਾਂ ਨੇ ਬਰਨਾਲਾ ਵਿਖੇ ਇਕੱਠੇ ਹੁੰਦੇ ਹੋਏ ਕੰਪਿਊਟਰ ਅਧਿਆਪਕ ਯੂਨੀਅਨ ਤੇ ਕੰਪਿਊਟਰ ਅਧਿਆਪਕ ਭੁੱਖ ਹੜਤਾਲ ਕਮੇਟੀ ਪੰਜਾਬ ਦੇ ਬੈਨਰ ਹੇਠ ਪੰਜਾਬ ਸਰਕਾਰ ਖਿਲਾਫ ਜੰਮ ਕੇ ਰੋਸ ਪ੍ਰਦਰਸ਼ਨ ਕਰਦੇ ਹੋਏ ਆਪਣੀਆਂ ਜਾਇਜ਼ ਮੰਗਾਂ ਲਈ ਆਵਾਜ਼ ਬੁਲੰਦ ਕੀਤੀ।ਜ਼ਿਮਨੀ ਚੋਣਾਂ ਤੋਂ ਪਹਿਲਾਂ ਸਰਕਾਰ ਖਿਲਾਫ ਹੋਏ ਇਸ ਜ਼ਬਰਦਸਤ ਰੋਸ ਪ੍ਰਦਰਸ਼ਨ ਦੇ ਕਾਰਨ ਸਰਕਾਰ ਨੂੰ ਭਾਰੀ ਨੁਕਸਾਨ ਹੋ ਸਕਦਾ ਹੈ।ਕੰਪਿਊਟਰ ਅਧਿਆਪਕਾਂ ਵੱਲੋਂ 3 ਨਵੰਬਰ ਨੂੰ ਮੁੜ ਗਿੱਦੜਬਾਹਾ ਵਿਖੇ ਸੂਬਾ ਪੱਧਰੀ ਐਕਸ਼ਨ ਕਰਨ ਦਾ ਵੀ ਐਲਾਨ ਕੀਤਾ ਗਿਆ, ਜੋ ਜ਼ਿਮਨੀ ਚੋਣਾਂ ਵਿੱਚ ਸਰਕਾਰ ਦੀਆਂ ਮੁਸ਼ਕਲਾਂ ਨੂੰ ਵਧਾ ਸਕਦਾ ਹੈ।ਸੂਬੇ ਭਰ ਤੋਂ ਪਹੁੰਚੇ ਕੰਪਿਊਟਰ ਅਧਿਆਪਕਾਂ ਨੇ ਬਰਨਾਲਾ ਰੇਲਵੇ ਸਟੇਸ਼ਨ ਦੇ ਕੋਲ ਇਕੱਠੇ ਹੁੰਦੇ ਹੋਏ ਸਭ ਤੋਂ ਪਹਿਲਾਂ ਸ਼ਹਿਰ ਦੇ ਵੱਖ-ਵੱਖ ਚੌਕਾਂ ਤੇ ਬਾਜ਼ਾਰਾਂ ਵਿੱਚ ਰੋਸ ਮਾਰਚ ਕਰਦੇ ਹੋਏ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ।ਇਸ ਦੌਰਾਨ ਕੰਪਿਊਟਰ ਅਧਿਆਪਕਾਂ ਵੱਲੋਂ ਇੱਕ ਵਿਸ਼ਾਲ ਮਸ਼ਾਲ ਮਾਰਚ ਵੀ ਕੱਢਿਆ ਗਿਆ।ਇਸ ਮਗਰੋਂ ਵੱਡੀ ਗਿਣਤੀ ਵਿੱਚ ਕੰਪਿਊਟਰ ਅਧਿਆਪਕਾਂ ਵੱਲੋਂ ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ ਦੀ ਕੋਠੀ ਅੱਗੇ ਪਹੁੰਚ ਕੇ ਨਾਰੇਬਾਜ਼ੀ ਕੀਤੀ ਗਈ।

ਇਸ ਮੌਕੇ ਮੌਜੂਦ ਵੱਖ-ਵੱਖ ਕੰਪਿਊਟਰ ਅਧਿਆਪਕ ਆਗੂ ਜੋਨੀ ਸਿੰਗਲਾ, ਸਿਕੰਦਰ ਸਿੰਘ, ਪਰਦੀਪ ਕੁਮਾਰ, ਜਗਦੀਪ ਸਿੰਘ, ਵਿਪੁਲ ਕੁਮਾਰ, ਹਰਭਗਵਾਨ ਸਿੰਘ, ਈਸ਼ਰ ਸਿੰਘ, ਪਰਮਵੀਰ ਸਿੰਘ ਪੰਮੀ, ਨਰਦੀਪ ਸ਼ਰਮਾ ਨੇ ਦੱਸਿਆ ਕਿ ਸੂਬਾ ਸਰਕਾਰ ਦੇ ਵੱਖ-ਵੱਖ ਮੰਤਰੀਆਂ ਤੇ ਹੋਰਨਾਂ ਆਗੂਆਂ ਵੱਲੋਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਉਨ੍ਹਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਨੂੰ ਪੂਰਾ ਕਰਨ ਦਾ ਵਾਅਦਾ ਕੀਤਾ ਗਿਆ ਸੀ, ਜੋ ਅਜੇ ਤੱਕ ਪੂਰਾ ਨਹੀਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਸਿਰਫ ਲਾਰੇ ਲੱਪੇ ਵਾਲੀ ਨੀਤੀ ਹੀ ਅਪਣਾ ਰਹੀ। ਕੰਪਿਊਟਰ ਅਧਿਆਪਕਾਂ ਨੇ ਦੋਸ਼ ਲਗਾਇਆ ਕਿ ਰੈਗੂਲਰ ਹੁੰਦੇ ਹੋਏ ਵੀ ਉਹ ਠੇਕਾ ਕਰਮਚਾਰੀਆਂ ਵਾਂਗੂੰ ਸੰਤਾਪ ਹੰਢਾ ਰਹੇ ਹਨ।ਉਨ੍ਹਾਂ ਨੂੰ ਰੈਗੂਲਰ ਕਰਮਚਾਰੀਆਂ ਵਾਂਗੂੰ ਕੋਈ ਵੀ ਲਾਭ ਨਹੀਂ ਦਿੱਤਾ ਜਾ ਰਿਹਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਛੇਵੇਂ ਪੇ ਕਮਿਸ਼ਨ ਦਾ ਲਾਭ ਦਿੰਦੇ ਹੋਏ ਬਿਨਾਂ ਸ਼ਰਤ ਸਿੱਖਿਆ ਵਿਭਾਗ ਵਿੱਚ ਮਰਜ ਕੀਤਾ ਜਾਵੇ।ਕੰਪਿਊਟਰ ਅਧਿਆਪਕਾਂ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਸੂਬਾ ਸਰਕਾਰ ਨੇ ਸਮਾਂ ਰਹਿੰਦੇ ਹੋਏ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਨੂੰ ਬਿਨਾਂ ਸ਼ਰਤ ਪੂਰਾ ਨਾ ਕੀਤਾ ਤਾਂ ਉਹ ਚੱਲ ਰਹੇ ਸੰਘਰਸ਼ ਨੂੰ ਹੋਰ ਤੇਜ਼ ਕਰ ਦੇਣਗੇ ਅਤੇ ਸੂਬੇ ਭਰ ਵਿੱਚ ਪੰਜਾਬ ਸਰਕਾਰ ਦੇ ਖਿਲਾਫ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਤੇ ਰੈਲੀਆਂ ਕੀਤੀਆਂ ਜਾਣਗੀਆਂ, ਜਿਸ ਦੀ ਜ਼ਿੰਮੇਵਾਰੀ ਸੂਬਾ ਸਰਕਾਰ ਦੀ ਹੋਵੇਗੀ।

# ਮਾਲੀ ਦੀ ਰਿਹਾਈ ਲਈ ਸਾਂਝਾ ਰੋਸ ਧਰਨਾ 28 ਨੂੰ

**ਮਾਨਸਾ (ਆਤਮਾ ਸਿੰਘ ਪਮਾਰ)**-ਪ੍ਰਮੁੱਖ ਸਿਆਸੀ ਆਲੋਚਕ ਤੇ ਟਿੱਪਣੀਕਾਰ ਵਜੋਂ ਜਾਣੇ ਜਾਂਦੇ ਮਾਲਵਿੰਦਰ ਸਿੰਘ ਮਾਲੀ, ਜਿਨ੍ਹਾਂ ਨੂੰ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਮਨਘੜਤ ਕੇਸ 'ਚ ਮੋਹਾਲੀ ਪੁਲਸ ਨੇ ਲੰਘੀ 16 ਸਤੰਬਰ ਨੂੰ ਗ੍ਰਿਫਤਾਰ ਕਰ ਲਿਆ ਸੀ ਅਤੇ ਉਹ ਹਾਲੇ ਵੀ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਬੰਦ ਹਨ, ਦੀ ਰਿਹਾਈ ਲਈ ਮਾਨਸਾ ਜ਼ਿਲ੍ਹੇ ਦੀਆਂ ਕਿਸਾਨ, ਮਜ਼ਦੂਰ, ਮੁਲਾਜ਼ਮ ਤੇ ਸਮਾਜਿਕ ਜਥੇਬੰਦੀਆਂ ਤੋਂ ਇਲਾਵਾ ਸਮੂਹ ਇਨਸਾਫ ਪਸੰਦ ਲੋਕਾਂ, ਰਾਜਨੀਤਕ ਪਾਰਟੀਆਂ ਵੱਲੋਂ 28 ਅਕਤੂਬਰ ਨੂੰ ਡੀ ਸੀ ਦਫ਼ਤਰ ਸਾਹਮਣੇ ਇਕ ਸਾਂਝਾ ਰੋਸ ਧਰਨਾ ਦੇਣ ਦਾ ਐਲਾਨ ਕੀਤਾ ਹੈ।ਇਸ ਬਾਰੇ ਮਾਲਵਿੰਦਰ ਮਾਲੀ ਦੀ ਰਿਹਾਈ ਮੁਹਿੰਮ ਦੇ ਆਗੂ ਸੁਖਦਰਸ਼ਨ ਸਿੰਘ ਨੱਤ ਨੇ ਇੱਕ ਪ੍ਰੈੱਸ ਬਿਆਨ ਕਰਦਿਆਂ ਦੱਸਿਆ ਕਿ ਪੰਜਾਬ ਦੇ ਸਾਰੇ ਜਨਤਕ ਤੇ ਸਿਆਸੀ ਸੰਗਠਨਾਂ ਵੱਲੋਂ ਇਸ ਝੂਠੇ ਕੇਸ ਨੂੰ ਰੱਦ ਕਰਨ ਦੀ ਪੁਰਜ਼ੋਰ ਮੰਗ ਕਰਨ ਦੇ ਬਾਵਜੂਦ, ਤਾਨਾਸ਼ਾਹ ਮੋਦੀ ਦੀ ਪੈੜ 'ਚ ਪੈੜ ਧਰਦਿਆਂ ਭਗਵੰਤ ਮਾਨ ਸਰਕਾਰ ਅਪਣੀ ਜ਼ਿੱਦ 'ਤੇ ਅੜੀ ਹੋਈ ਹੈ, ਜਦੋਂਕਿ ਮੁਹਾਲੀ ਪੁਲਸ ਪ੍ਰਸ਼ਾਸਨ ਇਸ ਮਾਮਲੇ ਵਿੱਚ ਕਾਨੂੰਨੀ ਤੌਰ 'ਤੇ ਅਪਣੀ ਪੁਜ਼ੀਸ਼ਨ ਕਸੂਤੀ ਹੋਈ ਵੇਖ ਕੇ ਮਾਲਵਿੰਦਰ ਮਾਲੀ ਉਪਰ ਵਾਰ ਵਾਰ ਜ਼ਮਾਨਤ ਕਰਵਾਉਣ ਲਈ ਦਬਾਅ ਪਾ ਰਿਹਾ ਹੈ, ਪਰ ਮਾਲੀ ਦਾ ਸਟੈਂਡ ਹੈ ਕਿ ਉਸ ਦੀ ਜ਼ੁਬਾਨਬੰਦੀ ਲਈ ਬਣਾਏ ਇਸ ਝੂਠੇ ਕੇਸ 'ਚੋਂ ਜ਼ਮਾਨਤ ਕਰਵਾ ਕੇ ਬਾਹਰ ਆਉਣ ਦੀ ਬਜਾਏ ਉਹ ਕੇਸ ਰੱਦ ਹੋਣ ਤੱਕ ਜੇਲ੍ਹ ਵਿੱਚ ਹੀ ਬੈਠਣਾ ਪਸੰਦ ਕਰਨਗੇ।ਬਿਆਨ ਵਿੱਚ ਕਿਸਾਨ ਆਗੂ ਰੁਲਦੂ ਸਿੰਘ ਮਾਨਸਾ, ਕਾਮਰੇਡ ਰਾਜਵਿੰਦਰ ਸਿੰਘ ਰਾਣਾ, ਅਮਰੀਕ ਸਿੰਘ ਫਫੜੇ, ਲਖਵੀਰ ਸਿੰਘ ਅਕਲੀਆ, ਭਜਨ ਸਿੰਘ ਘੁੰਮਣ, ਪਰਵਿੰਦਰ ਸਿੰਘ ਝੋਟਾ, ਕ੍ਰਿਸ਼ਨ ਚੌਹਾਨ, ਹਰਗਿਆਨ ਢਿੱਲੋਂ, ਵਿਜੇ ਕੁਮਾਰ ਭੀਖੀ, ਘਣਸ਼ਾਮ ਨਿੱਕੂ, ਰਾਜਵਿੰਦਰ ਮੀਰ, ਡਾ. ਧੰਨਾ ਮੱਲ ਗੋਇਲ, ਰਵੀ ਖਾਨ, ਹਰਿੰਦਰ ਸਿੰਘ ਮਾਨਸ਼ਾਹੀਆ, ਭੀਮ ਸਿੰਘ ਮੰਡੇਰ, ਅਮੋਲਕ ਡੇਲੂਆਣਾ, ਸੁਰਿੰਦਰ ਪਾਲ ਸ਼ਰਮਾ, ਐਡ. ਅਜਾਇਬ ਗੁਰੂ, ਬਲਵਿੰਦਰ ਘਰਾਂਗਣਾਂ ਤੇ ਗਗਨਦੀਪ ਸਿਰਸੀਵਾਲਾ ਨੇ ਸਮੂਹ ਜਾਗਰੂਕ ਸੰਗਠਨਾਂ ਤੇ ਵਿਅਕਤੀਆਂ ਨੂੰ ਅਪੀਲ ਕੀਤੀ ਕਿ ਤਾਨਾਸ਼ਾਹੀ ਦਾ ਵਿਰੋਧ ਕਰਨ ਅਤੇ ਲਿਖਣ ਤੇ ਬੋਲਣ ਦੀ ਸੰਵਿਧਾਨਕ ਆਜ਼ਾਦੀ ਦੀ ਰਾਖੀ ਲਈ ਇਸ ਸਾਂਝੇ ਰੋਸ ਧਰਨੇ 'ਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ।

# ਪੰਜਾਬ ਕਾਂਗਰਸ ਕਿਸਾਨਾਂ ਨਾਲ ਚੱਟਾਨ ਵਾਂਗ ਖੜ੍ਹੀ ਐ : ਪ੍ਰਤਾਪ ਬਾਜਵਾ

## ਪੁੱਤਾਂ ਵਾਂਗ ਪਾਲੀ ਫਸਲ ਮੰਡੀਆਂ 'ਚ ਰੁਲਣ ਨੂੰ ਮਜਬੂਰ : ਕਾਂਗੜ



I, Monika W/o Rajiv Jain R/o H.no. 1077, Street no. 6, Ladowali Road, Sant Nagar , Jalandhar Punjab declare that after marriage I have changed my name from Monika Khurana to Monika. Please note.

I, Kashmiri Lal S/o Pritam Chand R/o V.P.O. Chuharwali, Distt. Jalandhar declare that Kashmiri is my given name & Lal is my Surname. Please note.

I, Amandeep Kaur W/o Kashmiri Lal R/o V.P.O. Chuharwali, Distt. Jalandhar declare that Amandeep is my given name and Kaur is my Surname. Please note.

I, Nichhtro Devi W/o Sh. Kabul Chand R/o H.No. 47, V.P.O. Dakoha, Tehsil & Distt. Jalandhar, I have canged my name from Nachhtar Devi to Nichhtro Devi. Please note.

I, Love S/o Inderjeet R/o H.No. NN-220, Gopal Nagar, Jalandhar, have changed my name from Love to Love Madaan. All concerned please note.

I, hitherto known as NAVJOT CHEEMA wife of RAMINDERJIT SINGH residing at VPO Khasa, opp.Khasa Distillery, Amritsar-143107 Punjab have changed my name and shall hereafter be known as NAVJOT KAUR.

I, Jashanpreet Sngh S/o Ranjit Singh R/o Village Devi Dasspura Distt Amritsar have changed my name form Jashanpreet Sngh to Jashanpreet Singh

I, Shweta Mehra W/o Raghav Mehra R/o 1093, Akash Avenue, Near Shiv Mandir, Fatehgarh Churian Road, Amritsar have changed my name from Shweta Mehra to Shaveta Mehra

I, Amarjeet Singh S/o Satnam Singh R/o H.No.J-18/2143, Mata Ganga Ji Nagar, Kot Mit Singh Tarn Taran Road, Amritsar have declare that Amarjeet is my Given name and Singh is my Surname

I, Priti Katyal D/o Vinod Kumar W/o Gagan Deep R/o H.No.3454 A, Azad Nagar, Gali No.3, Pultighar, Amritsar have changed my name from Priti Katyal to Priti

I, Preeti W/o Gagan Deep R/o H.No.3454 A, Azad Nagar, Gali No.3, Pultighar, Amritsar have changed my name from Preeti to Priti

I, Surinder Kaur W/o Makhan Singh R/o Vill Nanoke PO Sudhar Teh Ajnala District Amritsar have changed my name from Surinder Kaur to Savinder Kaur

I, Rani W/o Kashmir Singh R/o H.No.K-21/737, Chamrang Road, Gali No.1, Ekta Nagar, Amritsar have changed my name from Rani to Raj Kaur

I, Sandeep Kaur Dhillon W/o Jaspreet Singh R/o Kothe Gobindsar, PO Dhilwan Kalan Kotkapura Faridkot have changed my name from Sandeep Kaur Dhillon to Sandeep Kaur

I Neha Khanna D/o Sh. Rakesh Khanna W/o Sh. Raghav Beri R/o 29-A, Garden Colony, R.B. Duni Chand Road, Amritsar. I have changed my name after marriage Neha Khanna to Siya Beri

I, Deepo W/o Diyal Singh R/o Village Fattu Bhilla District Amritsar have changed my name from Deepo W/o Diyal Singh to Gurdip Kaur W/o Gurdial Singh

I, Sarabjit Singh S/o Karnail Singh R/o VPO Fatahpur, District Amritsar have changed my name from Sarabjit Singh to Sarbjeet Singh.

I, Paramjit Kaur W/o Parmjit Singh R/o H.No.4718/21, Gali No.1, Ram Nagar, Sultanwind Road, Amritsar, Punjab have changed my name from Paramjit Kaur to Parmjit

I, Paramjit Singh S/o Naranjan Singh R/o H.No.4718/21, Gali No.1, Ram Nagar, Sultanwind Road, Amritsar, Punjab have changed my name from Paramjit Singh to Parmjit Singh

I, Divya Nagar S/o Rajeev Kumar Nagar R/o H.No.20, Miran Kot Khurd, Near Cambridge School, Blue City, Amritsar have changed my name from Divya Nagar to Dev Nagar

I , Inderpreet Kaur alias Simmi w/o Gurjinder Singh Anand r/o 2336 C-Block Ranjit Avenue , Amritsar have changed my name from Inderpreet Kaur alias Simmi to Inderpreet Kaur. All concerned may please note..

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਅਧਿਆਪਕ ਦੀ ਸ਼ਿਕਾਇਤ ਵਿਧਾਇਕ ਦੀ ਤੁੱਛ ਬੁੱਧੀ ਦਾ ਪ੍ਰਗਟਾਵਾ : ਖੱਟੜਾ, ਮਾਵੀ

*** ਅਧਿਆਪਕ ਕੌਮ ਦਾ ਨਿਰਮਾਤਾ ਹੈ, ਨਾ ਕਿ ਕੋਈ ਜੀ ਹਜ਼ੂਰੀਆ**

ਮੋਹਾਲੀ ( ਗੁਰਜੀਤ ਬਿੱਲਾ) ਵਿਧਾਇਕ ਅਮੋਲਕ ਸਿੰਘ ਵੱਲੋਂ ਸਕੂਲ ਦੀ ਫੇਰੀ ਉਪਰੰਤ ਵਿਖਾਈ ਅਪਣੀ ਮਾਨਸਿਕਤਾ ਨਿੰਦਣਯੋਗ ਹੈ।ਵਿਧਾਇਕ ਵੱਲੋਂ ਅਧਿਆਪਕਾਂ ਦੀ ਕੀਤੀ ਗਈ ਇਹ ਸ਼ਿਕਾਇਤ ਸਬੰਧਤ ਵਿਧਾਇਕ ਦੀ ਤੁੱਛ ਸੋਝੀ ਦਾ ਸਪੱਸ਼ਟ ਪ੍ਰਗਟਾਵਾ ਹੈ।ਅਧਿਆਪਕ ਵਰਗ ਕੌਮ ਦਾ ਨਿਰਮਾਤਾ ਹੈ, ਨਾ ਕਿ ਕੋਈ ਜੀ ਹਜ਼ੂਰੀਆ। ਉਪਰੋਕਤ ਟਿੱਪਣੀ ਕਰਦਿਆਂ ਜੀ ਟੀ ਯੂ ਦੇ ਸਾਬਕਾ ਜਨਰਲ ਸਕੱਤਰ ਸੁੱਚਾ ਸਿੰਘ ਖਟੜਾ ਅਤੇ ਪ੍ਰੈਸ ਸਕੱਤਰ ਹਰਨੇਕ ਮਾਵੀ ਨੇ ਕਿਹਾ ਕਿ ਵਿਧਾਇਕ ਅਮੋਲਕ ਸਿੰਘ ਦੇ ਵਿਹਾਰ ਵਿਚੋਂ ਉਸ ਦੀ ਫੋਕੀ ਸ਼ੋਹਰਤ ਲਈ ਭੁੱਖ, ਵਿਦਿਆ ਮੰਦਰ ਵਿਖੇ ਮਰਿਆਦਾ ਤੋਂ ਸੱਖਣਾਪਣ, ਆਪਣੇ ਅਤੇ ਆਪ ਪਾਰਟੀ ਲਈ ਜਨ ਸਮਰਥਨ ਜੁਟਾਉਣ ਦੀ ਕਲਾ ਤੋਂ ਅਗਿਆਨਤਾ ਝਲਕਦੀ ਹੈ।ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਚਾਹੀਦਾ ਹੈ ਕਿ ਇਸ ਘਟਨਾ ਨੂੰ ਅਧਾਰ ਬਣਾ ਕੇ ਉਹ ਸਾਰੇ ਵਿਧਾਇਕਾਂ ਨੂੰ ਬੁਲਾ ਕੇ ਉਹਨਾਂ ਨੂੰ ਸਮਝਾਉਣ ਤਾਂ ਕਿ ਰਹਿੰਦੇ ਦੋ ਸਾਲ ਵਿਧਾਇਕਾਂ ਦੀ ਇਹ ਫੌਜ ਕੋਈ ਹੋਰ ਚੰਨ ਨਾ ਚਾੜ੍ਹਿਆ ਕਰੇ।ਆਗੂਆਂ ਕਿਹਾ ਕਿ ਉਹ ਮਾਨਯੋਗ ਸਪੀਕਰ ਸਾਹਿਬ ਤੋਂ ਉਮੀਦ ਕਰਦੇ ਸਨ ਕਿ ਉਹ ਵਿਧਾਇਕ ਨੂੰ ਸਮਝਾ ਕੇ ਉਸ ਦਾ ਬੱਚਿਆਂ ਵਰਗਾ ਗੁੱਸਾ ਉਤਾਰ ਕੇ ਘਰ ਦੀ ਘਰ ਵਿੱਚ ਰੱਖ ਲੈਣਗੇ ,ਪਰ ਉਹਨਾਂ ਦੇ ਹਵਾਲੇ ਨਾਲ ਜਾਰੀ ਹੋਏ ਅਤੇ ਫਿਰ ਵਾਪਸ ਹੋਏ ਪੱਤਰ ਦੀ ਖ਼ਬਰ ਨੇ ਸਮੁੱਚੇ ਅਧਿਆਪਕ ਜਗਤ ਨੂੰ ਇੱਕ ਵਾਰ ਤਾਂ ਸ਼ਾਂਤ ਕਰ ਦਿੱਤਾ ਹੈ।ਆਗੂਆਂ ਕਿਹਾ ਕਿ ਸਿੱਖਿਆ ਫਰੰਟ ਵਲ਼ ਸਰਕਾਰ ਬਨਦਾ ਧਿਆਨ ਦਿੰਦੀ ਵਿਖਾਈ ਨਹੀਂ ਦਿੰਦੀ।

ਆਗੂਆਂ ਕਿਹਾ ਕਿ ਸਰਕਾਰ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਰਕਾਰ ਦੀ ਇਸ ਅਣਗਹਿਲੀ ਤੋਂ ਪੀੜਤ ਗਰੀਬ ਲੋਕ ਕਿਸਾਨਾਂ ਵਾਂਗ ਸੜਕਾਂ ਉੱਤੇ ਨਹੀਂ ਆਉਣ, ਪਰ ਆਪਣੀ ਪੀੜ ਦਾ ਪ੍ਰਗਟਾਵਾ ਵੋਟਾਂ ਵੇਲੇ ਕਰ ਜਾਂਦੇ ਹਨ।

## ਡਾ. ਦੀਪਕ ਲੈਫਟੀਨੈਂਟ ਐਸੋਸੀਏਟ ਐੱਨ ਸੀ ਸੀ ਅਫ਼ਸਰ ਬਣੇ



ਮਾਹਿਲਪੁਰ (ਸਫ਼ਰੀ) ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਹਿੰਦੀ ਵਿਭਾਗ ਦੇ ਮੁਖੀ ਡਾ. ਦੀਪਕ ਨੇ ਅਫ਼ਸਰ ਅਕਾਦਮੀ ਕਾਂਪਟੀ (ਮਹਾਰਾਸ਼ਟਰ) ਵਿਖੇ ਕਰੀਬ ਤਿੰਨ ਮਹੀਨਿਆਂ ਦਾ ਪ੍ਰੀ-ਕਮਿਸ਼ਨ ਕੋਰਸ ਪੂਰਾ ਕਰਕੇ ਲੈਫਟੀਨੈਂਟ ਐਸੋਸੀਏਟ ਐਨ ਸੀ ਸੀ ਅਫਸਰ ਦਾ ਅਹੁਦਾ ਹਾਸਲ ਕੀਤਾ। ਇਸ ਸੰਬੰਧੀ ਕਾਲਜ ਵਿਚ ਪ੍ਰਿੰਸੀਪਲ ਪਰਵਿੰਦਰ ਸਿੰਘ ਦੀ ਅਗਵਾਈ ਹੇਠ ਡਾ. ਦੀਪਕ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਪ੍ਰਿੰਸੀਪਲ ਪਰਵਿੰਦਰ ਸਿੰਘ ਨੇ ਕਿਹਾ ਕਿ ਵਿਦਿਅਕ ਅਦਾਰਿਆਂ ਵਿਚ ਐਨ ਸੀ ਸੀ ਦੀਆਂ ਗਤੀਵਿਧੀਆਂ ਦੀ ਭੂਮਿਕਾ ਅਹਿਮ ਹੁੰਦੀ ਹੈ ਅਤੇ ਕਾਲਜ ਦੀ ਐਨ ਸੀ ਸੀ ਯੂਨਿਟ 8 ਪੰਜਾਬ ਬਟਾਲੀਅਨ ਫਗਵਾੜਾ ਨਾਲ ਜੁੜ ਕੇ ਸ਼ਾਨਦਾਰ ਕਾਰਜ ਕਰ ਰਹੀ ਹੈ। ਇਸ ਮੌਕੇ ਪ੍ਰੋ. ਦੀਪਕ ਨੇ ਦੱਸਿਆ ਕਿ ਲਗਭਗ 3 ਮਹੀਨੇ ਤੱਕ ਆਫਿਸਰਜ਼ ਟਰੇਨਿੰਗ ਅਕੈਡਮੀ, ਕਾਂਪਟੀ (ਮਹਾਰਾਸ਼ਟਰ) ਵਿਖੇ ਚੱਲ ਰਹੇ ਇਸ ਕੋਰਸ 'ਚ ਦੇਸ਼ ਭਰ ਦੇ ਵੱਖ-ਵੱਖ ਰਾਜਾਂ ਤੋਂ ਚੁਣੇ ਗਏ 500 ਦੇ ਕਰੀਬ ਅਧਿਆਪਕ ਵੀ ਉਨ੍ਹਾਂ ਦੇ ਨਾਲ ਸ਼ਾਮਲ ਸਨ ਅਤੇ ਇੱਥੇ ਸਿਖਲਾਈ ਦੌਰਾਨ ਪਾਸਿੰਗ ਆਊਟ ਪਰੇਡ ਤੋਂ ਬਾਅਦ ਪਿਪਿੰਗ ਸਮਾਰੋਹ ਦੌਰਾਨ ਲੈਫਟੀਨੈਂਟ ਦਾ ਰੈਂਕ ਪ੍ਰਾਪਤ ਹੋਇਆ ਹੈ। ਡਾ. ਦੀਪਕ ਨੇ ਇਸ ਪ੍ਰਾਪਤੀ ਦਾ ਮਾਣ ਆਪਣੇ ਅਧਿਆਪਕਾਂ ਪ੍ਰੋਫੈਸਰ ਹਰ ਮੋਹਨ ਲਾਲ ਸੂਦ ਅਤੇ ਪ੍ਰੋਫੈਸਰ ਸੁਧਾ ਜਤਿੰਦਰ ਨੂੰ ਦਿੱਤਾ। ਇਸ ਮੌਕੇ ਹਾਜ਼ਰ ਸਟਾਫ ਵਿੱਚ ਡਾ ਬਿਮਲਾ ਜਸਵਾਲ, ਡਾ. ਰਾਕੇਸ਼ ਕੁਮਾਰ, ਪ੍ਰੋਫੈਸਰ ਗੁਰਪ੍ਰੀਤ ਕੌਰ, ਡਾ. ਕੋਮਲ ਬੱਧਨ ਆਦਿ ਹਾਜ਼ਰ ਸਨ।

### Change of Name

I, Rajita W/o Surinder Masih R/o Vill. Chhena, PO. Naushera Majja Singh, Tehsil & Distt. Gurdaspur, Punjab have changed my name from Rajita to Rajita Sabharwal.

I, Praveen Johri S/O Virender Kumar Johri,R/o H No- 116, Gali No-7B, Near Sector-5 Huda Ground, Sheetla Enclave, Gurgaon, Haryana- 122001, I have changed the name of my minor daughter Lavniya Johri aged about 16 Years and She shall hereafter be known as Navika Johri.

I, Rajan Sharma S/O Narendra Sharma, R/o Juniper 202, Ansal Woodbury Apartment, Highland Road, Nabha Road, Zirakpur, SAS Nagar (Mohali), Punjab- 140603. Declare that Name of My Father has been wrongly written as Narendra Tyagi in my 10th Class Certificate and 12th Class Certificate. The actual name of My Father is Narendra Sharma, which may be amended accordingly.

I, Gurjeet Singh S/o Amrik Singh R/o Village & PO. Muradpur Naryal, Tehsil Tanda, Distt. Hoshiarpur, Punjab have changed my name from Gurjeet Singh to Singh Gurjeet. Concerned Note.

I, Jeevan Kumar Malhotra S/O Sardari Lal Malhotra R/O 46, Modern Colony Jalandhar 144001 Have Changed My Name From Jiwan Kumar To Jeevan Kumar Malhotra.

I,Anil Kumar S/O Ram Lubhaya R/O 51,Gali Patwarian Wali,Gopal Nagar,Majitha Road, Amritsar, Punjab have changed my name from Anil Kumar to Anil Kaushal.Concerned note.

I,Nidhi W/O Rohit Kumar R/O H.No.E-4/1996,Gali No.5,Purani Mandi,Jawahar Nagar, Chheharta, Amritsar, Punjab have changed my name from Nidhi to Nidhi Trehan.Concerned note.

I, Sahilpreet Singh S/o Jaswinder Singh R/o Shahzada, Amritsar, Punjab-143504 have changed my name from Sahilpreet Singh to Singh is my surname and Sahilpreet is my given name.

I Naresh Kumar S/o Balbir Chand R/o House No. 341 Red Rose Colony, Khurla, Jalandhar-144003, have changed my name from Naresh Kumar to Kumar Naresh in which given name Naresh and surname as Kumar.

I, Ajay Kumar S/o Gurpal Singh R/o Mount Avenue, Blook-B, Street No. 2, Hoshiarpur Punjab have changed my minor daughter name Jessica to Jessica Badhan. Concerned note.

I, Inderjit Kaur W/o Shivnandan Singh R/o Village Ball, PO Balpurian, Tehsil Batala, Distt. Gurdaspur, Punjab-143505 have changed my name from Inderjit Kaur to Inderjeet Kaur.

I Divya W/o Sunil Kumar R/o VPO Samrai Teh Phillaur Distt. Jalandhar declare that I have changed my name from Divya to Divya Kailey

I, Mohinder Singh S/o Amrik Singh R/o V.P.O. Talwandi Daddian, Tehsil Tanda (Hoshiarpur), Punjab, have changed my name to Mahinder Singh. All concerned please note.

I, Hargun Singh S/o Vikramjit Singh R/o H.No. 34/10, Master Colony, Bathwala Road, Gurdaspur, Tehsil/Distt. Gurdaspur, Punjab, have changed my name from Hargun Singh to Hargun Given name Singh as Surname.

I, Surishta Kumari W/O Kamlesh Chand R/O Hno.896 Baba Ishar Singh Nagar, Vill.dhina, Po.jalandhar Cantt, P.s Sadar Jalandhar Have Changed My Name From Surishta Kumari To Surishta Sharma. All Note.

## ਕਿੰਡਰਗਾਰਟਨ ਦੇ ਵਿਦਿਆਰਥੀਆਂ ਨੇ ਮਨਾਇਆ 'ਰੈੱਡ ਬਲੌਸਮ ਡੇ'



ਲੋਹੀਆਂ ਖਾਸ (ਯੋਗੇਸ਼ਵਰ) : ਜਲੰਧਰ ਪਬਲਿਕ ਸਕੂਲ, ਲੋਹੀਆਂ ਖ਼ਾਸ ਦੇ ਨੰਨ੍ਹੇ-ਮੁੰਨੇ ਵਿਦਿਆਰਥੀਆਂ ਦੁਆਰਾ 'ਰੈੱਡ ਬਲੌਸਮ ਡੇ' ਮਨਾਇਆ ਗਿਆ। ਪ੍ਰਿੰਸੀਪਲ ਤਿਲਕ ਰਾਜ ਅਰੋੜਾ ਅਤੇ ਪ੍ਰਿੰਸੀਪਲ ਸਰਬਜੀਤ ਕੌਰ ਦੀ ਅਗਵਾਈ ਹੇਠ ਮਨਾਏ ਗਏ ਇਸ ਦਿਨ ਦਾ ਬੱਚਿਆਂ ਦੁਆਰਾ ਖ਼ੂਬ ਅਨੰਦ ਮਾਣਿਆ ਗਿਆ।ਬੱਚਿਆਂ ਦੁਆਰਾ ਪਹਿਨੀਆਂ ਲਾਲ ਰੰਗ ਦੀਆਂ ਵਸਤੂਆਂ ਨਾਲ ਬਣੀਆਂ ਰੰਗ-ਬਿਰੰਗੀਆਂ ਪੁਸ਼ਾਕਾ ਆਕਰਸ਼ਣ ਦਾ ਕੇਂਦਰ ਸਨ।ਬੱਚਿਆਂ ਨੂੰ ਟਰੈਫਿਕ ਲਾਈਟਾਂ 'ਚ ਲਾਲ ਰੰਗ ਦੀ ਬੱਤੀ ਦਾ ਮਹੱਤਵ, ਲਾਲ ਰੰਗ ਦੇ ਫਲਾਂ ਅਤੇ ਸ਼ਬਜ਼ੀਆਂ ਦਾ ਮਹੱਤਵ, ਸਤਰੰਗੀ ਪੀਂਘ ਵਿੱਚ ਲਾਲ ਰੰਗ ਦੀ ਭੂਮਿਕਾ ਬਾਰੇ ਦੱਸਿਆ ਗਿਆ। ਇਸ ਦੌਰਾਨ ਨੰਨੇ-ਮੁੰਨੇ ਬੱਚਿਆਂ ਦੁਆਰਾ ਆਪਣੇ ਅਧਿਆਪਕਾਂ ਨਾਲ ਭਰਪੂਰ ਗੀਤ-ਸੰਗੀਤ ਅਤੇ ਡਾਂਸ ਆਦਿ ਕੀਤਾ ਗਿਆ।ਇਸ ਮੌਕੇ ਮੈਡਮ ਗੁਰਮੀਤ ਕੌਰ ਵਿਰਕ, ਸੋਨਿਕਾ, ਰੀਟਾ ਭਾਰਦਵਾਜ, ਜਸਵਿੰਦਰ ਕੌਰ, ਰਮਨਦੀਪ ਕੌਰ, ਪ੍ਰੀਤੀ, ਅਮਨਦੀਪ ਕੌਰ, ਅਰਚਨਾ ਸ਼ਰਮਾ ਆਦਿ ਮੌਜੂਦ ਸਨ।

## ਜ਼ਿਲ੍ਹੇ ਅੰਦਰ ਪਟਾਕਿਆਂ ਦੀ ਵੇਚ-ਖਰੀਦ ਲਈ ਥਾਵਾਂ ਨਿਰਧਾਰਤ

ਗੁਰਦਾਸਪੁਰ (ਜਨਕ ਮਹਾਜਨ)- ਸੁਰਿੰਦਰ ਸਿੰਘ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਗੁਰਦਾਸਪੁਰ ਵਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਅੰਦਰ 31 ਅਕਤੂਬਰ ਤੱਕ, (ਗੁਰਪੁਰਬ ਦੇ ਦਿਨ) ਸਵੇਰੇ 4 ਵਜੇ ਤੋਂ ਸਵੇਰੇ 5 ਵਜੇ ਤੱਕ ਅਤੇ ਰਾਤ 9 ਵਜੇ ਤੋਂ ਰਾਤ 10 ਵਜੇ ਤੱਕ, ਕ੍ਰਿਸਮਿਸ ਅਤੇ ਨਵੇਂ ਸਾਲ ਵਾਲੇ ਦਿਨ, ਰਾਤ ਨੂੰ 11-55 ਵਜੇ ਤੋਂ ਸਵੇਰੇ 12-30 ਤੱਕ ਦੇ ਸਮੇਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਆਤਿਸ਼ਬਾਜੀ ਚਲਾਉਣ/ ਵਰਤੋਂ ਕਰਨ 'ਤੇ ਮੁਕੰਮਲ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਹੁਕਮਾਂ ਵਿੱਚ ਸਾਈਲੈਂਸ ਜ਼ੋਨ, ਜਿਵੇਂ ਕਿ ਸਰਕਾਰੀ ਦਫ਼ਤਰਾਂ, ਜੰਗਲਾਤ, ਹਸਪਤਾਲਾਂ, ਵਿਦਿਅਕ ਸੰਸਥਾਵਾਂ, ਅਦਾਲਤਾਂ, ਧਾਰਮਿਕ ਸੰਸਥਾਵਾਂ ਜਾਂ ਕੋਈ ਏਰੀਆ ਜਿਹੜਾ ਕਿ ਸਮਰੱਥ ਅਧਿਕਾਰੀ ਵੱਲੋਂ ਸਾਈਲੈਂਸ ਜ਼ੋਨ ਐਲਾਨਿਆ ਗਿਆ ਹੋਵੇ, ਦੇ 100 ਮੀਟਰ ਦੇ ਘੇਰੇ ਵਿੱਚ ਆਤਿਸ਼ਬਾਜ਼ੀ/ਪਟਾਕਿਆਂ ਨੂੰ ਚਲਾਉਣ 'ਤੇ ਵੀ ਮੁਕੰਮਲ ਪਾਬੰਦੀ ਲਗਾਈ ਗਈ ਹੈ। ਜਾਰੀ ਕੀਤੇ ਹੁਕਮਾਂ ਵਿੱਚ ਜ਼ਿਲ੍ਹਾ ਗੁਰਦਾਸਪੁਰ ਅੰਦਰ ਪਟਾਖਿਆਂ ਦੀ ਵੇਚ/ਖਰੀਦ ਲਈ ਥਾਵਾਂ ਨਿਰਧਾਰਤ ਕੀਤੀਆਂ ਗਈਆਂ ਹਨ। ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਪਟਾਕੇ ਵੇਚਣ ਦਾ ਸਮਾਂ ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ ਨਿਰਧਾਰਤ ਕੀਤਾ ਗਿਆ ਹੈ। ਦੀਵਾਲੀ 'ਤੇ ਪਟਾਕੇ ਰਾਤ 8 ਵਜੇ ਤੋਂ ਲੈ ਕੇ ਰਾਤ 10 ਵਜੇ ਤੱਕ, ਕ੍ਰਿਸਮਿਸ ਤੇ ਨਵੇ ਸਾਲ ਵਾਲੇ ਦਿਨ ਰਾਤ 11.55 ਤੋਂ ਸਵੇਰੇ 12.30 ਵਜੇ ਤੱਕ, ਗੁਰਪੁਰਬ 'ਤੇ ਸਵੇਰੇ 4 ਵਜੇ ਤੋਂ ਸਵੇਰੇ 5 ਵਜੇ ਤੱਕ ਰਾਤ ਨੂੰ 9 ਵਜੇ ਤੋਂ ਰਾਤ 10 ਵਜੇ ਤੱਕ ਹੀ ਆਤਿਸ਼ਬਾਜੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਨਾਂ ਹੁਕਮਾਂ ਅਨੁਸਾਰ ਉਕਤ ਸਮੇਂ ਤੋਂ ਪਹਿਲਾਂ ਅਤੇ ਬਾਅਦ ਵਿਚ ਆਤਿਸ਼ਬਾਜ਼ੀ ਚਲਾਉਣ ਵਰਤੋਂ ਕਰਨ 'ਤੇ ਮੁਕੰਮਲ ਪਾਬੰਦੀ ਹੋਵੇਗੀ। ਇਹ ਪਾਬੰਦੀ ਦੇ ਹੁਕਮ 22 ਅਕਤੂਬਰ ਤੋਂ ਮਿਤੀ 20 ਦਸੰਬਰ 2024 ਤੱਕ ਲਾਗੂ ਹੋਵੇਗਾ।

25-OCT-PAGE-7.qxd 10/24/2024 10:32 PM Page 1



## ਪਾਰਟੀ 'ਚ ਆਉਣ ਵਾਲੇ ਹਰ ਇੱਕ ਇਨਸਾਨ ਦਾ ਸਨਮਾਨ ਕੀਤਾ ਜਾਵੇਗਾ : ਕਾਂਗੜ

### *ਲੱਖੀ ਜਵੰਦਾ ਅਫਵਾਹਾਂ ਤੋਂ ਬਾਅਦ ਕਾਂਗੜ ਨੂੰ ਮਿਲੇ*



**ਬਠਿੰਡਾ (ਰਾਜੀਵ ਗੋਇਲ) :** ਜ਼ਿਲ੍ਹੇ ਦੇ ਪਿੰਡ ਭਾਈਰੂਪਾ ਦੇ ਕਹਿੰਦੇ ਕਹਾਉਂਦੇ ਆਗੂ ਲੱਖੀ ਜਵੰਦਾ ਵੱਲੋਂ ਬੀਤੇ ਦਿਨ ਅਕਾਲੀ ਦਲ ਦਾ ਪੱਲਾ ਛੱਡ ਕਾਂਗਰਸ ਜੁਆਇਨ ਕਰ ਲਈ ਗਈ ਸੀ ਅਤੇ ਸਾਬਕਾ ਵਜ਼ੀਰ ਨੂੰ ਆਪਣੇ ਪਿੰਡ ਸੱਦ ਕੇ ਮਾਨ ਸਨਮਾਨ ਕਰਦੇ ਹੋਏ ਕਾਂਗਰਸ ਦਾ ਸਾਥ ਦੇਣ ਦੀ ਗੱਲ ਆਖੀ ਗਈ ਸੀ, ਪਰ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਿਆ ਕਿ ਅਕਾਲੀ ਦਲ (ਬ) ਦੇ ਦੋ ਵੱਡੇ ਆਗੂਆਂ ਦੇ ਜਦੋਂ ਇਹ ਗੱਲ ਕੰਨੀਂ ਪਹੁੰਚੀ ਤਾਂ ਉਨ੍ਹਾਂ ਨੇ ਲੱਖੀ ਦਾ ਬੂਹਾ ਮੱਲ ਲਿਆ ਤੇ ਸ਼ਰਾਰਤੀ ਅਨਸਰਾਂ ਵੱਲੋਂ ਇਹ ਅਫਵਾਹ ਫੈਲਾਅ ਦਿੱਤੀ ਗਈ ਕਿ ਲੱਖੀ ਜਵੰਦਾ ਵੱਲੋਂ ਮੁੜ ਅਕਾਲੀ ਦਲ 'ਚ ਘਰ ਵਾਪਸੀ ਕਰ ਲਈ ਗਈ ਹੈ। ਇਸ ਅਫਵਾਹ ਤੋਂ ਬਾਅਦ ਅੱਜ ਮੁੜ ਜਵੰਦਾ ਵੱਲੋਂ ਕਾਂਗਰਸੀ ਲੀਡਰ ਤੇ ਸਾਬਕਾ ਵਜ਼ੀਰ ਗੁਰਪ੍ਰੀਤ ਸਿੰਘ ਕਾਂਗੜ ਦੇ ਗ੍ਰਹਿ ਵਿਖੇ ਪਹੁੰਚ ਕੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਗਈ ਅਤੇ ਸੋਸ਼ਲ ਮੀਡੀਆ ਰਾਹੀਂ ਵਿਰੋਧੀਆਂ ਵੱਲੋਂ ਮੁੜ ਅਕਾਲੀ ਦਲ 'ਚ ਜਾਣ ਵਾਲੀਆਂ ਅਫਵਾਹਾਂ ਦਾ ਖੰਡਨ ਕਰ ਦਿੱਤਾ ਗਿਆ। ਉਧਰ ਦੂਜੇ ਪਾਸੇ ਕਾਂਗੜ ਦਾ ਕਹਿਣਾ ਸੀ ਕਿ ਪਾਰਟੀ ਵਿੱਚ ਆਉਣ ਵਾਲੇ ਹਰ ਇੱਕ ਇਨਸਾਨ ਦਾ ਪੂਰਾ ਮਾਨ ਸਨਮਾਨ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾ ਨਾਲ ਨਗਰ ਦੇ ਮੋਹਤਵਰ ਧਰਮ ਸਿੰਘ ਖਾਲਸਾ ਸਮੇਤ ਹੋਰ ਵੀ ਆਗੂ ਮੌਜੂਦ ਸਨ।

## ਲਾਲੇਆਣਾ ਦੀ ਪੰਚਾਇਤ ਨੇ ਅਖੰਡ ਪਾਠ ਕਰਵਾਇਆ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਨੇੜਲੇ ਪਿੰਡ ਲਾਲੇਆਣਾ ਵਿਖੇ ਨਵੀਂ ਪੰਚਾਇਤ ਬਣਨ ਦੀ ਖੁਸ਼ੀ ਵਿੱਚ ਤੇ ਸਮੂਹ ਪਿੰਡ ਦੀ ਸੁੱਖ ਸ਼ਾਂਤੀ ਲਈ ਸਤਿਗੁਰੂ ਜੀ ਦੇ ਸ਼ੁਕਰਾਨੇ ਵਜੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਇਹ ਅਖੰਡ ਪਾਠ ਸਾਹਿਬ ਪਿੰਡ ਦੇ ਨਵੇਂ ਬਣੇ ਸਰਪੰਚ ਬੂਟਾ ਸਿੰਘ ਤੇ ਨਵੀਂ ਬਣੀ ਪੰਚਾਇਤ ਦੀ ਜਿੱਤ ਦੀ ਖੁਸ਼ੀ ਵਿੱਚ ਕਰਵਾਏ ਗਏ ਅਤੇ ਪਿੰਡ ਦੇ ਸਹਿਯੋਗ ਨਾਲ ਅੱਜ ਉਨ੍ਹਾਂ ਦੇ ਭੋਗ ਪਾਏ ਗਏ ਅਤੇ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ । ਇਸ ਮੌਕੇ ਉਦੇਵੀਰ ਸਿੰਘ ਜਗਾ ਆਪ ਆਗੂ, ਹਰਤੱਬਲ ਸਿੰਘ ਸੁਖੀ ਪੀ ਏ ਸ੍ਰ. ਰਵਿਪ੍ਰੀਤ ਸਿੰਘ ਸਿੱਧੂ, ਬਲਵੀਰ ਸਿੰਘ, ਨੀਟਾ ਸਿੱਧੂ, ਜਸਵੀਰ ਸਿੰਘ ਪੰਚ, ਜਗਸੀਰ ਸਿੰਘ ਪੰਚ, ਗੁਰਚਰਨ ਸਿੰਘ ਪੰਚ, ਬੱਗਾ ਸਿੰਘ ਪੰਚ, ਬੂਟਾ ਸਿੰਘ ਪੰਚ, ਗੁਰਤੇਜ ਸਿੰਘ ਪੰਚ, ਲੱਖਾਂ ਸਿੰਘ ਪੰਚ ਆਦਿ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਤੱਖਰਾਂ ਦੀ ਨਵੀਂ ਚੁਣੀ ਪੰਚਾਇਤ ਗੁਰੂ ਘਰ ਹੋਈ ਨਤਮਸਤਕ

### *ਸਾਬਕਾ ਮੰਤਰੀ ਕੋਟਲੀ ਤੇ ਰਾਜਾ ਗਿੱਲ ਨੇ ਕੀਤਾ ਸਨਮਾਨਿਤ*



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਬਲਾਕ ਅਧੀਨ ਪੈਂਦੇ ਪਿੰਡ ਤੱਖਰਾਂ ਵਿਖੇ ਨਵੀਂ ਚੁਣੀ ਪੰਚਾਇਤ ਨੇ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਸਮਾਗਮ ਕਰਵਾਇਆ ਤੇ ਜਿੱਤ ਮਿਲਣ 'ਤੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ। ਇਸ ਮੌਕੇ ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ, ਹਲਕਾ ਇੰਚਾਰਜ ਸਮਰਾਲਾ ਰੁਪਿੰਦਰ ਸਿੰਘ ਰਾਜਾ ਗਿੱਲ, ਜ਼ਿਲ੍ਹ ਕਾਂਗਰਸ ਪ੍ਰਧਾਨ ਲਖਵੀਰ ਸਿੰਘ ਲੱਖਾ ਪਾਇਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਕਤ ਆਗੂਆਂ ਨੇ ਨਵੀਂ ਚੁਣੀ ਪੰਚਾਇਤ ਸਰਪੰਚ ਜਸਵੀਰ ਕੌਰ, ਕਿਰਨਦੀਪ ਕੌਰ, ਬਲਜੀਤ ਕੌਰ, ਸੁਖਦੀਪ ਕੌਰ, ਬਲਕਾਰ ਸਿੰਘ, ਮਨਪ੍ਰੀਤ ਸਿੰਘ, ਦਿਲਪ੍ਰੀਤ ਸਿੰਘ, ਹਰਮੋਹਣ ਸਿੰਘ (ਸਾਰੇ ਪੰਚਾਇਤ ਮੈਂਬਰ) ਨੂੰ ਵਧਾਈ ਦਿੱਤੀ ਤੇ ਸਿਰੋਪਾਓ ਪਾ ਕੇ ਸਨਮਾਨਤ ਕੀਤਾ। ਇਸ ਮੌਕੇ ਐਡਵੋਕੇਟ ਜਸਪ੍ਰੀਤ ਸਿੰਘ ਕਲਾਲ ਮਾਜਰਾ, ਮੀਤ ਪ੍ਰਧਾਨ ਅੰਮ੍ਰਿਤਪਾਲ ਸਿੰਘ ਚੀਮਾ, ਯੂਥ ਦਿਹਾਤੀ ਪ੍ਰਧਾਨ ਜਸਪ੍ਰੀਤ ਸਿੰਘ ਸਹਿਜੋ ਮਾਜਰਾ, ਸਰਪੰਚ ਮਾਸਟਰ ਪ੍ਰਕਾਸ਼ ਸਿੰਘ ਬੈਰਸਾਲਾਂ, ਨੰਦ ਕਿਸ਼ੋਰ, ਸੁਭਾਸ਼ ਬੀਟਨ, ਡਾ. ਮਨਜੀਤ ਸਿੰਘ ਪੂੰਨੀਆਂ, ਸ਼ੇਰ ਸਿੰਘ ਬੋਹਾਪੁਰ, ਤਰਸੇਮ ਸਿੰਘ ਕਾਕਾ ਸਰਪੰਚ ਬੋਹਾਪੁਰ, ਰਵਿੰਦਰ ਸਿੰਘ ਨਾਗਰਾ, ਰਣਜੀਤ ਸਿੰਘ ਮੌਜੂਦ ਸਨ।

## ਵਿਧਾਇਕ ਬੁੱਧ ਰਾਮ ਦੀ ਰਿਹਾਇਸ਼ ਅੱਗੇ ਧਰਨਾ ਜਾਰੀ



**ਬੁਢਲਾਡਾ (ਅਸ਼ੋਕ ਲਾਕੜਾ)**-ਝੋਨੇ ਦੇ ਨਾਕਸ ਖਰੀਦ ਪ੍ਰਬੰਧਾਂ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਵੱਲੋਂ ਵਿਧਾਇਕ ਬੁੱਧ ਰਾਮ ਦੀ ਰਿਹਾਇਸ਼ ਅੱਗੇ ਲੱਗਿਆ ਪੱਕਾ ਮੋਰਚਾ ਛੇਵੇਂ ਦਿਨ ਵਿੱਚ ਦਾਖਲ ਹੋ ਗਿਆ ਹੈ।ਅੱਜ ਦੇ ਭਰਵੇਂ ਇਕੱਠ ਨੂੰ ਜਿਸ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਸ਼ਾਮਲ ਸਨ, ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕੇਂਦਰ ਤੇ ਪੰਜਾਬ ਸਰਕਾਰਾਂ ਤੇ ਦੋਸ਼ ਲਾਇਆ ਕਿ ਇਹ ਖਰੀਦ ਨਾਲ ਸੰਬੰਧਤ ਮਸਲੇ ਹੱਲ ਨਾ ਕਰਕੇ ਕਿਸਾਨ, ਜੋ ਕਿ ਮੰਡੀਆਂ ਵਿੱਚ ਪੰਦਰਾਂ-ਪੰਦਰਾਂ ਦਿਨਾਂ ਤੋਂ ਰੁਲ ਰਿਹਾ ਹੈ। ਉਨ੍ਹਾਂ ਚਿਤਾਵਨੀ ਦਿੰਦਿਆ ਕਿਹਾ ਕਿ ਜਦੋਂ ਤੱਕ ਦਾਣਾ ਦਾਣਾ ਮੰਡੀਆਂ 'ਚ ਚੁੱਕਿਆ ਨਹੀਂ ਜਾਂਦਾ, ਉਦੋਂ ਤੱਕ ਲੱਗੇ ਮੋਰਚੇ ਜਾਰੀ ਰਹਿਣਗੇ।ਅੱਜ ਦੇ ਮੋਰਚੇ ਵਿੱਚ ਹੋਰਨਾਂ ਤੋਂ ਇਲਾਵਾ ਸੁਖਪਾਲ ਸਿੰਘ ਗੋਰਖਨਾਥ, ਜਗਸੀਰ ਸਿੰਘ ਦੋਦੜਾ, ਜੁਗਰਾਜ ਸਿੰਘ ਕੁਲਾਣਾ, ਚਰਨਜੀਤ ਸਿੰਘ ਬਹਾਦਰਪੁਰ, ਰਮੇਸ਼ ਸਿੰਘ ਮੰਡੇਰ, ਗੁਰਵਿੰਦਰ ਸਿੰਘ ਚੱਕ ਭਾਈਕੇ, ਸਰੋਜ ਦਿਆਲਪੁਰਾ, ਜਸਵਿੰਦਰ ਕੌਰ ਬਹਾਦੁਰ ਪੁਰ, ਅਮਰਜੀਤ ਕੌਰ ਕਿਸ਼ਨਗੜ੍ਹ ਤੇ ਭੋਲਾ ਸਿੰਘ ਕਾਹਨਗੜ੍ਹ ਨੇ ਵੀ ਸੰਬੋਧਨ ਕੀਤਾ।

## 54 ਲੋੜਵੰਦਾਂ ਦੇ ਲਗਾਏ ਆਧੁਨਿਕ ਬਣਾਉਟੀ ਹੱਥ



**ਬਰੇਟਾ (ਰੀਤਵਾਲ)**-ਬਿੱਗ ਹੋਪ ਫਾਉਂਡੇਸ਼ਨ ਬਰੇਟਾ ਵੱਲੋਂ ਇਨਾਲੀ ਫਾਉਂਡੇਸ਼ਨ ਪੂਨੇ ਦੇ ਸਹਿਯੋਗ ਨਾਲ 54 ਲੋੜਵੰਦ ਅੰਗਹੀਣਾਂ ਦੇ ਆਧੁਨਿਕ ਬਨਾਉਟੀ ਹੱਥ ਸਥਾਨਕ ਅੱਗਰਵਾਲ ਧਰਮਸ਼ਾਲਾ ਵਿਖੇ ਲਗਾਏ ਗਏ। ਇਹ ਜਾਣਕਾਰੀ ਦਿੰਦੇ ਹੋਏ ਫਾਉਂਡੇਸ਼ਨ ਸੰਚਾਲਕ ਮਨਿੰਦਰ ਕੁਮਾਰ ਨੇ ਦੱਸਿਆ ਕਿ ਬੈਟਰੀ ਨਾਲ ਚੱਲਣ ਵਾਲੇ ਇਹ ਹੱਥ ਬਹੁਤ ਹੀ ਆਧੁਨਿਕ ਤਰੀਕੇ ਨਾਲ ਤਿਆਰ ਕੀਤੇ ਗਏ, ਜਿਸ ਨਾਲ ਅੰਗਹੀਣ ਵਿਅਕਤੀ ਆਪਣੀ ਰੋਜ਼ਾਨਾ ਦੀਆਂ ਲੋੜਾਂ ਨੂੰ ਅਸਾਨੀ ਨਾਲ ਪੂਰਾ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਫਾਉਂਡੇਸ਼ਨ ਵੱਲੋਂ 80 ਫੀਸਦੀ ਤੋਂ ਵੱਧ ਵਾਲੇ ਅੰਗਹੀਣਾਂ ਨੂੰ ਬੈਟਰੀ ਵਾਲੀ ਵ੍ਹੀਲਚੇਅਰ, ਟ੍ਰਾਈਸਾਈਕਲ, ਕੰਨਾਂ ਵਾਲੀਆਂ ਮਸ਼ੀਨਾਂ ਤੇ ਹੋਰ ਵੀ ਕਈ ਤਰ੍ਹਾਂ ਦੇ ਉਪਕਰਨ ਹਰ ਸਮੇਂ ਦਿਵਾਏ ਜਾਂਦੇ ਹਨ। ਇਸ ਮੌਕੇ ਮੁੱਖ ਮਹਿਮਾਨ ਦੇ ਤੌਰ 'ਤੇ ਜਸਕੀਰਤ ਆਹਿਰ ਐੱਸ ਪੀ ਪੰਜਾਬ ਪੁਲਸ, ਗਮਦੂਰ ਸਿੰਘ ਚਹਿਲ ਡੀ ਐੱਸ ਪੀ ਸ਼ਾਮਲ ਹੋਏ ਅਤੇ ਸਹਿਯੋਗੀ ਸੱਜਣਾਂ ਵਿੱਚ ਗੁਰਜੀਤ ਸਿੰਘ ਲਾਲੂ ਬਹਾਦਰਪੁਰ, ਕੁਲਵੀਰ ਸਿੰਘ ਜੁਗਲਾਣ, ਹਰਦੀਪ ਸਿੰਘ ਹੈਪੀ ਜੁਗਲਾਣ, ਜਗਸੀਰ ਕੁਮਾਰ ਬਾਂਸਲ, ਕੇਵਲ ਸਿੰਘ ਐੱਸ ਡੀ ਓ ਬਿਜਲੀ ਬੋਰਡ ਸ਼ਾਮਲ ਹੋਏ। ਇਸ ਮੌਕੇ ਫਾਉਂਡੇਸ਼ਨ ਦੇ ਮੈਂਬਰ ਰਣਜੀਤ ਸਿੰਘ, ਕੁਲਵਿੰਦਰ ਸਿੰਘ, ਬਖਸ਼ਿੰਦਰ ਸਿੰਘ, ਸੰਕਰ ਕੁਮਾਰ, ਰਾਜਵਿੰਦਰ ਸਿੰਘ, ਸੰਦੀਪ ਸਿੰਘ ਤੇ ਕੇਸ਼ਵ ਕੁਮਾਰ ਹਾਜ਼ਰ ਸਨ।

## ਵਿਦਿਆਰਥੀ ਬਿਰਧ ਆਸ਼ਰਮ ਦੇ ਬਜ਼ੁਰਗਾਂ ਨੂੰ ਮਿਲੇ




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਮਾਛੀਵਾੜਾ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਰੈੱਡ ਕਰਾਸ ਬਿਰਧ ਆਸ਼ਰਮ ਖੰਨਾ ਵਿਖੇ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੂੰ ਉੱਥੇ ਰਹਿਣ ਵਾਲੇ ਬਜ਼ੁਰਗ ਲੋਕਾਂ ਨਾਲ ਮਿਲਾਇਆ ਗਿਆ। ਬਿਰਧ ਆਸ਼ਰਮ ਦੇ ਸਕੱਤਰ ਖੁਸ਼ਪਾਲ ਸਿੰਘ ਤੇ ਉੱਥੇ ਰਹਿਣ ਵਾਲੇ ਹਰਬੰਸ ਸਿੰਘ ਨੇ ਸਾਡੇ ਜੀਵਨ ਵਿੱਚ ਬਜ਼ੁਰਗਾਂ ਦੀ ਮਹੱਤਤਾ 'ਤੇ ਚਾਨਣ ਪਾਉਂਦਿਆਂ ਉਨ੍ਹਾਂ ਦੇ ਘਰ ਵਿੱਚ ਅਹਿਮੀਅਤ ਬਾਰੇ ਸਮਝਾਉਂਦੇ ਹੋਏ ਆਪਣੇ ਵੱਡਿਆਂ ਦਾ ਸਤਿਕਾਰ ਕਰਨ, ਉਨ੍ਹਾਂ ਦੀ ਸੇਵਾ ਕਰਨ ਤੇ ਉਨ੍ਹਾਂ ਨੂੰ ਬਿਰਧ ਆਸ਼ਰਮ ਨਾ ਭੇਜਣ ਆਦਿ 'ਤੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਵਿਦਿਆਰਥੀਆਂ ਵੱਲੋਂ ਵੀ ਬਜ਼ੁਰਗਾਂ ਦੀ ਸੇਵਾ ਤੇ ਸਤਿਕਾਰ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਸਕੂਲ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਤਨੇਜਾ ਤੇ ਅਧਿਆਪਕ ਹਰਮੇਸ਼ ਸਿੰਘ, ਰਾਜਵੀਰ ਕੌਰ ਵੱਲੋਂ ਉਨ੍ਹਾਂ ਬਜ਼ੁਰਗਾਂ ਦੇ ਸਤਿਕਾਰ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਉਨ੍ਹਾਂ ਲਈ ਕੁਝ ਤੋਹਫ਼ੇ ਤੇ ਦੀਵਾਲੀ ਦੇ ਮੌਕੇ ਕਾਰਨ ਉਨ੍ਹਾਂ ਨੂੰ ਦੀਵੇ ਤੇ ਮੋਮਬੱਤੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਹਰਬੰਸ ਸਿੰਘ ਵੱਲੋਂ ਅਧਿਆਪਕਾਂ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਸਨਮਾਨਤ ਕੀਤਾ ਤੇ ਸਕੂਲ ਸਟਾਫ਼ ਵੱਲੋਂ ਵੀ ਸਾਰੇ ਬਜ਼ੁਰਗਾਂ ਦਾ ਧੰਨਵਾਦ ਕੀਤਾ ਗਿਆ।

## ਡੀ ਏ ਵੀ ਸਕੂਲ ਦੀ ਵਿਦਿਆਰਥਣ ਕ੍ਰਿਤਿਕਾ ਨਾਗਪਾਲ ਬਣੀ ਸਿਵਲ ਜੱਜ



**ਮਲੋਟ, (ਗੁਰਮੀਤ ਸਿੰਘ ਮੱਕੜ)** ਡੀ.ਏ.ਵੀ ਐਡਵਰਡਗੰਜ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦੀ ਵਿਦਿਆਰਥਣ ਸ਼੍ਰੀ ਲਵਨੀਸ਼ ਨਾਗਪਾਲ ਤੇ ਸ਼੍ਰੀਮਤੀ ਰਜਨੀ ਨਾਗਪਾਲ ਦੀ ਪੁੱਤਰੀ ਕ੍ਰਿਤਿਕਾ ਨਾਗਪਾਲ ਨੇ ਸਿਵਲ ਜੱਜ ਦੀ ਪ੍ਰੀਖਿਆ ਪਾਸ ਕਰਕੇ ਹਰਿਆਣਾ ਵਿੱਚ ਸਿਵਲ ਜੱਜ ਬਣ ਕੇ ਸਕੂਲ, ਇਲਾਕੇ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ। ਕ੍ਰਿਤਿਕਾ ਨਾਗਪਾਲ ਦੀ ਇਸ ਪ੍ਰਾਪਤੀ ਤੋਂ ਬਾਅਦ ਡੀ.ਏ.ਵੀ ਸਕੂਲ ਦੀ ਪ੍ਰਿੰਸੀਪਲ ਸੰਧਿਆ ਬਠਲਾ ਤੇ ਸਕੂਲ ਦੇ ਸਮੂਹ ਸਟਾਫ਼ ਵੱਲੋਂ ਕ੍ਰਿਤਿਕਾ ਨਾਗਪਾਲ ਅਤੇ ਉਸਦੇ ਮਾਪਿਆਂ ਨੂੰ ਸਨਮਾਨਤ ਕੀਤਾ ਗਿਆ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਠਲਾ ਨੇ ਕਿਹਾ ਕਿ ਕ੍ਰਿਤਿਕਾ ਨਾਗਪਾਲ ਦੀ ਇਸ ਪ੍ਰਾਪਤੀ 'ਤੇ ਉਨ੍ਹਾਂ ਨੂੰ ਮਾਣ ਮਹਿਸੂਸ ਹੋ ਰਿਹਾ ਹੈ। ਉਨ੍ਹਾਂ ਕਾਮਨਾ ਕੀਤੀ ਕਿ ਕ੍ਰਿਤਿਕਾ ਨਾਗਪਾਲ ਦਿਨ-ਰਾਤ ਦੁੱਗਣੀ ਤਰੱਕੀ ਕਰਦੇ ਹੋਏ ਦੇਸ਼ ਅਤੇ ਸਮਾਜ ਦੀ ਸੇਵਾ ਕਰਦੇ ਹੋਏ ਨਵੀਆਂ ਉਚਾਈਆਂ ਹਾਸਲ ਕਰਕੇ ਆਪਣੇ ਖੇਤਰ ਦਾ ਨਾਂਅ ਰੌਸ਼ਨ ਕਰਦੀ ਰਹੇ।

## ਗਠਿਤ ਕਮੇਟੀ ਵੱਲੋਂ ਮੰਗਾਂ ਦਾ ਹੱਲ ਨਾ ਹੋਣ 'ਤੇ ਟਰਾਂਸਪੋਰਟ ਵਰਕਰਾਂ ਵੱਲੋਂ ਰੋਸ ਪ੍ਰਦਰਸ਼ਨ

### 29 ਦੀ ਮੀਟਿੰਗ 'ਚ ਕੋਈ ਹੱਲ ਨਾ ਹੋਇਆ ਤਾਂ 3 ਤੇ 9 ਨਵੰਬਰ ਨੂੰ ਕਰਾਂਗੇ ਝੰਡਾ ਮਾਰਚ : ਆਗੂ



**ਫਿਰੋਜ਼ਪੁਰ (ਅਸ਼ੋਕ ਸ਼ਰਮਾ) :** ਪੰਜਾਬ ਰੋਡਵੇਜ਼/ਪਨਬਸ/ਪੀਆਰਟੀਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ 25/11 ਵੱਲੋਂ ਪੂਰੇ ਪੰਜਾਬ ਦੇ ਬੱਸ ਸਟੈਂਡ ਬੰਦ ਕਰਕੇ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ।ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਨੇ ਕਿਹਾ ਕਿ 1 ਜੁਲਾਈ ਨੂੰ ਜਲੰਧਰ ਵਿਖੇ ਕਬਾਨਾ ਹੋਟਲ ਦੇ ਵਿੱਚ ਮੁੱਖ ਮੰਤਰੀ ਪੰਜਾਬ ਦੇ ਨਾਲ ਜਥੇਬੰਦੀ ਦੀ ਮੀਟਿੰਗ ਹੋਈ ਸੀ, ਜਿਸ ਵਿੱਚ ਪ੍ਰਮੁੱਖ ਸੱਕਤਰ ਪੰਜਾਬ, ਸਟੇਟ ਟ੍ਰਾਂਸਪੋਰਟ ਸੈਕਟਰੀ ਪੰਜਾਬ ਪਨਬਸ ਮੈਨੇਜਿੰਗ ਡਾਇਰੈਕਟਰ ਤੇ ਪੀਆਰਟੀਸੀ ਮੈਨੇਜਿੰਗ ਡਾਇਰੈਕਟਰ ਮੀਟਿੰਗ ਦੇ ਵਿੱਚ ਮੌਜੂਦ ਸੀ, ਸਮੇਤ ਮੈਨੇਜਮੈਂਟ ਜਿਸ ਵਿੱਚ ਮੁੱਖ ਮੰਤਰੀ ਪੰਜਾਬ ਵੱਲੋਂ 1 ਮਹੀਨੇ ਦੇ ਵਿੱਚ ਮੁਲਾਜ਼ਮਾਂ ਦੀਆਂ ਮੰਗਾਂ ਦਾ ਹੱਲ ਕਰਨ ਦੇ ਲਈ ਕਿਹਾ ਗਿਆ ਸੀ, ਪਰ ਅਜੇ ਤੱਕ ਮੰਗਾਂ ਦਾ ਕੋਈ ਹੱਲ ਨਹੀਂ ਕੱਢਿਆ ਗਿਆ, ਉਲਟਾ ਠੇਕੇਦਾਰ ਕਰੋੜਾਂ ਰੁਪਏ ਈਪੀਐੱਫ, ਈਐੱਸਆਈ ਦੇ ਖਾ ਰਿਹਾ ਅਤੇ ਨਜਾਇਜ਼ ਕਟੌਤੀਆ ਰਾਹੀਂ ਮੁਲਾਜ਼ਮਾਂ ਦਾ ਸ਼ੋਸ਼ਣ ਕਰ ਰਿਹਾ। ਹੁਣ ਤੱਕ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ ਤੇ ਗਠਿਤ ਕਮੇਟੀ ਵੱਲੋਂ ਕੱਚੇ ਮੁਲਾਜ਼ਮਾਂ ਦੀਆਂ ਮੰਗਾਂ ਦਾ ਹੁਣ ਤਕ ਕੋਈ ਅਜੰਡਾ ਤਿਆਰ ਨਹੀਂ ਕੀਤਾ ਗਿਆ, ਜਿਸ ਦਾ ਮੁਲਾਜ਼ਮਾਂ ਵਿੱਚ ਭਾਰੀ ਰੋਸ ਹੈ।ਡਿੱਪੂ ਸੈਕਟਰੀ ਸੁੱਖਪਾਲ ਸਿੰਘ, ਕੈਸ਼ੀਅਰ ਜਸਵੀਰ ਸਿੰਘ, ਅਜੈ ਕੁਮਾਰ, ਮੀਤ ਪ੍ਰਧਾਨ ਸੌਰਵ ਮੈਣੀ, ਰਮਨਦੀਪ ਸਿੰਘ, ਗੌਰਵ, ਸਤਨਾਮ ਸਿੰਘ ਨੇ ਕਿਹਾ ਕਿ ਸਰਕਾਰ ਤੇ ਮੈਨੇਜਮੈਂਟ ਵੱਲੋਂ ਵਾਰ-ਵਾਰ ਮੀਟਿੰਗ ਕੀਤੀ ਜਾਂਦੀ ਹੈ, ਕਮੇਟੀਆਂ ਵੀ ਗਠਿਤ ਕੀਤੀਆਂ ਜਾਂਦੀਆਂ ਹਨ, ਪਿਛਲੇ 9 ਫਰਵਰੀ 2024 ਨੂੰ ਟਰਾਂਸਪੋਰਟ ਮੰਤਰੀ ਪੰਜਾਬ ਵੱਲੋਂ ਕਮੇਟੀ ਗਠਿਤ ਕੀਤੀ ਗਈ ਸੀ, ਜਿਸ ਵਿੱਚ 2 ਮਹੀਨੇ ਦੇ ਵਿੱਚ ਮੰਗਾਂ ਦਾ ਹੱਲ ਕਰਨ ਦਾ ਭਰੋਸਾ ਦਿੱਤੀ ਸੀ।ਜਦੋਂ ਕੋਈ ਹੱਲ ਨਾ ਹੋਇਆ ਜਥੇਬੰਦੀ ਨੂੰ ਮਜਬੂਰਨ ਫਿਰ ਸੰਘਰਸ਼ ਦੇ ਰਾਹ ਤੁਰਨਾ ਪਿਆ, ਜਿਸ ਦਾ ਮੁਲਾਜ਼ਮਾਂ ਵਿੱਚ ਭਾਰੀ ਰੋਸ ਹੈ, ਜਿਸ ਦੇ ਰੋਸ ਜ਼ਾਹਰ ਕਰਨ ਦੇ ਲਈ ਅਤੇ 29 ਅਕਤੂਬਰ ਨੂੰ ਦਿੱਤੀ ਮੀਟਿੰਗ ਵਿੱਚ ਕੋਈ ਹੱਲ ਨਹੀਂ ਹੋਇਆ ਤਾਂ ਆਮ ਜਨਤਾ ਦੇ ਵਿੱਚ ਆਪਣਾ ਰੋਸ ਤੇ ਵਰਕਰਾਂ ਦੀ ਮੰਗ ਤੋਂ ਭੱਜਣ ਦੇ ਰੋਸ ਵਜੋਂ ਪਹਿਲਾਂ ਪੜਾਅ 3 ਨਵੰਬਰ ਨੂੰ ਬਰਨਾਲਾ ਤੇ ਚੱਬੇਵਾਲ ਵਿਖੇ ਵੱਡੇ ਕਾਫਲੇ ਦੇ ਰੂਪ ਵਿੱਚ ਝੰਡਾ ਮਾਰਚ ਕਰਦਿਆਂ ਸਰਕਾਰ ਦੀ ਪੋਲ ਖੋਲ੍ਹੀ ਜਾਵੇਗੀ ਅਤੇ 9 ਨਵੰਬਰ ਨੂੰ ਡੇਰਾ ਬਾਬਾ ਨਾਨਕ ਤੇ ਗਿੱਦੜਬਾਹਾ 'ਚ ਸਰਕਾਰ ਖਿਲਾਫ ਝੰਡਾ ਮਾਰਚ ਕੀਤਾ ਜਾਵੇਗਾ, ਜੇਕਰ ਫਿਰ ਵੀ ਮੰਗਾਂ ਦਾ ਹੱਲ ਨਾ ਕੀਤਾ ਤਾਂ ਆਉਣ ਵਾਲੇ ਸਮੇਂ ਵਿੱਚ ਮੁਕੰਮਲ ਤੌਰ 'ਤੇ ਚੱਕਾ ਜਾਮ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਸਰਕਾਰ ਤੇ ਮੈਨੇਜਮੈਂਟ ਦੀ ਹੋਵੇਗੀ ।

## 370 ਗ੍ਰਾਮ ਹੈਰੋਇਨ ਸਮੇਤ ਤਿੰਨ ਗ੍ਰਿਫ਼ਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਸੀ.ਆਈ.ਏ. ਸਟਾਫ਼ ਸਰਹਿੰਦ ਤੇ ਬੁੱਗਾ ਕਲਾਂ ਚੌਂਕੀ ਦੀ ਪੁਲਸ ਵੱਲੋਂ ਤਿੰਨ ਵਿਅਕਤੀਆਂ ਨੂੰ 370 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ।ਜਾਣਕਾਰੀ ਅਨੁਸਾਰ ਸੀ.ਆਈ.ਏ. ਸਟਾਫ ਸਰਹਿੰਦ ਦੀ ਪੁਲਿਸ ਨੂੰ ਅਮਲੋਹ ਦੇ ਇਲਾਕੇ 'ਚ ਇੱਕ ਵਿਅਕਤੀ ਦੇ ਭਾਰੀ ਮਾਤਰਾ 'ਚ ਹੈਰੋਇਨ ਸਮੇਤ ਘੁੰਮਦਾ ਹੋਣ ਸਬੰਧੀ ਮੁਖਬਰੀ ਮਿਲੀ ਸੀ।



ਕਾਰਵਾਈ ਕਰਦੇ ਹੋਏ ਸੀ.ਆਈ.ਏ. ਸਟਾਫ ਦੀ ਟੀਮ ਵੱਲੋਂ ਅਮਲੋਹ ਦੀ ਗਊਸ਼ਾਲਾ ਨਜ਼ਦੀਕ ਇੱਕ ਸ਼ੱਕੀ ਵਿਅਕਤੀ ਨੂੰ ਕਾਬੂ ਕੀਤਾ ਗਿਆ, ਜਿਸ ਨੇ ਆਪਣੀ ਪਛਾਣ ਜੋਬਨਜੀਤ ਸਿੰਘ ਵਾਸੀ ਪਿੰਡ ਪੱਡੇ, ਥਾਣਾ ਘੁਮਾਣ, ਜ਼ਿਲ੍ਹਾ ਗੁਰਦਾਸਪਰ ਵਜੋਂ ਦੱਸੀ।ਸੀ.ਆਈ.ਏ. ਦੇ ਸਹਾਇਕ ਥਾਣੇਦਾਰ ਜਸਵੀਰ ਵੱਲੋਂ ਡੀ.ਐਸ.ਪੀ. ਦੀ ਹਾਜ਼ਰੀ 'ਚ ਲਈ ਗਈ ਤਲਾਸ਼ੀ ਦੌਰਾਨ ਉਕਤ ਵਿਅਕਤੀ ਦੇ ਕਬਜ਼ੇ 'ਚੋਂ 270 ਗ੍ਰਾਮ ਹੈਰੋਇਨ ਬਰਾਮਦ ਹੋਈ।ਇਸ ਸਬੰਧੀ ਥਾਣਾ ਅਮਲੋਹ ਵਿਖੇ ਅ/ਧ 21(ਸੀ) ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕਰਾਏ ਗਏ ਮੁਕੱਦਮੇ 'ਚ ਜੋਬਨਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਸੀ.ਆਈ.ਏ. ਸਰਹਿੰਦ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।ਇੱਕ ਵੱਖਰੇ ਮਾਮਲੇ 'ਚ ਪੁਲਸ ਚੌਂਕੀ ਬੁੱਗਾ ਕਲਾਂ ਦੀ ਇੱਕ ਪੁਲਸ ਪਾਰਟੀ ਰਾਤ ਨੂੰ ਗਸ਼ਤ ਕਰਦੀ ਹੋਈ ਪਿੰਡ ਕਪੂਰਗੜ੍ਹ ਵੱਲ ਨੂੰ ਜਾ ਰਹੀ ਸੀ ਤਾਂ ਪਿੰਡ ਰਾਏਪੁਰ ਚੋਬਦਾਰਾਂ ਦੇ ਟੀ-ਪੁਆਇੰਟ ਨਜ਼ਦੀਕ ਪੈਦਲ ਤੁਰੇ ਆ ਰਹੇ ਦੋ ਮੋਨੇ ਵਿਅਕਤੀਆਂ ਨੂੰ ਸ਼ੱਕ ਦੇ ਆਧਾਰ 'ਤੇ ਚੈਕਿੰਗ ਲਈ ਰੋਕਿਆ ਗਿਆ, ਜਿਨ੍ਹਾਂ ਆਪਣੀ ਪਛਾਣ ਸ਼ੌਕਤ ਅਲੀ ਵਾਸੀ ਪਿੰਡ ਸੌਂਟੀ ਅਤੇ ਸਲੀਮ ਖਾਨ ਵਾਸੀ ਪਿੰਡ ਰਾਮਗੜ੍ਹ ਵਜੋਂ ਦੱਸੀ।ਤਲਾਸ਼ੀ ਦੌਰਾਨ ਦੋਵਾਂ ਵਿਅਕਤੀਆਂ ਦੇ ਕਬਜ਼ੇ 'ਚੋਂ 50/50 ਗ੍ਰਾਮ (ਕੁੱਲ 100 ਗ੍ਰਾਮ) ਹੈਰੋਇਨ ਬਰਾਮਦ ਹੋਈ।

ਥਾਣਾ ਅਮਲੋਹ ਵਿਖੇ ਅ/ਧ 21/61/85 ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕਰਵਾਏ ਗਏ ਮੁਕੱਦਮੇ 'ਚ ਸ਼ੌਕਤ ਅਲੀ ਤੇ ਸਲੀਮ ਖਾਨ ਨੂੰ ਗ੍ਰਿਫ਼ਤਾਰ ਕਰਕੇ ਪੁਲਸ ਚੌਂਕੀ ਬੁੱਗਾ ਕਲਾਂ ਦੇ ਇੰਚਾਰਜ ਥਾਣੇਦਾਰ ਤਰਨਜੀਤ ਸਿੰਘ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

## ਭੁਪਿੰਦਰ ਕੌਰ ਪਿੰਡ ਟਾਂਡਾ ਕਾਲੀਆ ਦੇ ਸਰਪੰਚ ਬਣੇ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਪੰਚਾਇਤੀ ਚੋਣਾਂ ਵਿੱਚ ਪਿੰਡ ਟਾਂਡਾ ਕਾਲੀਆ ਵਿਖੇ ਭੁਪਿੰਦਰ ਕੌਰ ਪਤਨੀ ਹਾਕਮ ਸਿੰਘ ਨੇ ਆਪਣੀ ਵਿਰੋਧੀ ਉਮੀਦਵਾਰ ਨੂੰ ਹਰਾ ਕੇ ਸਰਪੰਚੀ ਦੀ ਚੋਣ ਜਿੱਤੀ।ਇਸ ਤੋਂ ਇਲਾਵਾ ਮਨਪ੍ਰੀਤ ਕੌਰ ਪਤਨੀ ਹਸਨਦੀਪ ਸਿੰਘ ਲਾਜਪਤ, ਕਮਲਜੀਤ ਕੌਰ ਪਤਨੀ ਜਸਬੀਰ ਸਿੰਘ, ਹਜ਼ੂਰਾ ਸਿੰਘ ਗੁਰਵਿੰਦਰ ਸਿੰਘ ਤੇ ਦਵਿੰਦਰ ਸਿੰਘ ਨੇ ਪੰਚਾਇਤ ਮੈਂਬਰ ਦੀ ਚੋਣ ਜਿੱਤੀ। ਪਿੰਡ ਟਾਂਡਾ ਕਾਲੀਆ ਦੀ ਸਰਪੰਚ ਦੀ ਚੋਣ ਜਿੱਤਣ ਤੇ ਭੁਪਿੰਦਰ ਸਿੰਘ ਪਤਨੀ ਹਾਕਮ ਸਿੰਘ ਦਾ ਪਿੰਡ ਵਾਸੀਆਂ ਨੇ ਹਾਰ ਪਾ ਕੇ ਸਵਾਗਤ ਕੀਤਾ।ਇਨ੍ਹਾਂ ਚੋਣਾਂ ਵਿੱਚ ਵਾਰਡ ਨੰਬਰ 3 ਤੋਂ ਮਨਪ੍ਰੀਤ ਕੌਰ ਸਭ ਤੋਂ ਛੋਟੀ ਉਮਰ ਦੀ ਸਰਪੰਚ ਬਣੀ।ਇਸ ਮੌਕੇ ਨਵੀਂ ਬਣੀ ਪੰਚਾਇਤ ਨੇ ਬੀਬੀ ਭੂਆ ਮੈਰੀ ਦੇ ਪਵਿੱਤਰ ਅਸਥਾਨਾਂ 'ਤੇ ਜਾ ਕੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਤੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਨਵੀਂ ਸਰਪੰਚ ਭੁਪਿੰਦਰ ਕੌਰ ਤੇ ਉਨ੍ਹਾਂ ਦੇ ਪਤੀ ਹਾਕਮ ਸਿੰਘ ਨੇ ਕਿਹਾ ਕਿ ਜਿਸ ਤਰ੍ਹਾਂ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਨੂੰ ਜਿਤਾ ਕੇ ਸਰਪੰਚ ਚੁਣਿਆ ਹੈ, ਉਸੇ ਤਰ੍ਹਾਂ ਉਹ ਵੀ ਪਿੰਡ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡਣਗੇ।

## ਪੀ ਜੀ ਆਈ 'ਚ ਬੱਚੀ ਦੀ ਐਡਵਾਂਸਡ ਕੋਕਲੀਅਰ ਇੰਪਲਾਂਟ ਸਰਜਰੀ

**ਸਮਰਾਲਾ (ਸੁਰਜੀਤ ਸਿੰਘ)**-ਇੱਕ ਮਹੱਤਵਪੂਰਨ ਮੈਡੀਕਲ ਮੀਲ ਪੱਥਰ ਵਿੱਚ, ਆਰਿਕਾ ਨਾਂਅ ਦੀ ਇੱਕ 9 ਸਾਲਾ ਬੱਚੀ ਦੀ ਪੀ ਜੀ ਆਈ ਚੰਡੀਗੜ੍ਹ ਦੇ ਡਾਕਟਰਾਂ ਨੇ ਕੋਕਲੀਅਰ ਇੰਪਲਾਂਟ ਸਰਜਰੀ ਨੂੰ ਸਫਲਤਾਪੂਰਵਕ ਅੰਜ਼ਾਮ ਦਿੱਤਾ।ਇਸ ਸਰਜਰੀ ਨੇ ਕੇਂਦਰੀ-ਉੱਤਰੀ ਖੇਤਰ ਵਿੱਚ ਪਹਿਲੀ ਵਾਰ 'ਸਮਾਰਟਨੈਵ' ਸੌਫਟਵੇਅਰ ਦੀ ਵਰਤੋਂ ਨਾਲ ਇੱਕ ਨਵਾਂ ਮੀਲ ਪੱਥਰ ਸਥਾਪਤ ਕੀਤਾ ਹੈ, ਜੋ ਕਿ ਕੋਕਲੀਅਰ ਇੰਪਲਾਂਟ ਤਕਨਾਲੋਜੀ ਵਿੱਚ ਇਕ ਬੇਹੱਦ ਮਹੱਤਵਪੂਰਨ ਕਦਮ ਹੈ।



ਇਹ ਸਰਜਰੀ ਪੀ ਜੀ ਆਈ ਹਸਪਤਾਲ ਦੇ ਓਟੋਲੈਰਿੰਗੋਲੋਜੀ-ਹੈੱਡ ਐਂਡ ਨੈਕ ਸਰਜਰੀ ਵਿਭਾਗ ਦੀ ਮੁਖੀ ਡਾ. ਜੈਮੰਤੀ ਬਖ਼ਸ਼ੀ ਵੱਲੋਂ ਕੀਤੀ ਗਈ।ਇੱਕ ਕੋਕਲੀਅਰ ਇੰਪਲਾਂਟ ਇੱਕ ਅਜਿਹਾ ਯੰਤਰ ਹੈ, ਜੋ ਸਰਜਰੀ ਢੰਗ ਨਾਲ ਲਗਾਇਆ ਜਾਣ ਵਾਲਾ ਸੰਦ ਹੈ, ਜੋ ਸੁਣਨ ਦੀ ਘੋਟ ਵਾਲੇ ਵਿਅਕਤੀਆਂ ਵਿੱਚ ਸੁਣਨ ਦੀ ਸਮਰੱਥਾ ਨੂੰ ਬਹਾਲ ਕਰਦਾ ਹੈ।ਪੀ ਜੀ ਆਈ ਦੇ ਬੁਲਾਰੇ ਨੇ ਦੱਸਿਆ ਕਿ ਕੋਕਲੀਅਰ ਇੰਪਲਾਂਟ ਸਰਜਰੀਆਂ 2003 ਵਿੱਚ ਸ਼ੁਰੂ ਹੋਈਆਂ ਸਨ ਤੇ ਇਸ ਸੰਸਥਾ ਨੇ ਹੁਣ ਤੱਕ 650 ਤੋਂ ਵੱਧ ਮਰੀਜ਼ਾਂ ਦਾ ਸਫਲਤਾਪੂਰਵਕ ਇਲਾਜ ਕੀਤਾ ਹੈ।ਡਾ. ਬਖ਼ਸ਼ੀ ਨੇ ਇਸ ਨਵੀਂ ਤਕਨਾਲੋਜੀ ਪ੍ਰਤੀ ਆਪਣੀ ਸੰਤੁਸ਼ਟੀ ਪ੍ਰਗਟ ਕਰਦਿਆਂ ਇਸ ਨੂੰ ਕੋਕਲੀਅਰ ਇੰਪਲਾਂਟ ਸਰਜਰੀ ਦੌਰਾਨ ਨਾਪ-ਤੋਲ ਲਈ ਇੱਕ 'ਗੇਮ ਚੇਂਜਰ' ਦੱਸਿਆ।'ਸਮਾਰਟਨੈਵ' ਦੀ ਵਰਤੋਂ ਨਾ ਸਿਰਫ਼ ਸਰਜਰੀ ਦੀ ਸ਼ੁੱਧਤਾ ਵਿੱਚ ਸੁਧਾਰ ਕਰਦੀ ਹੈ, ਸਗੋਂ ਮਰੀਜ਼ ਦੀ ਸੁਰੱਖਿਆ ਨੂੰ ਵੀ ਵਧਾਉਂਦੀ ਹੈ, ਕਿਉਂਕਿ ਇਸ ਨਾਲ ਰੇਡੀਏਸ਼ਨ ਤੋਂ ਬਚਾਉ ਹੁੰਦਾ ਹੈ ਤੇ ਸਰਜਰੀ ਦੇ ਸਮੇਂ ਨੂੰ ਘਟਾਇਆ ਜਾਂਦਾ ਹੈ।

ਆਡੀਓਲੌਜੀ ਟੀਮ, ਜਿਸ ਦੀ ਅਗਵਾਈ ਡਾ. ਧਰਮ ਵੀਰ ਤੇ ਡਾ. ਨੂਰੈਨ ਅਲਾਮ ਨੇ ਕੀਤੀ, ਨੇ ਇੰਟਰਾਪ੍ਰੇਟਿਵ ਮਾਪ ਲੈਣ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ।ਪ੍ਰਕਿਰਿਆ ਤੋਂ ਬਾਅਦ ਡਾ. ਬਖ਼ਸ਼ੀ ਨੇ ਆਰਿਕਾ ਦੇ ਮਾਤਾ-ਪਿਤਾ ਨੂੰ 'ਸਮਾਰਟਨੈਵ' ਦੇ ਮਾਪਾਂ ਦੇ ਨਤੀਜੇ ਸਮਝਾਏ, ਜੋ ਰੀਅਲ-ਟਾਈਮ ਵਿਜ਼ੁਅਲ ਡੇਟਾ ਦੇਖ ਕੇ ਬਹੁਤ ਖੁਸ਼ ਹੋਏ ਜੋ ਇਹ ਦਰਸਾਉਂਦੇ ਸਨ ਕਿ ਇਲੈਕਟ੍ਰੋਡ ਸਫਲਤਾਪੂਰਵਕ ਲੱਗੇ ਹਨ ਤੇ ਕੰਮ ਕਰ ਰਹੇ ਹਨ।

ਪੀ ਜੀ ਆਈ ਬੁਲਾਰੇ ਨੇ ਦੱਸਿਆ ਕਿ ਇਹ ਸਰਜਰੀ ਮਰੀਜ਼ਾਂ ਦੀ ਸੰਭਾਲ ਤੇ ਨਤੀਜੇ ਵਧਾਉਣ ਲਈ ਨਵੀਂਆਂ ਤਕਨਾਲੋਜੀਆਂ ਨੂੰ ਅਪਣਾਉਣ ਦੇ ਵਚਨ ਨੂੰ ਦਰਸਾਉਂਦੀ ਹੈ ਤੇ ਇਸ ਖੇਤਰ ਵਿੱਚ ਕੋਕਲੀਅਰ ਇੰਪਲਾਂਟ ਪ੍ਰਕਿਰਿਆਵਾਂ ਲਈ ਇੱਕ ਨਵਾਂ ਮਾਪਦੰਡ ਸਥਾਪਤ ਕਰਦੀ ਹੈ।

## ਸ਼ੂਟਿੰਗ ਮੁਕਾਬਲੇ 'ਚ ਸਪਾਰਕਿੰਗ ਕਿਡਜ਼ ਸਕੂਲ ਚਮਕਿਆ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਸਪਾਰਕਿੰਗ ਕਿਡਜ਼ ਦਾ ਫਾਊਂਡੇਸ਼ਨ ਸਕੂਲ ਨੇ ਦਿ ਇੰਡੋ ਬ੍ਰਿਟਿਸ਼ ਸਕੂਲ ਦੁਆਰਾ ਕਰਾਏ ਗਏ ਸਹੋਦਿਆ ਏਅਰ ਸ਼ੂਟਿੰਗ ਮੁਕਾਬਲੇ ਵਿੱਚ ਸ਼ਾਨਦਾਰ ਸਫ਼ਲਤਾ ਪ੍ਰਾਪਤ ਕਰਕੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ ਗਿਆ।ਅੰਡਰ 19 ਲੜਕਿਆਂ ਦੇ ਵਰਗ ਵਿੱਚ ਹਰਸ਼ਦੀਪ ਸਿੰਘ ਨੇ ਸੋਨ ਤਗਮਾ, ਅਰਵਪ੍ਰੀਤ ਸਿੰਘ ਨੇ ਚਾਂਦੀ ਦਾ ਤਗਮਾ ਤੇ ਗੁਰਦਿੱਤ ਨੇ ਕਾਂਸੀ ਦਾ ਤਗਮਾ ਜਿੱਤਿਆ ਹੈ।ਅੰਡਰ-19 ਲੜਕੀਆਂ ਦੇ ਰਿਜ਼ੁਲ ਗੋਇਲ ਨੇ ਸੋਨ ਤਗਮਾ, ਹਰਮਨਦੀਪ ਕੌਰ ਨੇ ਚਾਂਦੀ ਦਾ ਤਗਮਾ ਤੇ ਖੁਸ਼ਪ੍ਰੀਤ ਕੌਰ ਨੇ ਕਾਂਸੀ ਦਾ ਤਗਮਾ ਹਾਸਲ ਕੀਤਾ।ਅੰਡਰ-14 ਲੜਕੀਆਂ ਪਲਕਪ੍ਰੀਤ ਕੌਰ ਨੇ ਸੋਨ ਤਗਮਾ, ਸੀਰਤਜੋਤ ਕੌਰ ਨੇ ਚਾਂਦੀ ਦਾ ਤਗਮਾ ਹਾਸਲ ਕੀਤਾ।ਸਕੂਲ ਦੀ ਜਿੱਤ ਨੂੰ ਜੋੜਦੇ ਹੋਏ, ਅੰਡਰ 19 ਅਤੇ ਅੰਡਰ 14 ਦੋਨਾਂ ਲੜਕਿਆਂ ਅਤੇ ਲੜਕੀਆਂ ਦੀਆਂ ਟੀਮਾਂ ਨੂੰ ਬੇਮਿਸਾਲ ਪ੍ਰਤਿਭਾ ਤੇ ਟੀਮ ਵਰਕ ਦਾ ਪ੍ਰਦਰਸ਼ਨ ਕਰਨ ਲਈ ਸਰਵੋਤਮ ਟੀਮ ਟਰਾਫ਼ੀਆਂ ਨਾਲ ਸਨਮਾਨਤ ਕੀਤਾ ਗਿਆ।ਪ੍ਰਿੰਸੀਪਲ ਸ਼੍ਰੀਮਤੀ ਹਰਮਨਦੀਪ ਕੌਰ ਹਰੀਕਾ ਨੇ ਸ਼ੂਟਿੰਗ ਕੋਚ ਦਵਿੰਦਰ ਸਿੰਘ ਨੂੰ ਅਣਥੱਕ ਮਿਹਨਤ ਲਈ ਵਧਾਈ ਦਿੱਤੀ।ਸ਼੍ਰੀਮਤੀ ਹਰੀਕਾ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੇ ਸਕੂਲ ਦੇ ਨੌਜਵਾਨ ਖਿਡਾਰੀਆਂ 'ਤੇ ਬਹੁਤ ਮਾਣ ਹੈ ਅਤੇ ਭਵਿੱਖ ਵਿੱਚ ਹੋਰ ਸਫ਼ਲਤਾਵਾਂ ਦੀ ਉਮੀਦ ਹੈ।




## ਵਿਧਾਇਕ ਵੱਲੋਂ ਕਰਵਾਏ ਵਿਕਾਸ ਕਾਰਜਾਂ ਸਦਕਾ 95 ਫ਼ੀਸਦ ਪੰਚਾਇਤਾਂ 'ਆਪ' ਦੀਆਂ ਬਣੀਆਂ : ਆਗੂ

### ਸ਼ਹਿਰ ਦੇ ਨਾਲ ਲੱਗਦੇ ਪਿੰਡਾਂ ਦੀ ਕੀਤੀ ਕਾਇਆ-ਕਲਪ

**ਮਾਲੇਰਕੋਟਲਾ (ਅਸਗਰ ਪਰਿਹਾਰ)**-ਵਿਧਾਨ ਸਭਾ ਹਲਕਾ ਮਾਲੇਰਕੋਟਲਾ ਦੇ ਵਿਧਾਇਕ ਡਾ. ਜਮੀਲ ਉਰ ਰਹਿਮਾਨ ਵੱਲੋਂ ਜਿੱਥੇ ਸ਼ਹਿਰ ਮਾਲੇਰਕੋਟਲਾ 'ਚ ਵਿਕਾਸ ਕਾਰਜਾਂ ਦੀਆਂ ਝੜੀ ਲਗਾਈ ਹੋਈ ਹ, ਉੱਥੇ ਹੀ ਪਿੰਡਾਂ 'ਚ ਵੱਡੀ ਪੱਧਰ 'ਤੇ ਸੜਕਾਂ, ਸਾਫ਼ ਸੁੱਥਰੇ ਪੀਣ ਵਾਲੇ ਪਾਣੀ, ਸੀਵਰੇਜ ਆਦਿ ਕਾਰਜਾਂ 'ਤੇ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ, ਇਹੋ ਕਾਰਨ ਹੈ ਕਿ ਹਾਲ ਹੀ 'ਚ ਹੋਈਆਂ ਪੰਚਾਇਤੀ ਚੋਣਾਂ 'ਚ ਆਮ ਆਦਮੀ ਪਾਰਟੀ ਦੇ ਸਹਿਯੋਗੀ 95 ਫ਼ੀਸਦ ਸਰਪੰਚੀ ਉਮੀਦਵਾਰ ਜੇਤੂ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਰਹਿਮਾਨ ਦੇ ਦਫ਼ਤਰ ਵਿਖੇ ਮੌਜੂਦ ਸਰਗਰਮ ਆਗੂ ਦਫ਼ਤਰ ਇੰਚਾਰਜ ਜਾਫਰ ਅਲੀ, ਬਲਾਕ ਪ੍ਰਧਾਨ ਅਬਦੁੱਲ ਹਲੀਮ, ਸੀਨੀਅਰ ਆਗੂ ਮਹੰਤ ਸਰੂਪ ਦਾਸ ਬਿਹਾਰੀ, ਆਗੂ ਯਾਸਰ ਅਰਫਾਤ, ਆਗੂ ਅਬਦੁੱਲ ਸ਼ਕੂਰ ਕਿਲ੍ਹਾ, ਆਗੂ ਸਾਜਨ ਅਨਸਾਰੀ ਤੇ ਮੁਹੰਮਦ ਯਾਸੀਨ ਕਿਲ੍ਹਾ ਨੇ ਕੀਤਾ।



ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ 'ਚ ਡਾਕਟਰ ਰਹਿਮਾਨ ਦੀ ਭੂਮਿਕਾ ਬਹੁਤ ਹੀ ਸਾਰਥਿਕ ਸਿੱਧ ਹੋਈ, ਜਿੱਥੇ ਪੰਚਾਇਤੀ ਚੋਣਾਂ ਅਮਨ ਸ਼ਾਂਤੀ ਨਾਲ ਨੇਪਰੇ ਚੜ੍ਹੀਆਂ, ਉਥੇ ਹੀ 13 ਦੇ ਕਰੀਬ ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ, ਜਿਨ੍ਹਾਂ 'ਚੋਂ 8 ਸਰਬਸੰਮਤੀਆਂ ਵਿਧਾਇਕ ਰਹਿਮਾਨ ਵੱਲੋਂ ਕਰਵਾਈਆਂ ਗਈਆਂ ਸਨ। ਆਗੂਆਂ ਨੇ ਕਿਹਾ ਕਿ ਵਿਧਾਇਕ ਰਹਿਮਾਨ ਸੇਵਾ ਦੇ ਮੰਤਵ ਨਾਲ ਸਿਆਸਤ 'ਚ ਆਏ ਹਨ, ਤਾਹੀਓਂ ਉਹ ਆਪਣਾ ਜ਼ਿਆਦਾਤਰ ਸਮਾਂ ਹਲਕੇ ਦੇ ਲੋਕਾਂ ਦੇ ਵਿੱਚ ਵਿਚਰ ਕੇ ਨਿਭਾਉਂਦੇ ਹਨ। ਇਸ ਤੋਂ ਇਲਾਵਾ ਉਹ ਆਪਣੇ ਸਰਕਾਰੀ ਦਫ਼ਤਰ ਵਿਖੇ ਵੀ ਲੋਕਾਂ ਦੀਆਂ ਦੁੱਖ ਤਕਲੀਫਾਂ ਸੁਣਦੇ ਹਨ ਤੇ ਹਲਕੇ ਦਾ ਕੋਈ ਵੀ ਆਮ ਜਾਂ ਖਾਸ ਨਾਗਰਿਕ ਉਨ੍ਹਾਂ ਨੂੰ ਮਿਲ ਸਕਦਾ ਹੈ ਅਤੇ ਉਸ ਦੀ ਸਮੱਸਿਆ ਦਾ ਨਿਪਟਾਰਾ ਮੌਕੇ 'ਤੇ ਹੀ ਕੀਤਾ ਜਾਂਦਾ ਹੈ, ਜਿਸ ਦੇ ਸਿੱਟੇ ਵਜੋਂ ਲੋਕਾਂ ਦੀ ਹਰਮਨ ਪਿਆਰਤਾ ਉਨ੍ਹਾਂ ਨਾਲ ਬਣੀ ਹੋਈ ਹੈ, ਜਿਸ ਦੇ ਨਤੀਜੇ ਵਜੋਂ ਅੱਜ ਆਮ ਆਦਮੀ ਪਾਰਟੀ ਦੇ ਸਹਿਯੋਗੀ ਸਰਪੰਚ ਵੱਡੀ ਲੀਡ ਨਾਲ ਚੋਣ ਜਿੱਤੇ ਹਨ।

## ਹਸਨਪੁਰ ਸਕੂਲ 'ਚ ਡੀ.ਐੱਸ.ਪੀ. ਖੋਸਾ ਹੋਏ ਬੱਚਿਆਂ ਦੇ ਰੂਬਰੂ

**ਮੁੱਲਾਂਪੁਰ ਦਾਖਾ (ਗੁਰਮੇਲ ਮੈਲਡੇ)**-ਇਨਸਾਨ ਨੂੰ ਜ਼ਿੰਦਗੀ ਵਿੱਚ ਮਿਲੀਆਂ ਅਸਫਲਤਾਵਾਂ ਹੀ ਅਕਸਰ ਵੱਡੀ ਕਾਮਯਾਬੀ ਤੱਕ ਲੈ ਕੇ ਜਾਂਦੀਆਂ ਹਨ। ਲੋੜ ਹੁੰਦੀ ਹੈ ਕਿ ਤੁਸੀਂ ਆਪਣੀ ਮੰਜ਼ਿਲ ਤੱਕ ਪਹੁਚਾਉਣ ਵਾਲੇ ਰਸਤੇ 'ਤੇ ਕਿੰਨੀ ਕੁ ਦ੍ਰਿੜ੍ਹਤਾ ਤੇ ਲਗਨ ਨਾਲ ਚਲਦੇ ਹੋ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਰਿੰਦਰ ਸਿੰਘ ਖੋਸਾ (ਪੀ.ਪੀ.ਐੱਸ.) ਡੀ.ਐੱਸ.ਪੀ. ਦਾਖਾ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਸਨਪੁਰ ਵਿਖੇ ਪ੍ਰਿੰਸੀਪਲ ਮਨਦੀਪ ਕੌਰ ਦੀ ਅਗਵਾਈ ਕਰਵਾਏ ਸਮਾਗਮ ਦੌਰਾਨ ਸਕੂਲ ਸਟਾਫ ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਲੈਕ. ਸਤਿੰਦਰਪਾਲ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਯੂ.ਪੀ.ਐੱਸ.ਸੀ. ਤੇ ਪੀ.ਪੀ.ਐੱਸ.ਸੀ. ਦੀ ਤਿਆਰੀ ਕਰਨ ਤੇ ਸੁਨਿਹਰੇ ਭਵਿੱਖ ਲਈ ਯੋਗ ਅਗਵਾਈ ਪ੍ਰਦਾਨ ਕਰਨ ਹਿੱਤ ਵਰਿੰਦਰ ਸਿੰਘ ਖੋਸਾ (ਪੀ.ਪੀ.ਐੱਸ.) ਨੂੰ ਬਤੌਰ ਮੁੱਖ ਮਹਿਮਾਨ ਬੁਲਾਇਆ ਗਿਆ। ਇਸ ਮੌਕੇ ਸਕੂਲ ਵਿਦਿਆਰਥੀਆਂ ਨੇ ਫੁੱਲਾਂ ਦੀ ਵਰਖਾ ਕੀਤੀ ਤੇ ਸਮੂਹ ਸਟਾਫ ਨੇ ਗੁਲਦਸਤਾ ਭੇਟ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ। ਸਟੇਜ ਸੰਚਾਲਕ ਲੈਕ. ਮਨਦੀਪ ਸਿੰਘ ਸੇਖੋਂ ਨੇ ਸ੍ਰ. ਖੋਸਾ ਦੇ ਜੀਵਨ ਤੇ ਪ੍ਰਾਪਤੀਆਂ ਬਾਰੇ ਦੱਸਦਿਆਂ ਜੀ ਆਇਆਂ ਨੂੰ ਆਖਿਆ। ਸਮਾਗਮ ਦੌਰਾਨ ਵਰਿੰਦਰ ਸਿੰਘ ਖੋਸਾ ਨੇ ਆਪਣੇ ਨਿੱਜੀ ਤਜਰਬੇ ਸਾਂਝੇ ਕਰਦਿਆਂ ਬੱਚਿਆਂ ਨੂੰ ਆਪਣੇ ਘਰੇਲੂ ਹਾਲਾਤ ਤੇ ਹੋਰ ਮੁਸ਼ਕਲਾਂ ਨੂੰ ਲਾਂਭੇ ਕਰਦਿਆਂ, ਉੱਚੀ ਸੋਚ, ਸਖਤ ਮਿਹਨਤ ਤੇ ਲਗਨ ਦਾ ਲੜ ਫੜਨ 'ਤੇ ਜ਼ੋਰ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਨ ਬੱਚਿਆਂ ਨੂੰ ਉਚੇਰੀ ਸਿੱਖਿਆ ਲਈ ਚੰਗੀਆਂ ਸੰਸਥਾਵਾਂ ਦੀ ਚੋਣ ਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਜ਼ਰੂਰੀ ਨੁਕਤਿਆਂ ਬਾਰੇ ਜਾਣਕਾਰੀ ਦਿੱਤੀ। ਲੈਕ. ਇਕਬਾਲ ਸਿੰਘ ਪੁੜੈਣ ਨੇ ਡੀ.ਐੱਸ.ਪੀ. ਖੋਸਾ ਵੱਲੋਂ ਆਪਣੇ ਨਿੱਜੀ ਤੇ ਪ੍ਰਬੰਧਕੀ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਵਿਦਿਆਰਥੀਆਂ ਨੂੰ ਅਗਵਾਈ ਦੇਣ ਤੇ ਉਤਸ਼ਾਹਤ ਕਰਨ ਲਈ ਧੰਨਵਾਦ ਕੀਤਾ। ਸਕੂਲ ਸਟਾਫ ਵੱਲੋਂ ਉਨ੍ਹਾਂ ਨੂੰ ਇੱਕ ਯਾਦਗਾਰੀ ਚਿੰਨ੍ਹ ਨਾਲ ਸਨਮਾਨਤ ਕੀਤਾ ਗਿਆ। ਇਸ ਸਮੇਂ ਕੈਂਪਸ ਮੈਨੇਜਰ ਕੈਪਟਨ ਸਚਦੇਵ ਭਾਰਦਵਾਜ, ਸਮੂਹ ਸਟਾਫ ਮੈਂਬਰ ਤੇ ਵਿਦਿਆਰਥੀ ਹਾਜ਼ਰ ਸਨ।



## ਸਿਵਲ ਗੰਨਮੈਨ ਤੇ ਗਾਰਡ ਕੰਟਰੈਕਟ ਵਰਕਰਾਂ ਦੀਆਂ ਮੰਗਾਂ ਨੂੰ ਲਾਗੂ ਕੀਤਾ ਜਾਵੇ : ਲਛਮਣ ਸਿੰਘ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਸਿਵਲ ਗਨਮੈਨ ਤੇ ਗਾਰਡ ਕੰਟਰੈਕਟ ਵਰਕਰ ਦੀਆਂ ਪਿਛਲੇ ਕਈ ਸਾਲਾਂ ਤੋਂ ਮੰਗਾਂ ਲਟਕਦੀਆਂ ਆ ਰਹੀਆਂ ਹਨ। ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਨ੍ਹਾਂ ਦੇ ਨਾਲ ਵਾਅਦਾ ਕੀਤਾ ਸੀ ਕਿ ਸੱਤਾ ਵਿੱਚ ਆਉਣ ਤੋਂ ਬਾਅਦ ਸਿਵਲ ਗਨਮੈਨ ਤੇ ਗਾਰਡ ਕੰਟਰੈਕਟ ਵਰਕਰਾਂ ਦੀਆਂ ਸਾਰੀਆਂ ਹੀ ਮੰਗਾਂ ਮਨ ਲਈਆਂ ਜਾਣਗੀਆਂ ਅਤੇ ਸਾਰੇ ਹੀ ਮੁਲਾਜ਼ਮਾਂ ਨੂੰ ਪੱਕਾ ਕਰ ਦਿੱਤਾ ਜਾਵੇਗਾ, ਪਰ ਤਿੰਨ ਸਾਲ ਦੇ ਕਰੀਬ ਸਮਾਂ ਸਰਕਾਰ ਦਾ ਸੱਤਾ ਵਿੱਚ ਆਏ ਨੂੰ ਹੋ ਗਿਆ ਹੈ, ਸਰਕਾਰ ਵੱਲੋਂ ਸਾਨੂੰ ਪੱਕਾ ਤਾਂ ਕੀ ਕਰਨਾ ਸੀ, ਬਲਕਿ ਤਨਖਾਹਾਂ ਵਿੱਚ ਵੀ ਵਾਧਾ ਨਹੀਂ ਕੀਤਾ ਗਿਆ, ਜਿਸ ਨੂੰ ਲੈ ਕੇ ਉਨ੍ਹਾਂ ਨੂੰ ਆਪਣਾ ਘਰ ਦਾ ਗੁਜ਼ਾਰਾ ਕਰਨਾ ਔਖਾ ਹੋਇਆ ਪਿਆ ਹੈ। ਉਨ੍ਹਾ ਕਿਹਾ ਕਿ ਨਿਗੁਣੀ ਜਹੀ ਤਨਖਾਹ ਹੋਣ ਕਰਕੇ ਉਨ੍ਹਾਂ ਨੂੰ ਦੋ ਵਕਤ ਦੀ ਰੋਟੀ ਦੇ ਲਾਲੇ ਪਏ ਹੋਏ ਹਨ, ਬਹੁਤ ਘੱਟ ਤਨਖਾਹ ਹੋਣ ਕਰਕੇ ਉਨ੍ਹਾਂ ਦੇ ਖਰਚੇ ਨਹੀਂ ਪੂਰੇ ਹੋ ਰਹੇ। ਉਨ੍ਹਾ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੀਆਂ ਸਾਰੀਆਂ ਹੀ ਮੰਗਾਂ ਨੂੰ ਜਲਦ ਤੋਂ ਜਲਦ ਮੰਨਿਆ ਜਾਵੇ। ਉਨ੍ਹਾ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਸਰਕਾਰ ਵੱਲੋਂ ਨਾ ਮੰਨਿਆ ਗਿਆ ਤਾਂ ਆਉਣ ਵਾਲੀਆਂ ਚੋਣਾਂ ਵਿੱਚ ਸਰਕਾਰ ਦਾ ਵਿਰੋਧ ਕੀਤਾ ਜਾਵੇਗਾ।

## ਪੰਜਾਬੀ ਯੂਨੀਵਰਸਿਟੀ ਵਿਖੇ ਸਰਬਪ੍ਰੀਤ ਸਿੰਘ ਨਾਲ ਰੂ-ਬ-ਰੂ

**ਪਟਿਆਲਾ, (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਵਿਖੇ ਪ੍ਰਸਿੱਧ ਲੇਖਕ ਤੇ ਟਿੱਪਣੀਕਾਰ ਸ. ਸਰਬਪ੍ਰੀਤ ਸਿੰਘ ਦਾ ਰੂ-ਬ-ਰੂ ਕਰਵਾਇਆ ਗਿਆ।ਨਾਰੀ ਅਧਿਐਨ ਕੇਂਦਰ, ਮਨੋਵਿਗਿਆਨ ਵਿਭਾਗ ਤੇ ਲੋਕ ਪ੍ਰਸ਼ਾਸਨ ਵਿਭਾਗ ਵੱਲੋਂ ਸਾਂਝੇ ਤੌਰ 'ਤੇ ਕਰਵਾਏ ਗਏ ਇਸ ਪ੍ਰੋਗਰਾਮ ਦੌਰਾਨ ਸ. ਸਰਬਪ੍ਰੀਤ ਸਿੰਘ ਨੇ ਕਹਾਣੀ ਲਿਖਣ ਦੇ ਆਪਣੇ ਸਫ਼ਰ ਨੂੰ ਨਿੱਜੀ ਕਿੱਸਿਆਂ ਰਾਹੀਂ ਬਿਆਨਿਆ।ਲੇਖਣੀ ਨਾਲ ਜੁੜਨ ਸੰਬੰਧੀ ਬਣੇ ਸਬੱਬਾਂ ਤੇ ਇਸ ਰਸਤੇ ਉੱਤੇ ਚਲਦਿਆਂ ਹੰਢਾਏ ਅਨੁਭਵਾਂ ਬਾਰੇ ਬਿਆਨ ਕਰਦਿਆਂ ਉਨ੍ਹਾਂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਅੰਦਰ ਦਾ ਜਨੂੰਨ ਖੋਜਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਗੁਰਮਤਿ ਗਿਆਨ, ਸਿੱਖ ਸਾਹਿਤ ਤੇ ਇਤਿਹਾਸ ਦੇ ਵਿਸ਼ਾਲ ਗਿਆਨ ਭਰਪੂਰ ਹਵਾਲੇ ਦਿੰਦਿਆਂ ਸਰੋਤਿਆਂ ਨਾਲ ਵਿਚਾਰਾਂ ਦਾ ਸਾਰਥਕ ਅਦਾਨ-ਪ੍ਰਦਾਨ ਕੀਤਾ।ਆਪਣੀ ਗੱਲਬਾਤ ਦੌਰਾਨ ਗੁਰੂ ਨਾਨਕ ਦੇਵ ਜੀ ਦੇ ਬਾਬਰਨਾਮੇ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਾਹਿਤਕ ਰਚਨਾਵਾਂ ਤੱਕ ਸਿੱਖ ਗੁਰੂਆਂ ਦੀਆਂ ਮਹਾਨ ਰਚਨਾਵਾਂ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਸਮਕਾਲੀ ਸਮੇਂ ਵਿੱਚ ਸੱਚ ਲਈ ਖੜ੍ਹੇ ਹੋਣ ਤੇ ਬਰਾਬਰੀ ਲਈ ਯਤਨ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਮਨੁੱਖਤਾ ਤੇ ਭਾਈਚਾਰਕ ਸਾਂਝ ਦੀ ਸ਼ਕਤੀ ਹੀ ਮਨੁੱਖਤਾ ਨੂੰ ਦਰਪੇਸ਼ ਕਿਸੇ ਵੀ ਅੱਤਿਆਚਾਰ ਦਾ ਟਾਕਰਾ ਕਰ ਸਕਦੀ ਹੈ।



ਨਾਰੀ ਅਧਿਐਨ ਕੇਂਦਰ ਦੇ ਡਾਇਰੈਕਟਰ ਪ੍ਰੋ. ਹਰਪ੍ਰੀਤ ਕੌਰ, ਮਨੋਵਿਗਿਆਨ ਵਿਭਾਗ ਦੇ ਮੁਖੀ ਪ੍ਰੋ. ਦਮਨਜੀਤ ਕੌਰ ਸੰਧੂ ਤੇ ਲੋਕ ਪ੍ਰਸ਼ਾਸਨ ਵਿਭਾਗ ਦੇ ਮੁਖੀ ਪ੍ਰੋ. ਰਾਜਬੰਸ ਸਿੰਘ ਗਿੱਲ ਵੱਲੋਂ ਵੀ ਇਸ ਮੌਕੇ ਸੰਬੋਧਨ ਕੀਤਾ ਗਿਆ।ਇਸ ਪ੍ਰੋਗਰਾਮ ਦੇ ਆਯੋਜਨ ਵਿੱਚ ਯੋਗਦਾਨ ਪਾਉਣ ਵਾਲੇ ਹੋਰ ਫੈਕਲਟੀ ਮੈਂਬਰਾਂ ਵਿੱਚ ਪ੍ਰੋ. ਹਰਦੀਪ ਕੌਰ, ਡਾ. ਇੰਦਰਪ੍ਰੀਤ ਸੰਧੂ, ਡਾ. ਸੁਖਮਿੰਦਰ ਕੌਰ ਤੇ ਡਾ. ਤਾਰਿਕਾ ਸੰਧੂ ਸ਼ਾਮਲ ਰਹੇ।

## ਕੁਲਦੀਪ ਸਿੰਘ ਬੋਪਾਰਾਏ ਹੱਥ ਫਿਰ ਆਈ ਛਪਾਰ ਦੀ ਕਮਾਂਡ



**ਮੁੱਲਾਂਪੁਰ ਦਾਖਾ (ਗੁਰਮੇਲ ਮੈਲਡੇ)**-ਪਿੰਡ ਛਪਾਰ ਵਿੱਚ ਲੋਕਾਂ ਨੇ ਵੱਡੀ ਤਾਦਾਦ ਵਿੱਚ ਇੱਕ ਵਾਰ ਫਿਰ ਕੁਲਦੀਪ ਸਿੰਘ ਬੋਪਾਰਾਏ ਨੂੰ ਸਰਪੰਚੀ ਦੀ ਕਮਾਂਡ ਸੰਭਾਲੀ ਹੈ। ਜਾਣਕਾਰੀ ਮੁਤਾਬਿਕ ਕੁਲਦੀਪ ਸਿੰਘ ਬੋਪਾਰਾਏ ਨੂੰ 1307 ਵੋਟਾਂ ਮਿਲੀਆਂ, ਜਦਕਿ ਵਿਰੋਧੀ ਉਮੀਦਵਾਰ ਸ਼ੇਰ ਸਿੰਘ ਨੂੰ 687 ਵੋਟਾਂ ਹੀ ਪ੍ਰਾਪਤ ਹੋਈਆਂ। ਦੂਸਰੇ ਪਾਸੇ ਆਮ ਆਦਮੀ ਪਾਰਟੀ ਦੇ ਮਾਰਕੀਟ ਕਮੇਟੀ ਮੁੱਲਾਂਪੁਰ ਦਾਖਾ ਦੇ ਮੌਜੂਦਾ ਚੇਅਰਮੈਨ ਹਰਨੇਕ ਸਿੰਘ ਸੇਖੋਂ ਨੂੰ ਇਨ੍ਹਾਂ ਚੋਣਾਂ ਵਿੱਚ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਚੇਅਰਮੈਨ ਹਰਨੇਕ ਸਿੰਘ ਸੇਖੋਂ ਦੀ ਧਰਮਪਤਨੀ ਰਾਜਵਿੰਦਰ ਕੌਰ ਨੂੰ ਵਾਰਡ ਨੰਬਰ 7 ਦੇ ਵੋਟਰਾਂ ਨੇ ਹਰਾ ਦਿੱਤਾ ਤੇ ਪਿੰਡ ਛਪਾਰ ਦੇ ਵਾਰਡ ਨੰਬਰ 7 ਦੇ ਵੋਟਰਾਂ ਨੇ ਸਵਰਨਜੀਤ ਕੌਰ ਨੂੰ 52 ਵੋਟਾਂ ਦੇ ਫਰਕ ਨਾਲ ਜਿਤਾ ਕੇ ਪੰਚ ਬਣਾ ਦਿੱਤਾ। ਮੌਜੂਦਾ ਚੇਅਰਮੈਨ ਦੀ ਪਤਨੀ ਦੀ ਹਾਰ ਦੀ ਸਮੁੱਚੇ ਹਲਕੇ ਦਾਖੇ ਵਿੱਚ ਖ਼ੂਬ ਚਰਚਾ ਹੋ ਰਹੀ ਹੈ, ਕਿਉਂਕਿ ਜਿੱਥੇ ਹਰਨੇਕ ਸਿੰਘ ਸੇਖੋਂ ਦੀ ਪਤਨੀ ਨੂੰ ਹਾਰ ਦਾ ਮੂੰਹ ਦੇਖਣਾ ਪਿਆ, ਉਥੇ ਮਾਰਕਿਟ ਕਮੇਟੀ ਸਿੱਧਵਾਂ ਬੇਟ ਦੇ ਚੇਅਰਮੈਨ ਬਲੌਰ ਸਿੰਘ ਮੁੱਲਾਂਪੁਰ ਦੀ ਧਰਮਪਤਨੀ ਨੂੰ ਵੀ ਪਿੰਡ ਮੁੱਲਾਂਪੁਰ ਤੋਂ ਸਰਪੰਚੀ ਦੀ ਚੋਣ ਵਿੱਚ ਹਾਰ ਦਾ ਮੂੰਹ ਦੇਖਣਾ ਪਿਆ ਤੇ ਤੀਸਰੇ ਸਥਾਨ 'ਤੇ ਹੀ ਉਹ ਸਿਮਟ ਗਈ। ਜਦੋਂ ਪਿੰਡ ਛਪਾਰ ਦੇ ਕੁਝ ਗੈਰ-ਸਿਆਸੀ ਲੋਕਾਂ ਨਾਲ ਫੋਨ 'ਤੇ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਪਿੰਡ ਛਪਾਰ ਦੇ ਲੋਕ ਅੱਜ ਵੀ ਕੁਲਦੀਪ ਸਿੰਘ ਬੋਪਾਰਾਏ ਦੇ ਨਾਲ ਚੱਟਾਨ ਵਾਂਗ ਖੜ੍ਹੇ ਹਨ ਤੇ ਪਿੰਡ ਵਾਸੀਆਂ ਨੂੰ ਇਹ ਪੂਰਨ ਭਰੋਸਾ ਹੈ ਕਿ ਪਹਿਲਾਂ ਦੀ ਤਰ੍ਹਾਂ ਅਗਲੇ 5 ਸਾਲ ਵੀ ਪਿੰਡ ਦੇ ਵੱਡੇ ਵਿਕਾਸ ਕਰਵਾਏ ਜਾਣਗੇ।

## ਪੰਜਾਬੀ ਯੂਨੀਵਰਸਿਟੀ ਵਿਖੇ ਮਾਨਸਿਕ ਸਿਹਤ ਜਾਗਰੂਕਤਾ ਸੰਬੰਧੀ ਸੈਮੀਨਾਰ




**ਪਟਿਆਲਾ (ਰਾਜਿੰਦਰ ਥਿੰਦ)**-ਪੰਜਾਬੀ ਯੂਨੀਵਰਸਿਟੀ ਦੇ ਡੀਨ ਵਿਦਿਆਰਥੀ ਭਲਾਈ ਦਫ਼ਤਰ ਵੱਲੋਂ ਮਾਨਸਿਕ ਸਿਹਤ ਸੰਬੰਧੀ ਜਾਗਰੂਕਤਾ ਮਹੀਨੇ ਦੇ ਸੰਬੰਧ ਵਿੱਚ ਸੈਮੀਨਾਰ ਕਰਵਾਇਆ ਗਿਆ।ਇਸ ਮੌਕੇ ਐੱਮ. ਡੀ. ਯੂਨੀਵਰਸਿਟੀ, ਰੋਹਤਕ ਦੇ ਮਨੋਵਿਗਿਆਨ ਵਿਭਾਗ ਤੋਂ ਸਾਬਕਾ ਮੁਖੀ ਪ੍ਰੋ. ਪ੍ਰੋਮਿਲਾ ਬੱਤਰਾ ਤੇ ਪਟਿਆਲਾ ਦੇ ਫੁਲ ਨਿਊਰੋ ਐਂਡ ਮਲਟੀਸਪੈਸ਼ਲਿਟੀ ਹਸਪਤਾਲ ਤੋਂ ਡਾ. ਪੁਨੀਤ ਫੁਲ ਨੇ ਮਾਹਰ ਵਜੋਂ ਆਪਣੇ ਵਿਚਾਰ ਪ੍ਰਗਟਾਏ।

ਪ੍ਰੋਗਰਾਮ ਦੀ ਪ੍ਰਧਾਨਗੀ ਕਰਦਿਆਂ ਡੀਨ ਵਿਦਿਆਰਥੀ ਭਲਾਈ ਪ੍ਰੋ. ਮੋਨਿਕਾ ਚਾਵਲਾ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਜਦੋਂ ਜ਼ਿੰਦਗੀ ਗੁੰਝਲ਼ਦਾਰ ਹੋ ਗਈ ਹੈ ਤਾਂ ਮਾਨਸਿਕ ਸਿਹਤ ਨਾਲ਼ ਜੁੜੀਆਂ ਸਮੱਸਿਆਵਾਂ ਵਿੱਚ ਵਾਧਾ ਹੋ ਰਿਹਾ ਹੈ।ਅਜਿਹੀ ਸਥਿਤੀ ਵਿੱਚ ਮਾਨਸਿਕ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨਾ ਸਮੇਂ ਦੀ ਲੋੜ ਬਣ ਗਈ ਹੈ।

ਪ੍ਰੋ. ਪ੍ਰੋਮਿਲਾ ਬੱਤਰਾ ਨੇ ਵਿਦਿਆਰਥੀਆਂ ਨੂੰ ਸੰਬੋਧਤ ਹੁੰਦੇ ਹੋਏ ਵਿਦਿਆਰਥੀ ਜ਼ਿੰਦਗੀ ਨਾਲ਼ ਜੁੜੇ ਵੱਖ-ਵੱਖ ਤਣਾਵਾਂ ਦੇ ਹਵਾਲੇ ਨਾਲ਼ ਕੀਤੀ ਤੇ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਤਰੀਕੇ ਦੱਸੇ।ਡਾ. ਪੁਨੀਤ ਫੁੱਲ ਨੇ ਵਿਸ਼ਵ ਸਿਹਤ ਸੰਗਠਨ ਵੱਲੋਂ ਜਾਰੀ ਅੰਕੜਿਆਂ ਦੇ ਹਵਾਲੇ ਨਾਲ਼ ਗੱਲ ਕਰਦਿਆਂ ਦੱਸਿਆ ਕਿ ਮਾਨਸਿਕ ਸਿਹਤ ਨਾਲ਼ ਸੰਬੰਧਤ ਸਮੱਸਿਆਵਾਂ ਦੀ ਸਥਿਤੀ ਲਗਾਤਾਰ ਵਿਗੜਦੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਜਿਵੇਂ ਕੋਈ ਵੀ ਸਰੀਰਿਕ ਬਿਮਾਰੀ ਦੇ ਇਲਾਜ ਲਈ ਡਾਕਟਰ ਕੋਲ਼ ਜਾਣ ਦੀ ਜ਼ਰੂਰਤ ਹੁੰਦੀ ਹੈ, ਬਿਲਕੁਲ ਉਸੇ ਤਰ੍ਹਾਂ ਮਾਨਸਿਕ ਸਿਹਤ ਨਾਲ਼ ਜੁੜੀ ਸਮੱਸਿਆ ਲਈ ਸੰਬੰਧਤ ਮਾਹਰ ਕੋਲ਼ ਜਾਣਾ ਬਹੁਤ ਜ਼ਰੂਰੀ ਹੁੰਦਾ ਹੈ।ਉਨ੍ਹਾਂ ਕਿਹਾ ਕਿ ਸਾਨੂੰ ਸੋਸ਼ਲ ਮੀਡੀਆ ਤੋਂ ਬਾਹਰ ਆ ਕੇ ਚੰਗੇ ਮਿੱਤਰ ਦੋਸਤ ਚੁਣਨੇ ਚਾਹੀਦੇ ਹਨ, ਜਿਨ੍ਹਾਂ ਨਾਲ਼ ਆਪਣੇ ਦਿਲ ਦੀਆਂ ਗੱਲਾਂ ਕੀਤੀਆਂ ਜਾ ਸਕਣ।ਇਸ ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਯੂਨੀਵਰਸਿਟੀ ਦੇ ਵਿਦਿਆਰਥੀ ਕੌਂਸਲਿੰਗ ਕੇਂਦਰ ਤੋਂ ਕੌਂਸਲਰ ਡਾ. ਰੂਬੀ ਗੁਪਤਾ ਨੇ ਵੀ ਮਾਨਸਿਕ ਸਿਹਤ ਦੇ ਹਵਾਲੇ ਨਾਲ਼ ਅਹਿਮ ਟਿੱਪਣੀਆਂ ਕੀਤੀਆਂ।ਪ੍ਰੋਗਰਾਮ ਦੇ ਅੰਤ ਵਿੱਚ ਪ੍ਰੋਵੋਸਟ ਡਾ. ਇੰਦਰਜੀਤ ਸਿੰਘ ਵੱਲੋਂ ਧੰਨਵਾਦੀ ਸ਼ਬਦ ਬੋਲੇ ਗਏ।ਪ੍ਰੋਗਰਾਮ ਦੇ ਅੰਤ ਵਿੱਚ ਪਿਛਲੇ ਦਿਨੀਂ ਕਰਵਾਏ ਗਏ ਚਿੱਤਰਕਾਰੀ ਤੇ ਫ਼ੋਟੋਗਰਾਫ਼ੀ ਮੁਕਾਬਿਲਆਂ ਵਿੱਚ ਜੇਤੂ ਰਹੇ ਹੋਸਟਲਾਂ ਦੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।

## ਸਰਪੰਚ ਹਰਵਿੰਦਰ ਕੌਰ ਸਮੇਤ ਸਮੁੱਚੀ ਪੰਚਾਇਤ ਵਿਧਾਇਕ ਵੱਲੋਂ ਸਨਮਾਨਤ

### ਸਰਪੰਚ ਹਰਵਿੰਦਰ ਕੌਰ ਵੱਲੋਂ ਪਿੰਡ ਨੂੰ ਸੂਬੇ ਦਾ ਨੰਬਰ ਵਨ ਬਣਾਉਣ ਦਾ ਪ੍ਰਣ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਬੀਤੇ ਦਿਨੀਂ ਸੂਬੇ ਵਿੱਚ ਪਈਆਂ ਪੰਚਾਇਤੀ ਚੋਣਾਂ ਦੌਰਾਨ ਬਾਘ ਪੁਰਾਣਾ ਹਲਕੇ ਅਧੀਨ ਪੈਂਦੇ ਪਿੰਡ ਮੱਲ ਕੇ ਵਿਖੇ ਹੋਈ ਪੰਚਾਇਤੀ ਚੋਣ ਦੌਰਾਨ ਆਮ ਆਦਮੀ ਪਾਰਟੀ ਦੀ ਉਮੀਦਵਾਰ ਤੇ ਆਪ ਆਗੂ ਰਾਜਾ ਮੱਲ ਕੇ ਦੀ ਪਤਨੀ ਹਰਵਿੰਦਰ ਕੌਰ ਨੇ ਵੱਡੇ ਫਰਕ ਨਾਲ ਆਪਣੇ ਵਿਰੋਧੀਆਂ ਨੂੰ ਪਛਾੜਦਿਆਂ ਪਿੰਡ ਮੱਲ ਕੇ ਤੋਂ ਸਰਪੰਚ ਬਣਨ ਦਾ ਮਾਣ ਹਾਸਲ ਕੀਤਾ ਹੈ।

ਸਰਪੰਚ ਹਰਵਿੰਦਰ ਕੌਰ ਸਮੇਤ ਸਮੁੱਚੀ ਗ੍ਰਾਮ ਪੰਚਾਇਤ ਨੇ ਅੱਜ ਹਲਕਾ ਵਿਧਾਇਕ ਅੰਮ੍ਰਿਤ ਪਾਲ ਸੁਖਾਨੰਦ ਤੋਂ ਅਸ਼ੀਰਵਾਦ ਪ੍ਰਾਪਤ ਕਰਦਿਆਂ ਪ੍ਰਣ ਕੀਤਾ ਕਿ ਉਹ ਪਿੰਡ ਮੱਲ ਕੇ ਦਾ ਸਰਬਪੱਖੀ ਵਿਕਾਸ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ ਤੇ ਪਿੰਡ ਨੂੰ ਵਿਕਾਸ ਪੱਖੋਂ ਸੂਬੇ ਦਾ ਸਭ ਤੋਂ ਨੰਬਰ ਵਨ ਪਿੰਡ ਬਣਾਉਣਗੇ।ਇਸ ਮੌਕੇ ਵਿਧਾਇਕ ਅੰਮ੍ਰਿਤ ਪਾਲ ਸੁਖਾਨੰਦ ਨੇ ਸਰਪੰਚ ਹਰਵਿੰਦਰ ਕੌਰ ਤੇ ਜਸਪਾਲ ਕੌਰ, ਸੁਖਮੰਦਰ ਸਿੰਘ, ਪ੍ਰਭਜੀਤ ਕੌਰ, ਸਿਮਰਜੀਤ ਕੌਰ, ਹਰਜਿੰਦਰ ਸਿੰਘ, ਜਰਨੈਲ ਸਿੰਘ (ਸਾਰੇ ਮੈਂਬਰ) ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਪਾ ਕੇ ਸਨਮਾਨਤ ਕੀਤਾ।ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਾਜਾ ਮਲਕੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦੀ ਜਿੱਤ ਵਿੱਚ ਕੁਲਦੀਪ ਸਿੰਘ ਸਾਬਕਾ ਸਰਪੰਚ ਵੱਲੋਂ ਉਨ੍ਹਾਂ ਨੂੰ ਜਿੱਤ ਹਾਸਲ ਕਰਵਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਗਈ।ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਤੇ ਕੁਲਦੀਪ ਸਿੰਘ ਸਾਬਕਾ ਸਰਪੰਚ ਨੇ ਉਨ੍ਹਾਂ ਦੇ ਚੋਣ ਪ੍ਰਚਾਰ ਦੌਰਾਨ ਉਨ੍ਹਾਂ ਲਈ ਦਿਨ-ਰਾਤ ਕੀਤਾ, ਜਿਸ ਦੇ ਲਈ ਉਹ ਉਨ੍ਹਾਂ ਦੇ ਸਦਾ ਰਿਣੀ ਰਹਿਣਗੇ।ਉਨ੍ਹਾਂ ਕਿਹਾ ਕਿ ਸਰਪੰਚ ਹਰਵਿੰਦਰ ਕੌਰ ਤੇ ਉਨ੍ਹਾਂ ਦਾ ਸਮੁੱਚਾ ਪਰਵਾਰ ਪਿੰਡ ਦੇ ਹਰ ਵਿਅਕਤੀ ਨਾਲ ਹਰ ਔਖੇ ਸੌਖੇ ਸਮੇਂ ਨਾਲ ਖੜੇਗਾ ਤੇ ਪਿੰਡ ਦਾ ਰਲ-ਮਿਲ ਕੇ ਸਭ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਤੋਂ ਗਰਾਂਟਾਂ ਮਨਜ਼ੂਰ ਕਰਵਾ ਕੇ ਪਿੰਡ ਦੇ ਅਧੂਰੇ ਰਹਿੰਦੇ ਵਿਕਾਸ ਕਾਰਜ ਤੇ ਹੋਰ ਨਵੇਂ ਪ੍ਰੋਜੈਕਟ ਪਿੰਡ ਵਿੱਚ ਲਾਉਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁਲਬੀਰ ਸਿੰਘ, ਬਲਜੀਤ ਸਿੰਘ, ਅੰਗਰੇਜ ਸਿੰਘ, ਪਰਮਿੰਦਰ ਸਿੰਘ ਪਿੰਦਾ ਦੇ ਇਲਾਵਾ ਵੱਡੀ ਗਿਣਤੀ ਵਿੱਚ ਆਪ ਆਗੂ ਤੇ ਵਰਕਰ ਸਮੇਤ ਪਿੰਡ ਦੇ ਮੋਹਤਬਰ ਵਿਅਕਤੀ ਹਾਜ਼ਰ ਸਨ।



25-Oct-PAGE-8.qxd 10/24/2024 10:38 PM Page 1



# ਪੰਚਾਇਤੀ ਰਾਜ ਇਕਾਈਆਂ ਬਾਰੇ ਕਮੇਟੀ ਨੇ ਸੁਲਤਾਨਪੁਰ ਤੇ ਸੀਚੇਵਾਲ ਦਾ ਕੀਤਾ ਦੌਰਾ



**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)** ਪੰਜਾਬ ਵਿਧਾਨ ਸਭਾ ਦੀ ਪੰਚਾਇਤੀ ਰਾਜ ਇਕਾਈਆਂ ਬਾਰੇ ਕਮੇਟੀ ਨੇ ਸੁਲਤਾਨਪੁਰ ਲੋਧੀ ਅਤੇ ਪਿੰਡ ਸੀਚੇਵਾਲ ਦਾ ਦੌਰਾ ਕੀਤਾ।ਕਮੇਟੀ ਦੇ ਚੇਅਰਮੈਨ ਪ੍ਰਿੰਸੀਪਲ ਬੁੱਧ ਰਾਮ ਦੀ ਅਗਵਾਈ ਹੇਠ ਆਈ ਇਸ ਕਮੇਟੀ ਵਿੱਚ ਅਧਿਕਾਰੀਆਂ ਸਮੇਤ ਵਿਧਾਨ ਸਭਾ ਸਕੱਤਰੇਤ ਦੇ ਮੈਂਬਰ ਵੀ ਹਾਜ਼ਰ ਸਨ।ਇਹ ਕਮੇਟੀ ਪਵਿੱਤਰ ਕਾਲੀ ਵੇਈਂ ਦੀ ਸਫਾਈ ਅਤੇ ਪਿੰਡ ਸੀਚੇਵਾਲ ਦੇ ਛੱਪੜਾਂ ਦੇ ਨਵੀਨੀਕਰਨ ਬਾਰੇ ਨਿਰੀਖਣ ਕਰਨ ਲਈ ਉਚੇਚੇ ਤੌਰ 'ਤੇ ਆਈ ਸੀ।ਕਮੇਟੀ ਮੈਂਬਰਾਂ ਦਾ ਗੁਰਦੁਆਰਾ ਗੁਰਪ੍ਰਕਾਸ਼ ਸਾਹਿਬ ਵਿੱਚ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਮੇਟੀ ਨੂੰ ਜਾਣੂ ਕਰਵਾਇਆ ਕਿ ਕਿਵੇਂ ਉਨ੍ਹਾਂ ਨੇ ਸੰਗਤਾਂ ਦੇ ਸਹਿਯੋਗ ਨਾਲ 165 ਕਿਲੋਮੀਟਰ ਲੰਬੀ ਬਾਬੇ ਨਾਨਕ ਦੀ ਚਰਨਛੋਹ ਪ੍ਰਾਪਤ ਪਵਿੱਤਰ ਵੇਈਂ ਨੂੰ 24 ਸਾਲਾਂ ਦੇ ਅਰਸੇ ਦੌਰਾਨ ਕਿਵੇਂ ਸਾਫ ਕੀਤਾ ਤੇ ਹੁਣ ਇਹ ਦੇਸ਼ ਦੀ ਪਹਿਲੀ ਨਦੀ ਬਣ ਗਈ ਹੈ।ਜਿਸ ਦਾ ਪਾਣੀ ਪੀਤਾ ਜਾ ਸਕਦਾ ਹੈ।ਸੰਤ ਸੀਚੇਵਾਲ ਨੇ ਸੀਚੇਵਾਲ ਮਾਡਲ ਵਿੱਚ ਆਈਆਂ ਤਬਦੀਲੀਆਂ ਬਾਰੇ ਵੀ ਕਮੇਟੀ ਮੈਂਬਰਾਂ ਨੂੰ ਜਾਣੂ ਕਰਵਾਇਆ। ਉਨ੍ਹਾਂ ਨੇ ਕਮੇਟੀ ਮੈਂਬਰਾਂ ਨੂੰ ਪਿੰਡ ਡੱਲਾ ਸਾਹਿਬ, ਤਲਵੰਡੀ ਮਾਧੋ ਅਤੇ ਪਿੰਡ ਸੀਚੇਵਾਲ ਵਿਖੇ ਬਣੇ ਸੀਚੇਵਾਲ ਮਾਡਲ ਦਿਖਾਏ। ਇਸ ਮੌਕੇ ਸੰਤ ਸੀਚੇਵਾਲ ਵੱਲੋਂ ਕਮੇਟੀ ਮੈਂਬਰਾਂ ਨੂੰ ਪਿੰਡ ਸੀਚੇਵਾਲ ਵਿਖੇ ਚਲਾਈਆਂ ਜਾ ਰਹੀਆਂ ਨਰਸਰੀਆਂ ਦਾ ਵੀ ਦੌਰਾ ਕਰਵਾਇਆ ਗਿਆ। ਜਿੱਥੋਂ ਹਰ ਸਾਲ 1 ਲੱਖ ਦੇ ਕਰੀਬ ਬੂਟੇ ਸੰਗਤਾਂ ਨੂੰ ਮੁਫਤ ਵਿੱਚ ਦਿੱਤੇ ਜਾਂਦੇ ਹਨ। ਇਸ ਦੌਰਾਨ ਸੰਤ ਸੁਖਜੀਤ ਸਿੰਘ, ਸੁਲਤਾਨਪੁਰ ਲੋਧੀ ਤੋਂ ਐਸ.ਡੀ.ਐਮ ਅਪਰਨਾ ਐਮ.ਬੀ, ਸੁਰਜੀਤ ਸਿੰਘ ਸ਼ੰਟੀ, ਪ੍ਰਿੰਸੀਪਲ ਕੁਲਵਿੰਦਰ ਸਿੰਘ, ਅਮਰੀਕ ਸਿੰਘ ਸੰਧੂ, ਅੰਮ੍ਰਿਤਪਾਲ ਸਿੰਘ, ਕਰਮਜੀਤ ਸਿੰਘ, ਜਗਜੀਤ ਸਿੰਘ, ਦਇਆ ਸਿੰਘ, ਹਰਵਿੰਦਰ ਸਿੰਘ ਅਤੇ ਹੋਰ ਪ੍ਰਸ਼ਾਸ਼ਨਿਕ ਅਧਿਕਾਰੀ ਮੌਕੇ 'ਤੇ ਮੌਜੂਦ ਰਹੇ।

# ਕੇਂਦਰ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਤੇ ਆੜ੍ਹਤੀਆਂ ਨੂੰ ਤੰਗ ਕਰਨ ਲਈ ਧੀਮੀ ਰਫਤਾਰ ਨਾਲ ਲਿਫਟਿੰਗ ਕੀਤੀ : ਆਪ

**ਚੰਡੀਗੜ੍ਹ, (ਗੁਰਜੀਤ ਬਿੱਲਾ)** ਕੇਂਦਰ ਸਰਕਾਰ ਨਾਲ ਸ਼ੈਲਰ ਮਾਲਕਾਂ ਦੀ ਮੀਟਿੰਗ 'ਤੇ ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਆਪਣੀ ਪ੍ਰਤੀਕਿਰਿਆ ਦਿੱਤੀ ਹੈ। ਪਾਰਟੀ ਨੇ ਕਿਹਾ ਕਿ ਕੇਂਦਰ ਸਾਰੀ ਸਮੱਸਿਆ ਤੋਂ ਜਾਣੂ ਸੀ, ਫਿਰ ਇੰਨੀ ਦੇਰੀ ਕਿਉਂ ਕੀਤੀ ਗਈ? ਕਿਸਾਨਾਂ ਅਤੇ ਆੜ੍ਹਤੀਆਂ ਨੂੰ ਇੰਨੇ ਦਿਨ ਕਿਉਂ ਤੰਗ ਕੀਤਾ ਗਿਆ? 'ਆਪ' ਆਗੂ ਪਵਨ ਕੁਮਾਰ ਟੀਨੂੰ ਨੇ ਕਿਹਾ ਕਿ ਆੜ੍ਹਤੀ-ਕਿਸਾਨ ਲਗਾਤਾਰ ਵਿਰੋਧ ਕਰ ਰਹੇ ਹਨ। ਉਨ੍ਹਾਂ ਦੀਆਂ ਫ਼ਸਲਾਂ ਖ਼ਰਾਬ ਹੋ ਰਹੀਆਂ ਹਨ ਪਰ ਕੇਂਦਰ ਸਰਕਾਰ ਕੁਝ ਨਹੀਂ ਕਰ ਰਹੀ। ਕੇਂਦਰ ਸਰਕਾਰ ਇੰਨੇ ਦਿਨਾਂ ਬਾਅਦ ਕੁੰਭਕਰਨ ਦੀ ਨੀਂਦ ਤੋਂ ਜਾਗੀ ਅਤੇ ਫਿਰ ਉਨ੍ਹਾਂ ਨੂੰ ਮੀਟਿੰਗ ਲਈ ਬੁਲਾਇਆ।ਇਹ ਵੀ ਭਾਜਪਾ ਦਾ ਦਿਖਾਵਾ ਹੈ।ਉਨ੍ਹਾਂ ਕਿਹਾ ਕਿ ਭਾਜਪਾ ਦੀ ਪੰਜਾਬ ਪ੍ਰਤੀ ਜ਼ਹਿਰੀਲੀ ਸੋਚ ਅਤੇ ਕਿਸਾਨਾਂ ਪ੍ਰਤੀ ਬਦਲੇ ਦੀ ਭਾਵਨਾ ਕਾਰਨ ਅੱਜ ਅਜਿਹੀ ਸਥਿਤੀ ਪੈਦਾ ਹੋਈ ਹੈ।ਭਾਜਪਾ ਕਿਸਾਨ ਅੰਦੋਲਨ ਦਾ ਬਦਲਾ ਪੰਜਾਬ ਦੇ ਕਿਸਾਨਾਂ ਤੋਂ ਲੈਣਾ ਚਾਹੁੰਦੀ ਹੈ।'ਆਪ' ਦੇ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਪੰਜ ਸਾਲ ਪਹਿਲਾਂ ਆੜ੍ਹਤੀਆਂ ਨੂੰ ਘੱਟੋ-ਘੱਟ ਸਮਰਥਨ ਮੁੱਲ ਦਾ ਢਾਈ ਫੀਸਦੀ ਮਿਲਦਾ ਸੀ, ਜਿਸ ਨੂੰ ਕੇਂਦਰ ਸਰਕਾਰ ਨੇ ਘਟਾ ਕੇ ਅੱਜ ਸਿਰਫ਼ 45 ਰੁਪਏ ਕਰ ਦਿੱਤਾ ਹੈ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪਹਿਲਾਂ ਸ਼ੈਲਰ ਮਾਲਕਾਂ ਦੀ ਸਭ ਤੋਂ ਵੱਡੀ ਮੰਗ ਪੂਰੀ ਕਰੇ ਕਿ ਐਫਸੀਆਈ ਦੇ ਗੁਦਾਮਾਂ ਵਿੱਚ ਪਏ ਪੁਰਾਣੇ ਚੌਲਾਂ ਨੂੰ ਜਲਦੀ ਖਾਲੀ ਕਰਵਾਇਆ ਜਾਵੇ।ਸ਼ੈਲਰ ਮਾਲਕਾਂ ਕੋਲ ਇਸ ਸਮੱਸਿਆ ਦੇ ਹੱਲ ਲਈ ਵਿਕਲਪ ਵੀ ਹਨ, ਉਸ 'ਤੇ ਵੀ ਵਿਚਾਰ ਕੀਤਾ ਜਾਣਾ ਚਾਹੀਦਾ ਹੈ।ਗਰਗ ਨੇ ਕਿਹਾ ਕਿ ਮੁੱਖ ਸਮੱਸਿਆ ਇਹ ਹੈ ਕਿ ਐਫ ਸੀ ਆਈ ਸ਼ੈਲਰ ਮਾਲਕਾਂ ਤੋਂ ਫਸਲ ਦੀ ਖਰੀਦ ਨਹੀਂ ਕਰ ਪਾ ਰਹੀ ਹੈ ਕਿਉਂਕਿ ਹੁਣ ਤੱਕ ਮੰਡੀਆਂ ਵਿਚ ਆਈ 90 ਫੀਸਦੀ ਫਸਲ ਦੀ ਲਿਫਟਿੰਗ ਹੋ ਚੁੱਕੀ ਹੈ ਅਤੇ ਇਸ ਦੇ ਪੈਸੇ ਵੀ ਕਿਸਾਨਾਂ ਦੇ ਖਾਤਿਆਂ ਵਿਚ ਜਮ੍ਹਾ ਹੋ ਚੁੱਕੇ ਹਨ।ਪਰ ਮੁੱਦਾ ਇਹ ਹੈ ਕਿ ਖਰੀਦੀ ਹੋਈ ਫਸਲ ਨੂੰ ਕਿੱਥੇ ਰਖਿਆ ਜਾਵੇ? ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਸ਼ੈਲਰ ਮਾਲਕਾਂ ਨਾਲ ਅੱਜ ਰੱਖੀ ਗਈ ਮੀਟਿੰਗ ਪਹਿਲਾਂ ਵੀ ਹੋ ਸਕਦੀ ਸੀ ਪਰ ਭਾਜਪਾ ਦਾ ਮਕਸਦ ਪੰਜਾਬ ਦੇ ਕਿਸਾਨਾਂ ਅਤੇ ਕਮਿਸ਼ਨ ਏਜੰਟਾਂ ਨੂੰ ਪ੍ਰੇਸ਼ਾਨ ਕਰਨਾ ਸੀ, ਇਸ ਲਈ ਅਜਿਹਾ ਜਾਣਬੁੱਝ ਕੇ ਕੀਤਾ ਗਿਆ।'ਆਪ' ਦੇ ਬੁਲਾਰੇ ਬਿਕਰਮਜੀਤ ਪਾਸੀ ਨੇ ਕਿਹਾ ਕਿ ਇਹ ਸਾਰਾ ਮਾਮਲਾ ਕੇਂਦਰ ਨਾਲ ਸਬੰਧਤ ਹੈ ਅਤੇ ਕੇਂਦਰ ਨੇ ਜਾਣਬੁੱਝ ਕੇ ਇਹ ਸਮੱਸਿਆ ਪੈਦਾ ਕੀਤੀ ਹੈ। ਇਹ ਭਾਜਪਾ ਦੀ ਪੰਜਾਬ ਦੀ ਕਿਸਾਨੀ ਨੂੰ ਤਬਾਹ ਕਰਨ ਦੀ ਵੱਡੀ ਸਾਜਿਸ਼ ਹੈ 'ਆਪ' ਆਗੂ ਨੇ ਕਿਹਾ ਕਿ ਕੇਂਦਰ ਨੇ ਸੀਸੀਐਲ ਜਾਰੀ ਕਰ ਦਿੱਤਾ ਹੈ ਪਰ ਅਜੇ ਤੱਕ ਅਨਾਜ ਸਟੋਰ ਕਰਨ ਲਈ ਜਗ੍ਹਾ ਖਾਲੀ ਨਹੀਂ ਕੀਤੀ ਗਈ।ਲਿਫਟਿੰਗ ਜਾਣਬੁੱਝ ਕੇ ਹੌਲੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਇਸ ਸਮੱਸਿਆ ਦੇ ਹੱਲ ਲਈ ਆਪਣਾ ਪੂਰਾ ਸਹਿਯੋਗ ਦਿੱਤਾ ਹੈ। ਸੂਬਾ ਸਰਕਾਰ ਨੇ ਆਪਣੇ ਕਈ ਖਰਚੇ ਘਟਾ ਦਿੱਤੇ ਹਨ।ਚੌਲ ਮਿੱਲਾਂ ਦੇ ਲਾਭ ਲਈ ਉਨ੍ਹਾਂ ਨੂੰ ਮਿਲਣ ਵਾਲੀ ਰਾਸ਼ੀ 1.94 ਰੁਪਏ ਤੋਂ ਵਧਾ ਕੇ 2.32 ਰੁਪਏ ਕਰ ਦਿੱਤੀ ਗਈ ਹੈ। ਹੁਣ ਜੋ ਵੀ ਬਦਲਾਅ ਕਰਨੇ ਹਨ, ਉਹ ਕੇਂਦਰ ਸਰਕਾਰ ਨੂੰ ਕਰਨੇ ਹਨ, ਪਰ ਇਸ ਵਿੱਚ ਜਾਣਬੁੱਝ ਕੇ ਦੇਰੀ ਕੀਤੀ ਜਾ ਰਹੀ ਹੈ ਤਾਂ ਜੋ ਪੰਜਾਬ ਦੇ ਕਿਸਾਨ ਅਤੇ ਆੜ੍ਹਤੀ ਪ੍ਰੇਸ਼ਾਨ ਹੋ ਜਾਣ। ਉਨ੍ਹਾਂ ਕਿਹਾ ਕਿ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੂੰ ਆਪਣੇ ਹੀ ਆਗੂ ਸੁਨੀਲ ਜਾਖੜ ਦੀਆਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਪੰਜਾਬ ਪ੍ਰਤੀ ਆਪਣਾ ਰਵੱਈਆ ਬਦਲਣਾ ਚਾਹੀਦਾ ਹੈ ਅਤੇ ਮਤਰੇਈ ਮਾਂ ਵਾਲਾ ਵਤੀਰਾ ਬੰਦ ਕਰਨਾ ਚਾਹੀਦਾ ਹੈ।

# ਸੇਂਟ ਸੋਲਜਰ ਗਰੁੱਪ ਦੇ ਅੰਤਰ-ਸਕੂਲ ਖੇਡ ਮੁਕਾਬਲੇ ਸ਼ੁਰੂ



**ਜਲੰਧਰ (ਇਕਬਾਲ ਸਿੰਘ ਉਭੀ)** ਸੇਂਟ ਸੋਲਜਰ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਕਾਲਜ ਕੈਂਪਸ ਵਿਚ ਸਥਿਤ ਸਪੋਰਟਸ ਕੰਪਲੈਕਸ ਵਿਖੇ ਅੰਤਰ-ਸਕੂਲ ਖੇਡ ਮੁਕਾਬਲੇ ਹੋਏ ਸ਼ੁਰੂ। ਇਸ ਦਾ ਉਦਘਾਟਨ ਗਰੁੱਪ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ, ਅੰਤਰਰਾਸ਼ਟਰੀ ਐਥਲੀਟ ਕੁੰਵਰ ਅਜੈ ਰਾਜ ਸਿੰਘ ਰਾਣਾ ਅਤੇ ਸਮੂਹ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲਾਂ ਨੇ ਹਵਾ ਵਿੱਚ ਗੁਬਾਰੇ ਛੱਡ ਕੇ ਅਤੇ ਵਿਦਿਆਰਥੀਆਂ ਵੱਲੋਂ ਮਸ਼ਾਲ ਜਗਾ ਕੇ ਕੀਤਾ ਗਿਆ।ਮੁਕਾਬਲਿਆਂ ਦੇ ਪਹਿਲੇ ਦਿਨ ਕੁੱਲ 20 ਟੀਮਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚ ਬਾਸਕਟਬਾਲ, ਵਾਲੀਬਾਲ, ਖੋ-ਖੋ, ਬੈਡਮਿੰਟਨ ਆਦਿ ਖੇਡਾਂ ਸ਼ਾਮਲ ਸਨ। ਇਸ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਪ੍ਰੇਰਨਾਤਮਕ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ, ਜਿਸ ਵਿੱਚ ਵਿਦਿਆਰਥੀਆਂ ਵੱਲੋਂ ਸਕੇਟਿੰਗ, ਜਿਮਨਾਸਟਿਕ ਅਤੇ ਵੱਖ-ਵੱਖ ਤਰ੍ਹਾਂ ਦੀਆਂ ਖੇਡਾਂ ਦੀਆਂ ਗਤੀਵਿਧੀਆਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਗਰੁੱਪ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਸਾਰੇ ਵਿਦਿਆਰਥੀਆਂ ਨੂੰ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਭਾਗ ਲੈਣ ਲਈ ਪ੍ਰੇਰਿਤ ਕੀਤਾ।

## 'ਸਮਾਧਾਨ ਸ਼ਿਵਰ' 'ਚ ਸਮੱਸਿਆਵਾਂ ਦਾ ਕੀਤਾ ਹੱਲ

**ਚੰਡੀਗੜ੍ਹ, (ਕ੍ਰਿਸ਼ਨ ਗਰਗ )** ਸੂਬੇ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਦੇ ਆਦੇਸ਼ਾਂ 'ਤੇ ਜਨਤਾ ਦੀਆਂ ਸਮੱਸਿਆਵਾਂ ਦੇ ਹੱਲ ਲਈ ਸ਼ੁਰੂ ਕੀਤੇ ਗਏ ਸਮਾਧਾਨ ਸ਼ਿਵਰ ਵਿਚ ਦੂਜੇ ਦਿਨ ਵੀ ਵੱਡੀ ਗਿਣਤੀ ਵਿਚ ਲੋਕਾਂ ਨੂੰ ਲਾਭ ਮਿਲਿਆ।ਸਥਾਨਕ ਨਿਗਮਾਂ ਦੇ ਅਧਿਕਾਰੀ ਸਵੇਰੇ 9 ਤੋਂ 11 ਵਜੇ ਤਕ ਸਮਾਧਾਨ ਸ਼ਿਵਰ ਵਿਚ ਜਨਤਾ ਦੀ ਸਹਾਇਤਾ ਲਈ ਮੌਜੂਦ ਰਹੇ।ਇਸ ਦੌਰਾਨ ਸਿਰਫ ਕੁੱਝ ਮਿੰਟਾਂ ਵਿਚ ਲਾਭ ਮਿਲੇ ਲੋਕ ਆਪਣੇ ਮੂੰਹ ਤੋਂ ਸਰਕਾਰ ਦੀ ਇਸ ਪਹਿਲ ਦੀ ਸ਼ਲਾਘਾ ਕਰ ਰਹੇ ਹਨ, ਉੱਥੇ ਅਧਿਕਾਰੀਆਂ ਤੇ ਆਮ ਜਨਤਾ ਦੇ ਵਿਚ ਦੀ ਦੂਰੀ ਵੀ ਘੱਟ ਹੋ ਰਹੀ ਹੈ।ਸੂਬੇ ਦੇ 22 ਜ਼ਿਲ੍ਹਿਆਂ ਵਿਚ ਦੂਜੇ ਦਿਨ 573 ਲੋਕ ਆਪਣੀ -ਆਪਣੀ ਸਮੱਸਿਆ ਲੈ ਕੇ ਸਮਾਧਾਨ ਸ਼ਿਵਰ ਪਹੁੰਚੇ। ਇਨ੍ਹਾਂ ਵਿੱਚੋਂ 161 ਸਮੱਸਿਆਵਾਂ ਦਾ ਮੌਕੇ 'ਤੇ ਹੀ ਹੱਲ ਕਰ ਦਿਤਾ ਗਿਆ।ਹੋਰ ਸਮਸਿਆਵਾਂ ਦੇ ਹੱਲ ਈ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਵੀ ਨਿਰਦੇਸ਼ ਜਾਰੀ ਕੀਤੇ ਗਏ।ਕੁਝ ਹੋਰ ਸ਼ਿਕਾਇਤਾਂ ਦੇ ਲਈ ਸਮਾਂ ਨਿਰਧਾਰਿਤ ਕਰ ਕੇ ਸ਼ਿਕਾਇਤ ਕਰਤਾਵਾਂ ਨੂੰ ਜਾਣੂੰ ਕਰਵਾਇਆ ਗਿਆ ।ਜਿਆਦਾਤਰ ਸ਼ਿਕਾਇਤਾਂ ਦਾ ਮੌਕੇ 'ਤੇ ਹੱਲ ਕੀਤਾ ਗਿਆ। ਵਰਨਣਯੋਗ ਹੈ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਹਾਲ ਹੀ ਵਿਚ ਅਧਿਕਾਰੀਆਂ ਦੇ ਨਾਲ ਮੀਟਿੰਗ ਕਰ ਸਮਾਧਾਨ ਸ਼ਿਵਰ ਲਾਉਣ ਦੇ ਨਿਰਦੇਸ਼ ਦਿੱਤੇ ਸਨ ਤਾਂ ਜੋ ਨਾਗਰਿਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮਸਿਆ ਦੇ ਹੱਲ ਤਹਿਤ ਦਫਤਰਾਂ ਦੇ ਚੱਕਰ ਨਾ ਕੱਟਣੇ ਪੈਣ।

## ਭਾਰਤੀ ਫੌਜ ਵੱਲੋਂ ਕੈਡਿਟਾਂ ਤੇ ਵਿਦਿਆਰਥੀਆਂ ਲਈ ਹਥਿਆਰਾਂ ਦੀ ਪ੍ਰਦਰਸ਼ਨੀ

**ਜਲੰਧਰ (ਸੁਰਿੰਦਰ ਕੁਮਾਰ)** ਡੀ ਏ ਵੀ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਵਿਖੇ 600 ਐਨ ਸੀ ਸੀ ਕੈਡਿਟਾਂ ਅਤੇ ਵਿਦਿਆਰਥੀਆਂ ਲਈ ਭਾਰਤੀ ਸੈਨਾ ਵੱਲੋਂ ਆਧੁਨਿਕ ਪੈਦਲ ਹਥਿਆਰਾਂ ਦੀ ਪ੍ਰਦਰਸ਼ਨੀ ਲਗਾਈ ਗਈ।ਕੈਡਿਟਾਂ ਦਾ ਮਨੋਬਲ ਵਧਾਉਣ ਲਈ ਮੇਜਰ ਜਨਰਲ ਅਤੁਲ ਭਦੌਰੀਆ, ਵਿਸ਼ਿਸ਼ਟ ਸੇਵਾ ਮੈਡਲ, ਵਜਰਾ ਕੋਰ, ਬ੍ਰਿਗੇਡੀਅਰ ਅਜੇ ਤਿਵਾੜੀ, ਸੈਨਾ ਮੈਡਲ, ਗਰੁੱਪ ਕਮਾਂਡਰ, ਐਨ.ਸੀ.ਸੀ. ਜਲੰਧਰ ਅਤੇ ਗਰੁੱਪ ਦੇ ਹੋਰ ਕਮਾਂਡਿੰਗ ਅਫਸਰ ਅਤੇ ਪੈਦਲ ਫੌਜ ਦੇ ਅਧਿਕਾਰੀ ਵੀ ਮੌਜੂਦ ਸਨ।ਜਨਰਲ ਅਤੁਲ ਭਦੌਰੀਆ ਨੇ ਵੀ ਕੈਡਿਟਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੇ ਵਿਚਾਰ ਜਾਣੇ। ਉਨ੍ਹਾਂ ਕੈਡਿਟਾਂ ਨੂੰ ਭਾਰਤੀ ਹਥਿਆਰਬੰਦ ਸੈਨਾਵਾਂ ਵਿੱਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ।ਪ੍ਰੋਗਰਾਮ ਦੀ ਸ਼ੁਰੂਆਤ ਕੈਡਿਟਾਂ ਵੱਲੋਂ ਜਨਰਲ ਅਤੁਲ ਭਦੌਰੀਆ ਨੂੰ ਸਲਾਮੀ ਦੇ ਕੇ ਗਾਰਡ ਆਫ਼ ਆਨਰ ਨਾਲ ਕੀਤੀ ਗਈ। ਇਨਫੈਂਟਰੀ ਬਟਾਲੀਅਨ ਵੱਲੋਂ ਆਧੁਨਿਕ ਹਥਿਆਰਾਂ ਦਾ ਨਿਰੀਖਣ ਕੀਤਾ ਗਿਆ ਅਤੇ ਕੈਡਿਟਾਂ ਨਾਲ ਗੱਲਬਾਤ ਕੀਤੀ ਗਈ।ਬ੍ਰਿਗੇਡੀਅਰ ਅਜੇ ਤਿਵਾੜੀ, ਐਨ.ਸੀ.ਸੀ ਗਰੁੱਪ ਕਮਾਂਡਰ ਜਲੰਧਰ ਨੇ ਸਾਂਝੇ ਸਾਲਾਨਾ ਸਿਖਲਾਈ ਕੈਂਪ ਸਬੰਧੀ ਕੈਡਿਟਾਂ ਵੱਲੋਂ ਤਿਆਰ ਕੀਤੀ ਗਈ ਬ੍ਰੀਫਿੰਗ ਸੁਣੀ। ਕੈਡਿਟਾਂ ਨੇ ਐਨ.ਸੀ.ਸੀ ਕੈਂਪ ਦੇ ਲੇ-ਆਉਟ, ਟ੍ਰੇਨਿੰਗ, ਕੇਟਰਿੰਗ, ਸਹੂਲਤਾਂ ਅਤੇ ਸੁਰੱਖਿਆ ਬਾਰੇ ਜਾਣਕਾਰੀ ਦਿੱਤੀ ਗਈ।ਸਮਾਗਮ ਦੀ ਸਮਾਪਤੀ ਚਾਹ ਅਤੇ 600 ਕੈਡਿਟਾਂ ਨਾਲ ਗੱਲਬਾਤ ਨਾਲ ਹੋਈ।

## ਸਿਹਤ ਮੰਤਰੀ ਨੇ ਕੀਤੀ ਜੇ ਪੀ ਨੱਡਾ ਨਾਲ ਮੁਲਾਕਾਤ

ਚੰਡੀਗੜ੍ਹ, (ਕ੍ਰਿਸ਼ਨ ਗਰਗ) ਹਰਿਆਣਾ ਦੀ ਸਿਹਤ ਅਤੇ ਪਰਵਾਰ ਭਲਾਈ ਮੰਤਰੀ ਆਰਤੀ ਸਿੰਘ ਰਾਓ ਨੇ ਕੇਂਦਰੀ ਸਿਹਤ ਮੰਤਰੀ ਜਗਤ ਪ੍ਰਕਾਸ਼ ਨੱਡਾ ਨਾਲ ਮੁਲਾਕਾਤ ਕਰ ਸੂਬੇ ਵਿਚ ਸਿਹਤ ਨਾਲ ਜੁੜੇ ਵੱਖ-ਵੱਖ ਪ੍ਰੋਜੈਕਟਾਂ ਨੂੰ ਲੈ ਕੇ ਚਰਚਾ ਕੀਤੀ ਅਤੇ ਮਾਰਗਦਰਸ਼ਨ ਪ੍ਰਾਪਤ ਕੀਤਾ। ਨਾਲ ਹੀ ਰਾਜ ਦੇ ਵੱਖ-ਵੱਖ ਜਿਲ੍ਹਿਆਂ ਵਿਚ ਨਿਰਮਾਣਧੀਨ ਮੈਡੀਕਲ ਕਾਲਜ ਅਤੇ ਸਿਵਲ ਹਸਲਤਾਲਾਂ ਦੀ ਪ੍ਰਗਤੀ 'ਤੇ ਵੀ ਗਲਬਾਤ ਹੋਈ।ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਆਮਜਨਤਾ ਨੂੰ ਸਹਿਜ ਅਤੇ ਗੁਣਵੱਤਾਪੂਰਨ ਤੇ ਆਧੁਨਿਕ ਸਿਹਤ ਸੇਵਾਵਾਂ ਉਪਲਬਧ ਕਰਵਾਉਣਾ ਉਨ੍ਹਾਂ ਦੀ ਪ੍ਰਾਥਮਿਕਤਾ ਰਹੇਗੀ। ਹਰਿਆਣਾ ਵਿਚ ਚੱਲ ਰਹੀ ਸਿਹਤ ਪਰਿਯੋਜਨਾਵਾਂ ਦਾ ਉਦੇਸ਼ਸ਼ਗੁਣਵੱਤਾਪੂਰਨ ਸਿਹਤ ਸੇਵਾਵਾਂ ਉਪਲਬਧ ਕਰਾਉਣਾ ਹੈ।ਹਰਿਆਣਾ ਸਰਕਾਰ ਸਿਹਤ ਸੇਵਾਵਾਂ ਅਤੇ ਇੰਫ੍ਰਾਸਕਚਰ ਨੂੰ ਹੋਰ ਵੱਧ ਮਜਬੂਤ ਕਰਨ ਲਈ ਲਗਾਤਾਰ ਯਤਨਸ਼ਸ਼ਲ ਹੈ। ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਹਰਿਆਣਾ ਵਿਚ ਚਾਲੂ ਖਰੀਫ ਮਾਰਕਟਿੰਗ ਸੀਜਨ ਦੌਰਾਨ ਮੰਡੀਆਂ ਵਿਚ ਝੋਨਾ ਤੇ ਬਾਜਰੇ ਦੀ ਖਰੀਦ ਸੁਗਮਤਾ ਨਾਲ ਜਾਰੀ ਹੈ। ਸਰਕਾਰ ਵੱਲੋਂ ਫਸਲ ਖਰੀਦ ਲਈ ਕਿਸਾਨਾਂ ਨੂੰ ਸਮੇਂ ਤੇ ਭੁਗਤਾਨ ਕੀਤਾ ਜਾ ਰਿਹਾ ਹੈ। ਕਿਸਾਨਾਂ ਦੀ ਫਸਲਾਂ ਦੀ ਰਕਮ ਸਿੱਧਾ ਉਨ੍ਹਾਂ ਦੇ ਬੈਂਕ ਖਾਤਿਆਂ ਵਿਚ ਟ੍ਰਾਂਸਫਰ ਕੀਤੀ ਜਾ ਰਹੀ ਹੈ।

# ਪੰਜਾਬੀ ਭਾਸ਼ਾ ਨੂੰ ਪਹਿਲ ਦਿੱਤੀ ਜਾਵੇ : ਜਸਪ੍ਰੀਤ ਕੌਰ

**ਕਪੂਰਥਲਾ, (ਬਲਵਿੰਦਰ ਸਿੰਘ ਧਾਲੀਵਾਲ)** ਪੰਜਾਬ ਸਰਕਾਰ ਵਲੋਂ ਰਾਜ ਵਿੱਚ ਸਮੂਹ ਸਰਕਾਰੀ, ਅਰਧ ਸਰਕਾਰੀ ਦਫ਼ਤਰਾਂ, ਵਿਭਾਗਾਂ, ਅਦਾਰਿਆਂ, ਸੰਸਥਾਵਾਂ, ਵਿੱਦਿਅਕ ਅਦਾਰਿਆਂ, ਬੋਰਡਾਂ, ਨਿਗਮਾਂ, ਗ਼ੈਰ ਸਰਕਾਰੀ ਸੰਸਥਾਵਾਂ,/ਪਬਲਿਕ ਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਆਦਿ ਦੇ ਨਾਮ ਅਤੇ ਸੜਕਾਂ,ਪੱਟੀਆਂ, ਮੀਲ ਪੱਥਰ ਅਤੇ ਸਾਈਨ ਬੋਰਡ ਲਿਖਣ ਸਮੇਂ ਸਭ ਤੋਂ ਪਹਿਲਾਂ ਉੱਪਰਲੇ ਪਾਸੇ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਵਿੱਚ ਲਿਖੇ ਜਾਣ ਲਈ ਕਿਹਾ ਗਿਆ ਹੈ।ਇਸ ਸਬੰਧੀ ਜ਼ਿਲ੍ਹਾ ਭਾਸ਼ਾ ਅਫ਼ਸਰ ਜਸਪ੍ਰੀਤ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਕਪੂਰਥਲਾ ਦੇ ਸਮੂਹ ਸਕੂਲਾਂ, ਅਦਾਰਿਆਂ, ਦੁਕਾਨਾਂ, ਦਫ਼ਤਰਾਂ, ਵਿਭਾਗਾਂ, ਨਿਗਮਾਂ ਆਦਿ ਨੂੰ ਇਹ ਹਦਾਇਤ ਕੀਤੀ ਗਈ ਹੈ ਕਿ ਉਹ ਪੰਜਾਬ ਸਰਕਾਰ ਅਤੇ ਭਾਸ਼ਾ ਵਿਭਾਗ ਪੰਜਾਬ ਦੇ ਇਹਨਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਉਂਦੇ ਹੋਏ ਨਾਮ ਪੱਟੀਆਂ ਜਾਂ ਬੋਰਡਾਂ ਉੱਤੇ ਸਭ ਤੋਂ ਉੱਪਰ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਵਿੱਚ ਹੀ ਨਾਮ ਲਿਖਣ।ਪੰਜਾਬ ਸਰਕਾਰ ਜਿੱਥੇ ਪੰਜਾਬ ਸੂਬੇ ਵਿਚਲੇ ਸਰਕਾਰੀ ਅਤੇ ਗ਼ੈਰ ਸਰਕਾਰੀ ਅਦਾਰਿਆਂ ਵਿੱਚ ਦਫ਼ਤਰੀ ਕੰਮਾਂ ਲਈ ਪੰਜਾਬੀ ਭਾਸ਼ਾ ਦੀ ਵਰਤੋਂ ਕਰਨ ਦੀ ਅਪੀਲ ਕਰ ਰਹੀ ਹੈ, ਉੱਥੇ ਨਾਲ ਹੀ ਸਭ ਆਮ ਅਤੇ ਖ਼ਾਸ ਲੋਕਾਂ ਨੂੰ ਇਹ ਹਦਾਇਤ ਵੀ ਦਿੱਤੀ ਜਾਂਦੀ ਹੈ ਕਿ ਨਾਮ ਪੱਟੀਆਂ ਅਤੇ ਸਾਈਨ ਬੋਰਡ ਆਦਿ ਉੱਤੇ ਨਾਮ ਲਿਖਣ ਸਮੇਂ ਪੰਜਾਬੀ ਭਾਸ਼ਾ ਦੀ ਵਰਤੋਂ ਕਰਨੀ ਯਕੀਨੀ ਬਣਾਈ ਜਾਵੇ।

# ਵਿਦਿਆਰਥੀ ਵੀ ਬਣਨ ਨੇਤਰਦਾਨ ਵਰਗੇ ਪੁੰਨ ਦੇ ਕੰਮਾਂ 'ਚ ਹਿੱਸੇਦਾਰ : ਸੰਜੀਵ ਅਰੋੜਾ



**ਹੁਸ਼ਿਆਰਪੁਰ,, (ਬਲਵੀਰ ਸਿੰਘ ਸੈਣੀ)** ਰੋਟਰੀ ਆਈ ਬੈਂਕ ਅਤੇ ਕੋਰਨੀਆਂ ਟ੍ਰਾਂਸਪਲਾਂਟੇਸ਼ਨ ਸੁਸਾਇਟੀ ਵੱਲੋਂ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਦੀ ਅਗਵਾਈ ਵਿੱਚ ਸ਼ਹਿਰ ਦੇ ਵੱਖ-ਵੱਖ ਕਾਲਜਾਂ ਅੰਦਰ ਆਰਗਨ ਡੋਨੇਸ਼ਨ ਦੇ ਸਬੰਧ ਵਿੱਚ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਹਿਤ ਲੈਕਸ ਬੋਰਡ ਲਗਾਏ ਜਾ ਰਹੇ ਹਨ। ਇਸ ਕੜੀ ਦੇ ਤਹਿਤ ਸਨਾਤਨ ਧਰਮ ਕਾਲਜ ਫਗਵਾੜਾ ਰੋਡ 'ਤੇ ਵੀ ਜਾਗਰੂਕਤਾ ਫਲੈਕਸ ਬੋਰਡ ਲਗਾਇਆ ਗਿਆ।ਇਸ ਮੌਕੇ 'ਤੇ ਕਾਲਜ ਪ੍ਰਿੰਸੀਪਲ ਮੈਡਮ ਸਵਿਤਾ ਗੁਪਤਾ ਏਰੀ ਅਤੇ ਸੁਸਾਇਟੀ ਦੇ ਚੇਅਰਮੈਨ ਸ਼੍ਰੀ ਜੇ.ਬੀ. ਬਹਿਲ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਇਸ ਮੌਕੇ ਪ੍ਰਧਾਨ ਸੰਜੀਵ ਅਰੋੜਾ ਅਤੇ ਜੇਬੀ ਬਹਿਲ ਨੇ ਵਿਦਿਆਰਥੀਆਂ ਨੂੰ ਸਬੋਧਿਤ ਕਰਦੇ ਹੋਏ ਕਿਹਾ ਕਿ ਨਵੇਂ ਬਣੇ ਕਾਨੂੰਨ ਦੇ ਅਨੁਸਾਰ ਡ੍ਰਾਈਵਿੰਗ ਲਾਈਸੈਂਸ ਅਪਲਾਈ ਕਰਦੇ ਅਤੇ ਰੀਨਿਊ ਕਰਦੇ ਸਮੇਂ ਫਾਰਮ ਵਿੱਚ ਜੋ ਆਰਗਨ ਡੋਨੇਸ਼ਨ ਸਬੰਧੀ ਕਾਲਮ ਜੋੜਿਆ ਗਿਆ ਹੈ ਉਸ ਨੂੰ ਜ਼ਰੂਰ ਭਰਨ ਅਤੇ ਆਪਣੀ ਸਹਿਮਤੀ "ਹਾਂ" ਵਿੱਚ ਭਰਨ।ਸ਼੍ਰੀ ਅਰੋੜਾ ਨੇ ਵਿਦਿਆਰਥੀਆਂ ਅਤੇ ਸਟਾਫ ਨੂੰ ਅਪੀਲ ਕੀਤੀ ਕਿ ਉਹ ਵੀ ਨੇਤਰਦਾਨ ਦੇ ਸਬੰਧ ਵਿੱਚ ਆਪਣੇ ਪੱਧਰ 'ਤੇ ਲੋਕਾਂ ਨੂੰ ਜਾਗਰੂਕ ਕਰਨ। ਸ਼੍ਰੀ ਅਰੋੜਾ ਨੇ ਦੱਸਿਆ ਕਿ ਸੁਸਾਇਟੀ ਦੁਆਰਾ ਹੁਣ ਤੱਕ 4100 ਤੋਂ ਵੱਧ ਲੋਕਾਂ ਨੂੰ ਰੋਸ਼ਨੀ ਪ੍ਰਦਾਨ ਕੀਤੀ ਚੁੱਕੀ ਹੈ ਅਤੇ 24 ਸਰੀਰ ਵਿਭਿੰਨ ਮੈਡੀਕਲ ਕਾਲਜਾਂ ਨੂੰ ਖੋਜ ਲਈ ਭੇਜੇ ਜਾ ਚੁੱਕੇ ਹਨ ਅਤੇ ਹੁਣ ਤੱਕ 179 ਲੋਕਾਂ ਦੁਆਰਾ ਮਰਨ ਤੋਂ ਬਾਅਦ ਸਰੀਰ ਦਾਨ ਕਰਨ ਲਈ ਆਪਣੀ ਰਜਿਸਟ੍ਰੇਸ਼ਨ ਵੀ ਕਰਵਾਈ ਜਾ ਚੁੱਕੀ ਹੈ। ਫਲੈਕਸ ਬੋਰਡ ਲਗਵਾਉਣ ਵਿੱਚ ਸੀਨੀਅਰ ਮੈਂਬਰ ਸ਼੍ਰੀ ਸ਼ਾਖਾ ਬੱਗਾ ਦਾ ਵਿਸ਼ੇਸ਼ ਯੋਗਦਾਨ ਰਿਹਾ ।ਇਸ ਮੌਕੇ ਪ੍ਰਿੰ. ਸਵਿਤਾ ਗੁਪਤਾ ਏਰੀ ਨੇ ਸੁਸਾਇਟੀ ਦੇ ਕੰਮਾਂ ਦੀ ਸ਼ਲਾਘਾ ਕੀਤੀ । ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਆਰਗਨ ਡੋਨੇਸ਼ਨ ਕਰਨ ਲਈ ਆਪਣੇ ਆਲੇ-ਦੁਆਲੇ, ਗੁਆਂਢੀਆਂ ਅਤੇ ਰਿਸ਼ਤੇਦਾਰਾਂ ਨੂੰ ਵੀ ਨੇਤਰਦਾਨ ਦੇ ਪ੍ਰਤੀ ਜਾਗਰੂਕ ਕਰਨ ਅਤੇ ਇਸ ਮੁਹਿੰਮ ਨਾਲ ਜੋੜਨ। ਇਸ ਮੌਕੇ 'ਤੇ ਅਸਿਸਟੈਂਟ ਪ੍ਰੋਫੈਸਰ ਮੋਨਿਕਾ ਕੰਵਰ, ਪ੍ਰਿੰ. ਡੀਕੇ ਸ਼ਰਮਾ, ਮਦਨ ਲਾਲ ਮਹਾਜਨ, ਸ਼ਾਖਾ ਬੱਗਾ, ਰਮਿੰਦਰ ਸਿੰਘ, ਵੀਨਾ ਚੋਪੜਾ, ਜਸਵੀਰ ਕੰਵਰ ਅਤੇ ਹੋਰ ਮੌਜੂਦ ਸਨ।

# ਗੁਰਬਾਣੀ ਦਾ ਕਰਾਇਆ ਜਾਪ



**ਬਲਾਚੌਰ (ਜਸਵਿੰਦਰ ਸਿੰਘ ਬੈਂਸ)** ਤਹਿਸੀਲ ਕੰਪਲੈਕਸ ਬਲਾਚੌਰ ਵਿੱਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਾਉਣ ਉਪਰੰਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਅਤੇ ਇਸ ਉਪਰੰਤ ਰਾਗੀ ਸਿੰਘਾ ਦੇ ਜਥੇ ਵਲੋਂ ਰਸਭਿੰਨਾ ਗੁਰਬਾਣੀ ਕੀਰਤਨ ਕਰਕੇ ਸੰਗਤਾ ਨੂੰ ਗੁਰੂ ਚਰਨਾ ਨਾਲ ਜੋੜਿਆ ਗਿਆ।ਇਸ ਉਪਰੰਤ ਗਰੰਥੀ ਸਿੰਘ ਵਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਅਤੇ ਗੁਰੂ ਕਾ ਅਤੁੱਟ ਲੰਗਰ ਵੀ ਵਰਤਾਇਆ ਗਿਆ । ਇਸ ਮੌਕੇ ਉਪ ਮੰਡਲ ਮੈਜਿਸਟ੍ਰੇਟ ਪ੍ਰੀਤ ਇੰਦਰ ਸਿੰਘ ਬੈਂਸ, ਅਡੀਸ਼ਨਲ ਸਿਵਲ ਜੱਜ (ਸੀਨੀਅਰ ਡਵੀਜ਼ਨ) ਲਵਜਿੰਦਰ ਕੌਰ, ਅਡੀਸ਼ਨਲ ਸਿਵਲ ਜੱਜ (ਜੂਨੀਅਰ ਡਵੀਜ਼ਨ ) ਸਾਹਿਬ ਪਪਨੀਤ ਕੌਰ, ਤਹਿਸੀਲਦਾਰ ਰਵਿੰਦਰ ਸਿੰਘ, ਐਡਵੋਕੇਟ ਅਵਤਾਰ ਸਿੰਘ ਮਾਨ, ਐਡਵੋਕੇਟ ਐਨਕੇ ਅਰੋੜਾ, ਐਡਵੋਕੇਟ ਟੀਆਰ ਦੱਤਾ, ਸਮੇਤ ਬਾਰ ਦੇ ਸਮੂਹ ਮੈਬਰ, ਜਥੇਦਾਰ ਕੁਲਦੀਪ ਸਿੰਘ ਮਹਿੰਦੀਪੁਰ, ਸੇਵਾ ਮੁਕਤ ਕਾਨੂੰਗੋ ਗਿਆਨ ਸਿੰਘ ਭਨੂ, ਸੇਵਾ ਮੁਕਤ ਕਾਨੂੰ ਜਗਨ ਨਾਥ, ਦਫਤਰੀ ਅਮਲੇ ਵਿੱਚ ਸੁਪਰਡੈਂਟ ਟੂ ਐਸਡੀਐਮ ਜਤਿੰਦਰ ਪਾਲ, ਸਟੈਨੋ ਟੂ ਐਸਡੀਐਮ ਜਸਵਿੰਰ ਸਿੰਘ, ਪ੍ਰਭਜੋਤ ਸਿੰਘ, ਦੁਪਾਂਕਰ, ਰੀਡਰ ਕਮਲਜੀਤ, ਰਾਜ ਬਹਾਦਰ ਯਾਦਵ, ਧੀਰਜ ਕੁਮਾਰ, ਮਨਿੰਦਰ ਸਿੰਘ,ਵਿਕਾਸ ਰਾਣਾ, ਲਵਲੇਸ਼ ਯਾਦਵ,ਗੁਰਜੰਟ ਸਿੰਘ, ਬਲਤੇਜਵੀਰ ਸਿੰਘ, ਸੁਰਿੰਦਰ ਕੁਮਾਰ, ਮੱਖਣ ਸਿੰਘ ਰੱਕੜਾ ਬੇਟ, ਸੁਖਵਿੰਦਰ ਸਿੰਘ, ਨਰਿੰਦਰ ਕੌਰ, ਸੀਮਾ ਰਾਣੀ, ਅਤੇ ਅਰਜ਼ੀ ਨਵੀਸ ਸ਼ਿਵ ਰਾਮ ਸਿੰਘ ਚੌਹਾਨ, ਜਤਿੰਦਰ ਕੁਮਾਰ ਪਿੰਕਾ, ਜੀਤ ਸਿੰਘ,ਚਮਨ ਲਾਲ ਸਹਾਰਨ, ਬਲਦੇਵ ਕ੍ਰਿਸ਼ਨ, ਚੰਦਰ ਮਨੀ, ਅਸਟਾਮ ਫਰੋਸ਼ ਹਰੀ ਦੇਵ ਖੇਪੜ, ਰਜਿੰਦਰ ਸਿੰਘ ਬੰਟੀ ਵੀ ਮੌਜੂਦ ਸਨ

# ਸਰਕਾਰੀ ਸਕੂਲ ਗਰਲੋ ਬੇਟ ਵਿਖੇ ਕਰਾਈ ਅਧਿਆਪਕ-ਮਾਪੇ ਮਿਲਣੀ




**ਬਲਾਚੌਰ(ਜਸਵਿੰਦਰ ਬੈਂਸ)** ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ 'ਤੇ ਮੈਗਾ ਮਾਪੇ ਅਧਿਆਪਕ ਮਿਲਣੀ ਆਯੋਜਨ ਕੀਤਾ ਗਿਆ। ਇਸ ਮੌਕੇ ਸਮੂਹ ਵਿਦਿਆਰਥੀਆ ਦੇ ਮਾਪਿਆਂ ਨਾਲ ਰਾਬਤਾ ਕਾਇਮ ਕੀਤਾ ਗਿਆ। ਵਿਦਿਆਰਥੀਆਂ ਦੀ ਵਿੱਦਿਅਕ ਅਤੇ ਸਹਿ ਵਿੱਦਿਅਕ ਖੇਤਰ 'ਚ ਕਾਰਗੁਜਾਰੀ ਬਾਰੇ ਚਰਚਾ ਕੀਤੀ ਗਈ। ਸਤੰਬਰ ਟਰਮ ਦੀ ਪ੍ਰੀਖਿਆ ਵਿੱਚ ਬੱਚਿਆ ਦੀ ਕਾਰਗੁਜਾਰੀ ਮਾਪਿਆਂ ਨਾਲ ਸਾਂਝੀ ਕੀਤੀ ਗਈ। ਮਾਪਿਆਂ ਨੂ ਘਰ 'ਚ ਬੱਚਿਆਂ ਨਾਲ ਸਮਾਂ ਬਿਤਾਉਣ ਅਤੇ ਪੜਾਈ ਲਈ ਸਮਾਂ ਤੈਅ ਕਰਨ ਲਈ ਪ੍ਰੇਰਿਤ ਕੀਤਾ ਗਿਆ। ਮਿਸ਼ਨ ਸਮਰੱਥ ਅਤੇ ਸੀ ਈ ਪੀ ਬਾਰੇ ਮਾਪਿਆ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਟੀਚਰ ਪਰਮਜੀਤ ਸਿੰਘ ਮਿੰਟੂ ਵੱਲੋਂ ਸਭ ਤੋਂ ਪਹਿਲਾਂ ਪਿੰਡ ਠਠਿਆਲਾ ਬੇਟ ਦੇ ਸਰਪੰਚ ਤਰਸੇਮ ਸਿੰਘ ਅਤੇ ਪਿੰਡ ਗਰਲੋ ਬੇਟ ਦੇ ਸਰਪੰਚ ਜਸਪਾਲ ਸਿੰਘ ਅਤੇ ਉਨ੍ਹਾਂ ਨਾਲ ਆਏ ਸਮੂਹ ਮੈਬਰ ਪੰਚਾਇਤ ਦਾ ਸਵਾਗਤ ਕੀਤਾ ਗਿਆ ਅਤੇ ਸਮੂਹ ਮੈਬਰਾਂ ਵਲੋਂ ਸਕੂਲ ਨੂੰ ਪੂਰਾ ਭਰੋਸਾ ਦਿੱਤਾ ਗਿਆ ਆਉਣ ਵਾਲੇ ਸਮੇਂ 'ਚ ਪਿੰਡ ਦੇ ਵਿਕਾਸ ਕਾਰਜ ਸਭ ਤੋਂ ਪਹਿਲਾਂ ਸਕੂਲ ਤੋਂ ਹੀ ਸ਼ੁਰੂ ਕੀਤੇ ਜਾਣਗੇ। ਇਸ ਮੌਕੇ ਹੋਰਨਾ ਤੋਂ ਇਲਾਵਾ ਮੈਂਬਰ ਪੰਚਾਇਤ ਬਲਵੰਤ ਸਿੰਘ, ਤਰਸੇਮ ਸਿੰਘ, ਕਮਲ ਪਾਲ, ਹਰਪ੍ਰੀਤ ਕੌਰ, ਉੱਤਮ ਸਿੰਘ (ਸੇਵਾ ਮੁਕਤ ਕੈਪਟਨ), ਪ੍ਰਸ਼ੋਤਮ ਸਿੰਘ ਸੇਵਾ ਮੁਕਤ ਫੌਜੀ, ਅਧਿਆਪਕ ਅਨਿਲ ਕੁਮਾਰ ਅਤੇ ਮੈਡਮ ਅੰਜੂ ਬਾਲਾ ਵੀ ਹਾਜ਼ਰ ਸਨ।

# ਰਾਜਪਾਲ ਨੇ ਲੜਕੀਆਂ ਦੀ ਮਿਆਰੀ ਸਿੱਖਿਆ ਤੇ ਸੁਰੱਖਿਆ 'ਤੇ ਦਿੱਤਾ ਜ਼ੋਰ

**ਜਲੰਧਰ (ਸੁਰਿੰਦਰ ਕੁਮਾਰ, ਇਕਬਾਲ ਸਿੰਘ ਉਭੀ)** ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਲੜਕੀਆਂ ਦੀ ਮਿਆਰੀ ਸਿੱਖਿਆ ਅਤੇ ਸੁਰੱਖਿਆ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸਾਨੂੰ ਸਭ ਨੂੰ ਮਿਲ ਕੇ ਅਜਿਹਾ ਵਾਤਾਵਰਣ ਸਿਰਜਣਾ ਚਾਹੀਦਾ ਹੈ ਕਿ ਸਾਰੀਆਂ ਮਹਿਲਾਵਾਂ ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਰਾਜਨੀਤਿਕ ਖੇਤਰ ਵਿੱਚ ਪੂਰੀ ਤਰ੍ਹਾਂ ਭਾਗ ਲੈ ਸਕਣ ਅਤੇ ਆਪਣਾ ਯੋਗਦਾਨ ਦੇ ਸਕਣ।ਰਾਜਪਾਲ ਕਟਾਰੀਆ ਨੇ ਸੰਬੋਧਨ ਕਰਦਿਆਂ ਕਿਹਾ ਕਿ ਲੜਕੀਆਂ ਸਮਾਜ ਦੀ ਨੀਂਹ ਹਨ, ਜਿਨ੍ਹਾਂ ਨੂੰ ਪੜ੍ਹਾਉਣ ਅਤੇ ਉਨ੍ਹਾਂ ਦੇ ਸੁਪਨਿਆਂ ਨੂੰ ਉਡਾਨ ਦੇਣ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਲੜਕੀਆਂ ਵਿੱਚ ਅਪਾਰ ਸਮਰੱਥਾ ਹੈ ਅਤੇ ਜੇਕਰ ਉਨ੍ਹਾਂ ਨੂੰ ਸਹੀ ਦਿਸ਼ਾ ਦਿੱਤੀ ਜਾਵੇ ਤਾਂ ਉਹ ਕਿਸੇ ਵੀ ਮੁਕਾਮ 'ਤੇ ਪਹੁੰਚ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਦਾ ਇਤਿਹਾਸ ਮਹਿਲਾਵਾਂ ਦੇ ਯੋਗਦਾਨ ਦੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ ਅਤੇ ਆਧੁਨਿਕ ਭਾਰਤ ਵਿੱਚ ਵੀ ਔਰਤਾਂ ਪੁਰਸ਼ਾਂ ਦੇ ਮੋਢੇ ਨਾਲ ਮੋਢਾ ਮਿਲਾ ਕੇ ਕੰਮ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਰਾਜਨੀਤੀ, ਫੌਜ, ਪੁਲਿਸ, ਖੇਡਾਂ, ਕਲਾ ਸਮੇਤ ਅਜਿਹਾ ਕੋਈ ਖੇਤਰ ਨਹੀਂ ਹੈ, ਜਿਥੇ ਔਰਤਾਂ ਨੇ ਆਪਣੀ ਕਾਬਲੀਅਤ ਦਾ ਲੋਹਾ ਨਾ ਮੰਨਵਾਇਆ ਹੋਵੇ।ਸ਼੍ਰੀ ਕਟਾਰੀਆ ਨੇ ਕਿਹਾ ਕਿ ਇਕ ਸਿਹਤਮੰਦ, ਸਸ਼ਕਤ ਅਤੇ ਵਿਕਸਿਤ ਸਮਾਜ ਲਈ ਸਾਨੂੰ ਸਾਰਿਆਂ ਨੂੰ ਸਿੱਖਿਆ ਅਤੇ ਸਰਵਪੱਖੀ ਵਿਕਾਸ ਦੇ ਮਾਧਿਅਮ ਨਾਲ ਮਹਿਲਾਵਾਂ ਨੂੰ ਹੋਰ ਸਸ਼ਕਤ ਬਣਾਉਣ ਵਿੱਚ ਆਪੋ-ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਅਧਿਆਪਨ ਨੂੰ ਪਵਿੱਤਰ ਕਿੱਤਾ ਦੱਸਦਿਆਂ ਰਾਜਪਾਲ ਨੇ ਕਿਹਾ ਕਿ ਅਧਿਆਪਨ ਸਿਰਫ਼ ਕਿੱਤਾ ਨਹੀਂ ਸਗੋਂ ਪਵਿੱਤਰ ਕਾਰਜ ਹੈ। ਉਨ੍ਹਾਂ ਕਿਹਾ ਕਿ ਨਰੋਏ ਸਮਾਜ ਦੀ ਸਿਰਜਣਾ ਵਿੱਚ ਅਧਿਆਪਕ ਦਾ ਵੱਡਮੁੱਲਾ ਯੋਗਦਾਨ ਹੁੰਦਾ ਹੈ, ਇਸ ਲਈ ਗੁਰੂ ਹਮੇਸ਼ਾ ਸਭ ਤੋਂ ਵੱਧ ਸਨਮਾਨ ਦਾ ਪਾਤਰ ਹੁੰਦਾ ਹੈ। ਉਨ੍ਹਾਂ ਇਸ ਮੌਕੇ ਤਕਨੀਕੀ ਤਰੱਕੀ ਅਤੇ ਸਾਡੀ ਅਮੀਰ ਵਿਰਾਸਤ ਦੀ ਸੰਭਾਲ ਦਰਮਿਆਨ ਸੰਤੁਲਨ ਬਣਾਈ ਰੱਖਣ ਲਈ ਨੌਜਵਾਨ ਪੀੜ੍ਹੀ ਨੂੰ ਸਿੱਖਿਆ ਦੇ ਨਾਲ-ਨਾਲ ਸੰਸਕਾਰ ਦੇਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਐਸ ਡੀ ਐਮ ਰਣਦੀਪ ਸਿੰਘ, ਅਧਿਆਪਕ ਅਤੇ ਵਿਦਿਆਰਥਣਾਂ ਵੀ ਮੌਜੂਦ ਸਨ।

# ਲੋਕਾਂ ਦੀਆਂ ਮੁਸਕਲਾਂ ਲਈ ਕਮਿਸ਼ਨਰ ਨੂੰ ਮਿਲੇ ਕਾਂਗਰਸੀ



**ਜਲੰਧਰ (ਇਕਬਾਲ ਸਿੰਘ ਉਭੀ)**-ਉੱਤਰੀ ਹਲਕੇ ਦੇ ਵਿਧਾਇਕ ਜੂਨੀਅਰ ਬਾਵਾ ਹੈਨਰੀ ਅਤੇ ਸਾਬਕਾ ਵਿਧਾਇਕ ਅਤੇ ਜਿਲ੍ਹਾ ਕਾਂਗਰਸ ਕਮੇਟੀ ਸ਼ਹਿਰੀ ਦੇ ਪ੍ਰਧਾਨ ਰਜਿੰਦਰ ਬੇਰੀ, ਕੌਂਸਲਰ ਗਿਆਨ ਚੰਦ ਸੋਢੀ, ਜਗਦੀਸ਼ ਕੁਮਾਰ ਦਕੋਹਾ ਵੱਲੋਂ ਨਗਰ ਨਿਗਮ ਦੇ ਕਮਿਸ਼ਨਰ ਗੌਤਮ ਜੈਨ ਨਾਲ ਮੁਲਾਕਾਤ ਕੀਤੀ ਅਤੇ ਸ਼ਹਿਰ ਦੀਆਂ ਮੁੱਖ ਸਮੱਸਿਆਵਾਂ ਬਾਰੇ ਗੱਲਬਾਤ ਕੀਤੀ।ਸੀਵਰੇਜ ਦੀ ਸਮੱਸਿਆ, ਸਟ੍ਰੀਟ ਲਾਈਟਾਂ ਦੀ ਸਮਸਿਆ, ਸ਼ਹਿਰ ਵਿੱਚ ਘੁੰਮਦੇ ਅਵਾਰਾ ਕੁੱਤਿਆ ਦੀ ਗੰਭੀਰ ਸਮੱਸਿਆ, ਪਾਰਕਾਂ ਦੀ ਸਾਫ਼ ਸਫਾਈ ਦੀ ਸਮੱਸਿਆ ਬਾਰੇ ਚਰਚਾ ਕੀਤੀ ਅਤੇ ਇੰਨ੍ਹਾਂ ਸਮੱਸਿਆ ਦਾ ਜਲਦ ਤੋਂ ਜਲਦ ਹੱਲ ਕਰਵਾਉਣ ਬਾਰੇ ਕਿਹਾ। ਰਜਿੰਦਰ ਬੇਰੀ ਅਤੇ ਬਾਵਾ ਹੈਨਰੀ ਨੇ ਕਿਹਾ ਕਿ ਸੈਂਟਰਲ ਅਤੇ ਨਾਰਥ ਦੇ ਵੱਖ ਵੱਖ ਵਾਰਡਾਂ ਵਿੱਚ ਸੀਵਰੇਜ, ਪੀਣ ਵਾਲਾ ਗੰਦਾ ਪਾਣੀ ਅਤੇ ਅਵਾਰਾ ਕੁੱਤਿਆ ਦੀ ਵੱਡੀ ਸਮੱਸਿਆ ਹੈ । ਸੀਵਰੇਜ ਭਰੇ ਪਏ ਹਨ, ਪੀਣ ਵਾਲਾ ਪਾਣੀ ਗੰਦਾ ਆ ਰਿਹਾ, ਸਟ੍ਰੀਟ ਲਾਇਟਾਂ ਬੰਦ ਪਈਆ ਹਨ।ਇਹ ਮੁੱਢਲੀਆਂ ਸਹੂਲਤਾਂ ਲੋਕਾਂ ਨੂੰ ਮੁਹਈਆ ਕਰਵਾਉਣਾ ਨਗਰ ਨਿਗਮ ਦਾ ਫ਼ਰਜ਼ ਹੈ।ਇਸ ਮੌਕੇ ਵਿਕਾਸ ਤਲਵਾੜ, ਰਾਣਾ ਹਰਸ਼ ਵਰਮਾ, ਐਡਵੋਕੇਟ ਵਿਕਰਮ ਦੱਤਾ, ਰਾਹੁਲ ਧੀਰ, ਹੈਪੀ,ਬੂਟੀ ਰਾਮ, ਹਰਪ੍ਰੀਤ ਵਾਲਿਆ, ਕਾਲਾ ਹਰਗੋਬਿੰਦ ਨਗਰ ਮੌਜੂਦ ਸਨ।

# 'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਰਾਜ ਪੱਧਰੀ ਬਾਕਸਿੰਗ ਮੁਕਾਬਲੇ 16 ਨਵੰਬਰ ਤੋਂ



**ਨਵਾਂਸ਼ਹਿਰ (ਮਨੋਜ ਲਾਡੀ, ਕੁਲਵਿੰਦਰ ਦੁਰਗਾਪੁਰੀਆ)**- ਪੰਜਾਬ ਸਰਕਾਰ ਅਤੇ ਖੇਡ ਵਿਭਾਗ ਪੰਜਾਬ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ 2024 ਸੀਜ਼ਨ-3 ਦੇ ਤਹਿਤ ਰਾਜ ਪੱਧਰੀ ਖੇਡ ਮੁਕਾਬਲੇ ਜੋ ਕਿ ਵੱਖ-ਵੱਖ ਜਿਲ੍ਹਿਆਂ ਵਿਚ ਕਰਵਾਏ ਜਾ ਰਹੇ ਹਨ, ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੇਡ ਅਫ਼ਸਰ ਸ਼ਹੀਦ ਭਗਤ ਸਿੰਘ ਨਗਰ ਵੰਦਨਾ ਚੌਹਾਨ ਨੇ ਦੱਸਿਆ ਕਿ ਇਨ੍ਹਾਂ ਰਾਜ ਪੱਧਰੀ ਖੇਡਾਂ ਦੇ ਤਹਿਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਬਾਕਸਿੰਗ ਖੇਡ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਖੇਡ ਮੁਕਾਬਲਿਆਂ ਨੂੰ ਮੁੱਖ ਰੱਖਦਿਆਂ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਦੇ ਆਦੇਸ਼ਾਂ ਅਨੁਸਾਰ ਇਹ ਰਾਜ ਪੱਧਰੀ ਖੇਡ ਮੁਕਾਬਲੇ ਲੈਮਰਿਨ ਟੈਕ ਸਕਿੱਲ ਯੂਨੀਵਰਸਿਟੀ ਬਲਾਚੌਰ ਵਿਖੇ 16 ਨਵੰਬਰ ਤੋਂ 21 ਨਵੰਬਰ ਤੱਕ ਕਰਵਾਏ ਜਾਣਗੇ।

ਇਨ੍ਹਾਂ ਰਾਜ ਪੱਧਰੀ ਖੇਡ ਮੁਕਾਬਲਿਆਂ ਦੀਆਂ ਤਿਆਰੀਆਂ ਨੂੰ ਮੁੱਖ ਰੱਖਦੇ ਹੋਏ ਇਸ ਸਬੰਧੀ ਅੱਜ ਇਕ ਵਿਸ਼ੇਸ਼ ਮੀਟਿੰਗ ਲੈਮਰਿਨ ਟੈਕ ਸਕਿੱਲ ਯੂਨੀਵਰਸਿਟੀ ਬਲਾਚੌਰ ਵਿਖੇ ਕੀਤੀ ਗਈ, ਜਿਸ ਵਿਚ ਰਾਮ ਮੇਅਰ ਖਟਕੜ ਡਿਪਟੀ ਡਾਇਰੈਕਟਰ ਸਪੋਟਸ ਲੈਮਰਿਨ ਟੈਕ ਸਕਿੱਲ ਯੂਨੀਵਰਸਿਟੀ ਬਲਾਚੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

# ਉੱਤਰ ਖੇਤਰੀ ਸੱਭਿਆਚਾਰਕ ਕੇਂਦਰ ਦੇ ਕਲਾਕਾਰ ਕਰਵਾ ਰਹੇ ਨੇ ਭਾਰਤ ਦੀ ਮਹਾਨ ਸੰਸਕ੍ਰਿਤੀ ਦੇ ਦਰਸ਼ਨ



**ਮੋਹਾਲੀ, (ਗੁਰਜੀਤ ਬਿੱਲਾ)** ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਸੈਕਟਰ 88, ਮੋਹਾਲੀ ਵਿਖੇ ਮਾਨਵ ਮੰਗਲ ਸਕੂਲ ਨੇੜੇ ਖੁੱਲ੍ਹੇ ਮੈਦਾਨ ਵਿਖੇ 18 ਅਕਤੂਬਰ ਤੋਂ ਚੱਲ ਰਹੇ ਸਰਸ ਮੇਲੇ ਦੌਰਾਨ ਜਿੱਥੇ ਹਸਤ ਕਲਾ ਸ਼ਿਲਪਕਾਰੀਆਂ ਦੀਆਂ ਸਟਾਲਾਂ ਦੇਖਣਯੋਗ ਹਨ, ਉੱਥੇ ਹੀ ਭਾਰਤ ਦੀ ਮਹਾਨ ਅਤੇ ਵਿਲੱਖਣ ਸੰਸਕ੍ਰਿਤੀ ਨੂੰ ਦਰਸਾਉਂਦੇ ਵੱਖ-ਵੱਖ ਖੇਤਰਾਂ ਦੇ ਲੋਕ-ਨਾਚ ਅਤੇ ਲੋਕ-ਧੁਨਾਂ ਨਾਲ ਪਰੋਏ ਲੋਕ-ਗੀਤ ਨਵੀਂ ਪੀੜ੍ਹੀ ਦਾ ਜਿੱਥੇ ਮਨੋਰੰਜਨ ਕਰ ਰਹੇ ਹਨ, ਉੱਥੇ ਆਪਣੇ ਅਮੀਰ ਵਿਰਸੇ ਦੀਆਂ ਸਾਂਝਾਂ ਨੂੰ ਹੋਰ ਪਕੇਰਾ ਕਰਦੇ ਨਜ਼ਰ ਆਉਂਦੇ ਹਨ। ਸੱਭਿਆਚਾਰਕ ਪ੍ਰੋਗਰਾਮਾਂ ਦੇ ਇੰਚਾਰਜ ਪ੍ਰੋ. ਗੁਰਬਖਸ਼ੀਸ਼ ਸਿੰਘ ਅੰਟਾਲ ਨੇ ਦੱਸਿਆ ਕਿ ਵਧੀਕ ਡਿਪਟੀ ਕਮਿਸ਼ਨਰ, ਵਿਕਾਸ ਕਮ ਜ਼ਿਲ੍ਹਾ ਸਰਸ ਮੇਲਾ ਅਫਸਰ, ਸੋਨਮ ਚੌਧਰੀ ਦੀ ਅਗਵਾਈ ਅੰਦਰ ਅਮੀਰ ਵਿਰਾਸਤ ਨੂੰ ਸਾਂਭਣ ਲਈ ਵੱਡੇ ਯਤਨ ਕੀਤੇ ਜਾ ਰਹੇ ਹਨ। ਮੇਲੇ ਵਿੱਚ ਉੱਤਰ ਭਾਰਤ ਸੱਭਿਆਚਾਰਕ ਕੇਂਦਰ ਪਟਿਆਲਾ ਦੇ ਸਹਿਯੋਗ ਸਦਕਾ ਰਾਜਸਥਾਨ ਦਾ ਕਾਲਬੇਲੀਆ ਜੋ ਕਿ ਭਰਤਪੁਰ, ਜੈਸਲਮੇਰ ਤੇ ਜੈਪੁਰ ਦੇ ਖੇਤਰਾਂ ਦਾ ਮਸ਼ਹੂਰ ਲੋਕ-ਨਾਚ ਹੈ, ਹਰਿਆਣਾ ਦਾ ਫਾਗ ਅਤੇ ਉੱਤਰ ਪ੍ਰਦੇਸ਼ ਦਾ ਮਾਯੂਰ ਡਾਂਸ, ਅਸਾਮ ਦਾ ਪੀਹੂ ਅਤੇ ਪੰਜਾਬ ਦੇ ਭੰਗੜਾ, ਲੁੱਡੀ ਅਤੇ ਸੰਮੀ ਲੋਕ-ਨਾਚ ਮੇਲੇ ਵਿੱਚ ਆਏ ਮੇਲੀਆਂ ਨੂੰ ਲੋਕ ਸਾਜਾਂ ਉੱਤੇ ਥਿਰਕਣ ਲਈ ਮਜਬੂਰ ਕਰ ਦਿੰਦੇ ਹਨ। ਇਸ ਮੌਕੇ ਮੰਚ ਸੰਚਾਲਕ ਸੰਜੀਵ ਸ਼ਾਦ ਵੱਲੋਂ ਆਪਣੀ ਸ਼ਾਇਰੀ ਅਤੇ ਲੋਕ-ਨਾਚਾਂ ਦੇ ਪਿਛੋਕੜ ਬਾਰੇ ਮੇਲੀਆਂ ਨੂੰ ਵਡਮੁੱਲੀ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ।

# 'ਗਰੀਬ ਦਾ ਮੂੰਹ, ਗੁਰੂ ਦੀ ਗੋਲਕ' ਸੰਸਥਾ ਅਜਨੋਹਾ ਨੂੰ 41000 ਸੇਵਾ ਦਿੱਤੀ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਅਜਨੋਹਾ ਜੀ ਦੇ ਜੱਦੀ ਪਿੰਡ ਅਜਨੋਹਾ ਇਹਨਾਂ ਮਹਾਂਪੁਰਖਾਂ ਦੇ ਇਲਾਕੇ ਦੀ ਸਿਰਮੌਰ ਸੰਸਥਾ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ । ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦੇ ਹੋਏ ਸੰਸਥਾ ਮੁਖੀ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦਸਿਆ ਕਿ ਸੰਸਥਾ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਪਾਰ ਮੇਹਰ ਸਦਕਾ ,ਇਲਾਕਾ ਨਿਵਾਸੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਪਿੰਡ ਨੂਰੜ ਵਿਖੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਚਲਾਈ ਜਾ ਰਹੀ ਹੈ । ਸੰਗਤਾਂ ਦੂਰੋਂ ਦੂਰੋਂ ਦਵਾਈਆਂ ਲੈਣ ਆ ਰਹੀਆਂ ਨੇ ਮਰੀਜ਼ਾਂ ਨੂੰ ਅਰਾਮ ਵੀ ਆ ਰਿਹਾ ਹੈ। ਸੰਗਤਾਂ ਲਗਾਤਾਰ ਆਪਣਾ ਸਹਿਯੋਗ ਦੇ ਰਹੀਆਂ ਨੇ। ਪਿੰਡ ਪੱਟੀ ਨਿਵਾਸੀ ਹਰਕਮਲ ਸਿੰਘ ਖਾਲਸਾ (ਇਟਲੀ) ਵੱਲੋਂ41000 ਰੁਪਏ ਆਪਣੇ ਮਾਤਾ ਸਵ.ਜਗਤਾਰ ਕੌਰ ਦੀ ਯਾਦ ਵਿੱਚ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਲਈ ਦਵਾਈਆ ਵਾਸਤੇ ਸੇਵਾ ਸੰਸਥਾ ਨੂੰ ਦਿਤੀ ਗਈ ਹੈ। ਇਸ ਮੌਕੇ ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ,ਅਮਰਦੀਪ ਸਿੰਘ ਨੂਰੜ , ਡਾ.ਤਰਸੇਮ ਸਿੰਘ, ਲੈਬ ਟੈਕਨੀਸ਼ੀਅਨ ਗੁਰਪ੍ਰੀਤ ਸਿੰਘ, ਸੰਦੀਪ ਕੌਰ ਪਾਸ਼ਟਾਂ, ਬਲਜੀਤ ਕੌਰ ਨੂਰੜ,ਸਿਮਰਨ ਕੌਰ ਨੂਰੜ, ਲਵਪ੍ਰੀਤ ਕੌਰ ਸਰਹਾਲਾ,ਜਤਿੰਦਰ ਸਿੰਘ ਰਾਣਾ ਖਾਲਸਾ, ਕਮਲਜੀਤ ਸਿੰਘ ਰਾਣਾ ਆਦਿ ਹਾਜ਼ਰ ਸਨ।

# ਝੋਨੇ ਦੀ ਖਰੀਦ ਨੂੰ ਸੁਖਾਵਾਂ ਬਣਾਉਣ ਲਈ ਪੁਰਜ਼ੋਰ ਯਤਨ ਕੀਤੇ ਜਾ ਰਹੇ : ਅਮਨਜੋਤ ਕੌਰ




**ਭਲਾਣ (ਹਰਭਜਨ ਢਿੱਲੋਂ)** ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸੂਚਨਾ ਤੇ ਲੋਕ ਸੰਪਰਕ ਵਿਭਾਗ, ਸਕੂਲ ਸਿੱਖਿਆ, ਉਚੇਰੀ ਸਿੱਖਿਆ ਅਤੇ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਤਹਿਤ ਅਮਨਜੋਤ ਕੌਰ ਉਪ ਮੰਡਲ ਮੈਜਿਸਟ੍ਰੇਟ ਨੰਗਲ ਨੇ ਸੂਰੇਵਾਲ ਅਨਾਜ ਮੰਡੀ ਦਾ ਅਚਨਚੇਤ ਦੌਰਾ ਕਰਦਿਆਂ ਝੋਨੇ ਦੀ ਖਰੀਦ ਦੇ ਪ੍ਰਬੰਧਾਂ ਅਤੇ ਲਿਫਟਿੰਗ ਦਾ ਵਿਸਥਾਰ ਨਾਲ ਜਾਇਜ਼ਾ ਲਿਆ ਗਿਆ ।ਇਸ ਮੌਕੇ ਉਨ੍ਹਾਂ ਦੇ ਨਾਲ ਕੁਲਵੀਰ ਸਿੰਘ ਸੰਧੂ ਡੀਐਸਪੀਨੰਗਲ, ਮਨਪ੍ਰੀਤ ਸਿੰਘ ਨਾਇਬ ਤਹਿਸੀਲਦਾਰ ਨੰਗਲ, ਰਾਹੁਲ ਸ਼ਰਮਾ ਥਾਨਾ ਮੁਖੀ ਅਤੇ ਹੋਰ ਖਰੀਦ ਏਜੰਸੀਆਂ ਦੇ ਅਧਿਕਾਰੀ ਵੀ ਮੋਜੂਦ ਸਨ। ਉਨ੍ਹਾਂ ਝੋਨੇ ਵਿੱਚ ਨਮੀ ਦੀ ਮਾਤਰਾ ਅਤੇ ਝੋਨੇ ਨੂੰ ਤੋਲਣ ਲਈ ਹੋ ਰਹੀ ਕੰਡੇ/ ਵੱਟਿਆਂ ਦੀ ਚੈਕਿੰਗ ਵੀ ਕੀਤੀ, ਜੋ ਕਿ ਸਹੀ ਪਾਈ ਗਈ।ਉਨ੍ਹਾਂ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਝੋਨੇ ਦੀ ਖਰੀਦ ਨੂੰ ਕਿਸਾਨਾਂ ਲਈ ਵੱਧ ਤੋਂ ਵੱਧ ਸੁਖਾਵਾਂ ਬਣਾਉਣ ਲਈ ਪੁਰਜ਼ੋਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਰੂਪਨਗਰ ਜ਼ਿਲ੍ਹੇ ਵਿੱਚ ਵੀ ਡਿਪਟੀ ਕਮਿਸ਼ਨਰ ਰੂਪਨਗਰ ਸ੍ਰੀ ਹਿਮਾਂਸ਼ੂ ਜੈਨ ਦੇ ਦਿਸ਼ਾ ਨਿਰਦੇਸ਼ਾ ਤਹਿਤ ਇਹ ਖਰੀਦ ਤੇ ਲਿਫਟਿੰਗ ਨਿਰੰਤਰ ਜਾਰੀ ਹੈ।

ਉਨ੍ਹਾਂ ਲਿਫਟਿੰਗ ਵਿੱਚ ਤੇਜ਼ੀ ਲਿਆਉਣ ਲਈ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ।ਅਨਮਜੋਤ ਕੌਰ ਨੇ ਦੱਸਿਆ ਕਿ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਵੱਲੋਂ ਆਪਣੇ ਵਿਧਾਨ ਸਭਾ ਹਲਕੇ ਦੀਆਂ ਸਾਰੀਆਂ ਅਨਾਜ ਮੰਡੀਆਂ ਵਿੱਚ ਕੀਤੀ ਜਾ ਰਹੀ ਖਰੀਦ, ਅਦਾਇਗੀ, ਲਿਫਟਿੰਗ ਅਤੇ ਕਿਸਾਨਾਂ ਦੀ ਸਹੂਲਤ ਲਈ ਕੀਤੇ ਪ੍ਰਬੰਧਾਂ ਦੀ ਲਗਾਤਾਰ ਮੋਨੀਟਰਿੰਗ ਕੀਤੀ ਜਾ ਰਹੀ ਹੈ।ਉਨ੍ਹਾਂ ਨੇ ਅਨਾਜ ਮੰਡੀਆਂ ਵਿੱਚ ਆੜ੍ਹਤੀਆਂ, ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਸਬੰਧਿਤ ਅਧਿਕਾਰੀਆਂ ਨੂੰ ਤੁਰੰਤ ਹੱਲ ਕਰਨ ਦੇ ਨਿਰਦੇਸ਼ ਦਿੱਤੇ।

# ਝੋਨੇ ਦੀ ਖਰੀਦ ਸਬੰਧੀ ਪੈਦਾ ਹੋਏ ਅੜਿੱਕੇ ਕੇਂਦਰ ਤੇ ਸੂਬਾ ਸਰਕਾਰ ਦੀ ਮਿਲੀ-ਜੁਲੀ ਸਾਜ਼ਿਸ਼ : ਪਾਸਲਾ

**ਜਲੰਧਰ; (ਰਜੇਸ਼ ਥਾਪਾ )** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐਮਪੀਆਈ) ਦੀ ਪੰਜਾਬ ਰਾਜ ਕਮੇਟੀ ਦੇ ਸਕੱਤਰੇਤ ਦੀ ਮੀਟਿੰਗ ਸਾਥੀ ਰਤਨ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ 'ਚ ਉਚੇਚੇ ਸ਼ਾਮਲ ਹੋਏ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਦੇਸ਼-ਦੁਨੀਆਂ ਦੀ ਅਜੋਕੀ ਗੰਭੀਰ ਰਾਜਸੀ ਅਵਸਥਾ ਅਤੇ ਪਾਰਟੀ ਤੇ ਕਿਰਤੀ ਸ਼੍ਰੇਣੀ ਸਨਮੁੱਖ ਭਵਿੱਖੀ ਚੁਣੌਤੀਆਂ ਤੇ ਕਾਰਜਾਂ ਬਾਰੇ ਵਿਚਾਰ ਰੱਖੇ।ਸਾਥੀ ਪਾਸਲਾ ਨੇ ਦੱਸਿਆ ਕਿ ਝੋਨੇ ਦੀ ਖ੍ਰੀਦ ਸਬੰਧੀ ਪੈਦਾ ਹੋਏ ਅੜਿੱਕੇ, ਖੇਤੀ ਨੂੰ ਦੇਸੀ-ਵਿਦੇਸ਼ੀ ਕਾਰਪੋਰੇਟਾਂ ਦੇ ਹੱਥੀਂ ਸੌਂਪਣ ਦੀ ਕੇਂਦਰੀ ਅਤੇ ਸੂਬਾਈ ਸਰਕਾਰ ਦੀ ਮਿਲੀ ਜੁਲੀ ਸਾਜ਼ਿਸ਼ ਦਾ ਨਤੀਜਾ ਹਨ।ਉਨ੍ਹਾਂ ਨੇ ਸੂਬੇ ਵਿਚ ਹੋਈਆਂ ਪੰਚਾਇਤ ਚੋਣਾਂ ਦੌਰਾਨ ਹੋਈ ਰਿਕਾਰਡ ਤੋੜ ਧੱਕੇਸ਼ਾਹੀ ਅਤੇ ਧਾਂਦਲੀਆਂ ਲਈ ਸੂਬੇ ਦੀ ਭਗਵੰਤ ਮਾਨ ਸਰਕਾਰ ਦੀ ਕਰੜੀ ਨਿਖੇਧੀ ਕੀਤੀ ।ਕਾਮਰੇਡ ਪਾਸਲਾ ਨੇ ਪ੍ਰਾਂਤ ਵਾਸੀਆਂ ਨੂੰ ਨਿਰਾਸ਼ਾ ਅਤੇ ਪਸਤ ਹਿੰਮਤੀ ਤੋਂ ਮੁਕਤ ਕਰਨ ਲਈ ਖੱਬੀਆਂ ਪਾਰਟੀਆਂ ਨੂੰ ਘੱਟੋ-ਘੱਟ ਸਹਿਮਤੀ ਵਾਲੇ ਪ੍ਰੋਗਰਾਮ ਦੇ ਆਧਾਰ 'ਤੇ ਇਕਮੁੱਠ ਹੋ ਕੇ ਘੋਲ ਵਿੱਢਣ ਲਈ ਪਹਿਲ ਕਦਮੀ ਕਰਨ ਦਾ ਸੱਦਾ ਦਿੱਤਾ ਹੈ।ਰਾਜ ਕਮੇਟੀ ਦੇ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਸਕੱਤਰੇਤ ਵੱਲੋ ਪਿਛਲੇ ਦਿਨੀਂ ਲੋਕ ਮੰਗਾਂ ਦੀ ਪ੍ਰਾਪਤੀ ਲਈ ਕੇਂਦਰੀ ਤੇ ਸੂਬਾਈ ਵਜ਼ੀਰਾਂ ਅਤੇ ਸੰਸਦ ਮੈਂਬਰਾਂ ਤੇ ਵਿਧਾਇਕਾਂ ਦੇ ਘਰਾਂ-ਦਫ਼ਤਰਾਂ ਮੂਹਰੇ ਕੀਤੇ ਗਏ ਰੋਸ ਮੁਜਾਹਰਿਆਂ 'ਚ ਮਜਦੂਰਾਂ-ਕਿਸਾਨਾਂ ਤੇ ਔਰਤਾਂ ਦੀ ਹੋਈ ਭਰਵੀਂ ਸ਼ਮੂਲੀਅਤ 'ਤੇ ਤਸੱਲੀ ਪ੍ਰਗਟਾਈ ਹੈ। ਉਨ੍ਹਾ ਕਿਹਾ ਕਿ ਸੂਬੇ ਭਰ 'ਚ 40 ਤੋਂ ਵਧੇਰੇ ਰਾਜਸੀ ਕਾਨਫਰੰਸਾਂ ਕੀਤੀਆਂ ਜਾਣਗੀਆਂ, ਜਿਨ੍ਹਾਂ ਦੀ ਸ਼ੁਰੂਆਤ, 16 ਨਵੰਬਰ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦਾ ਸ਼ਹੀਦੀ ਦਿਹਾੜਾ 'ਸਾਮਰਾਜੀ ਤੇ ਕਾਰਪੋਰੇਟਾਂ ਦੀ ਲੁੱਟ ਅਤੇ ਫਿਰਕੂ-ਜਾਤੀਵਾਦੀ ਫੁੱਟ ਦੇ ਖਾਤਮੇ ਲਈ ਸੰਕਲਪ ਦਿਵਸ' ਵਜੋਂ ਮਨਾਏ ਜਾਣ ਨਾਲ ਹੋਵੇਗੀ।ਇਸ ਤੋਂ ਪਹਿਲਾਂ 7 ਨਵੰਬਰ ਨੂੰ ਯੁਗ ਪਲਟਾਊ 'ਅਕਤੂਬਰ ਕ੍ਰਾਂਤੀ' ਦੀ ਵਰ੍ਹੇਗੰਢ ਫਸਤੀਨੀਆਂ ਨਾਲ ਇੱਕਜੁਟਤਾ ਪ੍ਰਗਟਾਉਣ ਅਤੇ ਜੰਗਬਾਜਾਂ 'ਚ ਤਬਾਹਕੁੰਨ ਮਨਸੂਬਿਆਂ ਨੂੰ ਠੱਲ੍ਹ ਪਾਉਣ ਲਈ ਜਿਲ੍ਹਾ ਪੱਧਰ 'ਤੇ ਪ੍ਰਭਾਵਸ਼ਾਲੀ ਸਮਾਰੋਹ ਕਰਕੇ ਮਨਾਈ ਜਾਵੇਗੀ।ਉਕਤ ਕਾਰਜ ਨੂੰ ਸੁਚਾਰੂ ਢੰਗ ਨਾਲ ਸਿਰੇ ਚਾੜ੍ਹਨ ਲਈ ਆਉਂਦੀ 30 ਅਕਤੂਬਰ ਨੂੰ ਜਲੰਧਰ ਵਿਖੇ ਰਾਜ ਕਮੇਟੀ ਦੀ ਮੀਟਿੰਗ ਸੱਦੀ ਗਈ ਹੈ ।ਸਕੱਤਰੇਤ ਨੇ ਜੇਲ੍ਹ ਵਿਚ ਦਿੱਤੀਆਂ ਗਈਆਂ ਅਮਾਨਵੀ ਯਾਤਨਾਵਾਂ ਕਰਕੇ ਸਦੀਵੀਂ ਵਿਛੋੜਾ ਦੇ ਗਏ ਉੱਘੇ ਕਾਰਕੁੰਨ ਸ਼੍ਰੀ ਜੀ ਐਨ ਸਾਈਂ ਬਾਬਾ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਲੋਕਾਂ ਨੂੰ ਮਨੁੱਖੀ ਤੇ ਸੰਵਿਧਾਨਕ ਅਧਿਕਾਰਾਂ ਦੀ ਰਾਖੀ ਲਈ ਨਿੱਤਰਨ ਦੀ ਅਪੀਲ ਕੀਤੀ ਹੈ। ਸਕੱਤਰੇਤ ਨੇ ਸੂਬੇ ਦੀ ਮਾਨ ਸਰਕਾਰ ਵੱਲੋਂ ਉਘੇ ਟਿੱਪਣੀਕਾਰ ਤੇ ਸਮਾਜਿਕ ਕਾਰਕੁੰਨ ਮਾਲਵਿੰਦਰ ਸਿੰਘ ਮਾਲੀ ਦੀ ਗੈਰ ਕਾਨੂੰਨੀ ਗ੍ਰਿਫ਼ਤਾਰੀ ਦੀ ਨਿਖੇਧੀ ਕਰਦਿਆਂ ਉਨ੍ਹਾਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਵੀ ਕੀਤੀ ਹੈ।

# ਸਿੱਖਿਆ ਵਿਭਾਗ ਦੇ 8 ਹਜ਼ਾਰ ਤੋਂ ਵੱਧ ਅਧਿਆਪਕ ਤਨਖਾਹ ਤੋਂ ਵਾਂਝੇ : ਗੌਰਵ ਰਾਣਾ

**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)** ਪੰਜਾਬ ਸਰਕਾਰ ਵੱਲੋਂ ਇਕ ਸਾਲ ਪਹਿਲਾਂ ਸਿੱਖਿਆ ਵਿਭਾਗ ਦੇ ਵੱਖ ਵੱਖ ਵਿੰਗਾਂ ਦੇ ਕਰੀਬ 8736 ਅਧਿਆਪਕਾਂ ਜਿਨ੍ਹਾਂ ਨੂੰ ਪੱਕਾ ਕਰਨ ਦਾ ਦਾਅਵਾ ਕੀਤਾ ਗਿਆ ਸੀ। ਉਹ ਤਮਾਮ ਅਧਿਆਪਕ ਮੌਜੂਦਾ ਅਕਤੂਬਰ ਵਿੱਚ ਤਨਖਾਹ ਉਡੀਕ ਰਹੇ ਹਨ। ਦੱਸਣ ਯੋਗ ਹੈ ਕਿ ਇਸ ਮਹੀਨੇ ਵਿੱਚ ਦੀਵਾਲੀ, ਦੁਸ਼ਹਿਰਾ, ਕਰਵਾ ਚੌਥ, ਸਮੇਤ ਹੋਰ ਜ਼ਰੂਰੀ ਤਿਉਹਾਰ ਆਉਂਦੇ ਹਨ।ਪਰ ਇਹ ਤਮਾਮ ਅਧਿਆਪਕ ਹੁਣ ਤੱਕ ਸਤੰਬਰ ਮਹੀਨੇ ਦੀ ਬਣਦੀ ਤਨਖਾਹ ਅਕਤੂਬਰ ਮਹੀਨੇ ਦੇ ਅੰਤ ਤੱਕ ਪਹੁੰਚਣ ਦੇ ਬਾਵਜੂਦ ਹੁਣ ਤੱਕ ਤਨਖਾਹ ਤੋਂ ਵਾਂਝੇ ਬੈਠੇ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਮੋਰਚਾ ਦੇ ਕਨਵੀਨਰ ਗੌਰਵ ਰਾਣਾ ਵੱਲੋਂ ਅਧਿਆਪਕਾਂ ਦੇ ਹੱਕ ਵਿੱਚ ਹਾਅ ਦਾ ਨਾਰਾ ਮਾਰਦਿਆ ਕੀਤਾ ਗਿਆ।

ਰਾਣਾ ਨੇ ਕਿਹਾ ਕਿ ਬੇਸ਼ੱਕ ਉਸ ਵੇਲੇ ਸਰਕਾਰ ਨੇ ਇਨ੍ਹਾਂ 8736 ਦੇ ਕਰੀਬ ਅਧਿਆਪਕਾਂ ਨੂੰ ਪੱਕਾ ਕਰਨ ਦੇ ਵੱਡੇ ਵੱਡੇ ਵਾਅਦੇ ਵੀ ਕੀਤੇ ਸਨ।ਪਰ ਪੱਕੇ ਕਰਨ ਦੇ ਦਾਅਵਿਆਂ ਤੋਂ ਬਾਅਦ ਇਨ੍ਹਾਂ ਨੂੰ ਨਾ ਹੀ ਪੱਕੇ ਅਧਿਆਪਕਾਂ ਦੇ ਬਰਾਬਰ ਦੇ ਸਕੇਲ ਦਿੱਤੇ ਗਏ। ਉਨ੍ਹਾ ਕਿਹਾ ਕਿ ਸਰਕਾਰ ਨੂੰ ਘੱਟੋ ਘੱਟ ਨਿਗੁਣੀ ਤਨਖਾਹ ਵਾਲੇ ਇਨ੍ਹਾਂ ਅਧਿਆਪਕਾਂ ਦੀ ਤਨਖਾਹ ਦਾ ਸਮੇਂ ਸਿਰ ਪ੍ਰਬੰਧ ਕਰਨਾ ਚਾਹੀਦਾ ਹੈ।

# 27 ਦੇ ਝੰਡਾ ਮਾਰਚ 'ਚ ਅਧਿਆਪਕ ਵੱਡੀ ਗਿਣਤੀ 'ਚ ਹਿੱਸਾ ਲੈਣਗੇ : ਜੀ ਟੀ ਯੂ



**ਹੁਸ਼ਿਆਰਪੁਰ, ( ਬਲਵੀਰ ਸਿੰਘ ਸੈਣੀ)** ਪਿਛਲੇ ਲੱਗਭਗ ਦੋ ਸਾਲ ਪਹਿਲਾਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ 2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਨੂੰ ਦੀਵਾਲੀ ਦਾ ਤੋਹਫਾ ਦੇ ਕੇ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਇੱਕ ਅਧੂਰਾ ਨੋਟੀਫਕੇਸ਼ਨ ਜ਼ਾਰੀ ਕੀਤਾ ਗਿਆ ਸੀ, ਜੋ ਕਿ ਲੰਬਾ ਸਮਾਂ ਬੀਤ ਜਾਣ ਦੇ ਬਾਅਦ ਵੀ ਕਿਸੇ ਵੀ ਮੁਲਾਜ਼ਮ 'ਤੇ ਲਾਗੂ ਨਹੀਂ ਹੋ ਸਕਿਆ। ਇਸ ਦੇ ਵਿਰੋਧ ਵਿੱਚ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਵੱਲੋਂ 27 ਅਕਤੂਬਰ ਨੂੰ ਚੱਬੇਵਾਲ ਹਲਕੇ ਵਿੱਚ ਝੰਡਾ ਮਾਰਚ ਕੀਤਾ ਜਾ ਰਿਹਾ ਹੈ, ਜਿਸ ਵਿੱਚ ਹੁਸ਼ਿਆਰਪੁਰ ਅਤੇ ਆਸ ਪਾਸ ਦੇ ਜ਼ਿਲ੍ਹਿਆਂ ਦੇ ਅਧਿਆਪਕ ਅਤੇ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮ ਵੱਡੀ ਗਿਣਤੀ ਵਿੱਚ ਹਿੱਸਾ ਲੈਣਗੇ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਨਾਲ ਕੀਤਾ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ, ਜਿਸ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਰੋਹ ਪਾਇਆ ਜਾ ਰਿਹਾ।ਇਸ ਮੌਕੇ ਬੋਲਦਿਆਂ ਸੀਨੀਅਰ ਮੀਤ ਪ੍ਰਧਾਨ ਪ੍ਰਿਤਪਾਲ ਸਿੰਘ ਚੌਟਾਲਾ ਅਤੇ ਕਨਵੀਨਰ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਸੰਜੀਵ ਧੂਤ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਪੰਜਾਬ ਦੇ ਲੱਗਭਗ 2 ਲੱਖ ਤੋਂ ਵੱਧ ਮੁਲਾਜ਼ਮ ਪੰਜਾਬ ਸਰਕਾਰ ਦੀ ਵਾਅਦਾ ਖਿਲਾਫੀ ਵਿਰੁੱਧ ਲੜਾਈ ਛੇੜ ਰਹੇ ਹਨ ਅਤੇ 27ਅਕਤੂਬਰ ਨੂੰ ਚੱਬੇਵਾਲ ਹਲਕੇ ਦੇ ਪਿੰਡਾਂ ਵਿੱਚ ਝੰਡਾ ਮਾਰਚ ਕਰਨਗੇ ਅਤੇ ਪੰਜਾਬ ਦੇ ਲੋਕਾਂ ਨੂੰ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਤੋਂ ਜਾਣੂ ਕਰਵਾਉਣਗੇ।ਇਸ ਮੌਕੇ ਪ੍ਰਿੰਸ ਗੜਦੀਵਾਲ, ਸਚਿਨ ਕੁਮਾਰ, ਸਰਬਜੀਤ ਸਿੰਘ ਅਤੇ ਹੋਰ ਹਾਜ਼ਰ ਸਨ।

# ਪਿੰਡ ਹਰਚੰਦ ਵਾਸੀਆਂ ਨੇ ਸਰਪੰਚ ਉਰਮਿਲਾ ਦੇਵੀ ਨੂੰ ਕੀਤਾ ਸਨਮਾਨਤ



ਅੱਡਾ ਸਰਾਂ (ਜਸਵੀਰ ਕਾਜਲ) ਗ੍ਰਾਮ ਪੰਚਾਇਤ ਪਿੰਡ ਹਰਚੰਦ ਦੇ ਉਰਮਿਲਾ ਦੇਵੀ ਪੰਚਾਇਤੀ ਚੋਣਾਂ ਵਿੱਚ ਜੇਤੂ ਰਹੀ ਅਤੇ ਸਰਪੰਚ ਬਣੇ। ਉਨ੍ਹਾਂ ਨਾਲ ਮੈਂਬਰ ਪੰਚਾਇਤ ਸੁਰਿੰਦਰ ਕੌਰ, ਪੰਚ ਮੁਕੇਸ਼ ਰਾਣੀ, ਪੰਚ ਇਛਿਆ ਦੇਵੀ, ਪੰਚ ਮਹਿੰਦਰ ਕੌਰ, ਪੰਚ ਦਰਸ਼ਨਾਂ ਦੇਵੀ, ਪੰਚਾਇਤ ਮੈਂਬਰ ਬਣੇ। ਇਸ ਮੌਕੇ ਸਰਪੰਚ ਉਰਮਿਲਾ ਦੇਵੀ ਨੇ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿੰਡ ਦਾ ਵਿਕਾਸ ਸਾਡੀ ਪਹਿਲ ਕਦਮੀ ਹੋਵੇਗੀ ਅਤੇ ਪਾਰਟੀ ਤੋਂ ਉੱਪਰ ਉੱਠ ਕੇ ਪਿੰਡ ਦਾ ਕਰਾਂਗੇ। ਇਸ ਮੌਕੇ ਸਰਪੰਚ ਅਤੇ ਪੰਚਾਇਤ ਮੈਂਬਰਾਂ ਨੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਬੀਪੀਈਓ ਬਖਸ਼ੀਸ਼ ਸਿੰਘ, ਨੰਬਰਦਾਰ ਮਾਸਟਰ ਅਸ਼ੋਕ ਕੁਮਾਰ, ਨੰਬਰਦਾਰ ਧਰਮਚੰਦ, ਸੂਬੇਦਾਰ ਰਾਮਪਾਲ, ਵਿਨੋਦ ਕੁਮਾਰ, ਤਰਸੇਮ ਲਾਲ, ਬਖਸ਼ੀ ਰਾਮ, ਕਰਤਾਰ ਚੰਦ, ਸਤਵਿੰਦਰ ਸਿੰਘ, ਪ੍ਰਿਅੰਕਾ ਸਿੱਧੂ, ਕਮਲਾਂ ਦੇਵੀ,ਸਵਨੂਰ ਭਾਟੀਆ, ਮਹਿੰਦਰ ਸਿੰਘ, ਮਲਕੀਅਤ ਸਿੰਘ ਆਦਿ ਹਾਜ਼ਰ ਸਨ!

# ਡਿਪਟੀ ਕਮਿਸ਼ਨਰ ਤੇ ਐੱਸ ਐੱਸ ਪੀ ਵੱਲੋਂ ਮੰਡੀਆਂ ਦਾ ਦੌਰਾ

ਹੁਸ਼ਿਆਰਪੁਰ, ( ਬਲਵੀਰ ਸਿੰਘ ਸੈਣੀ ) ਡਿਪਟੀ ਕਮਿਸ਼ਨਰ ਕੋਮਲ ਮਿੱਤਲ ਅਤੇ ਐਸੱਐਸੱਪੀ ਸੁਰੇਂਦਰ ਲਾਂਬਾ ਨੇ ਅੱਜ ਸਥਾਨਕ ਹੁਸ਼ਿਆਰਪੁਰ ਅਤੇ ਚੱਬੇਵਾਲ ਦੀਆਂ ਜਿਆਨ ਮੰਡੀਆਂ ਦਾ ਦੌਰਾ ਕਰਕੇ ਝੋਨੇ ਦੀ ਲਿਫਟਿੰਗ ਦਾ ਜਾਇਜ਼ਾ ਲੈਂਦਿਆਂ ਖਰੀਦ ਏਜੰਸੀਆਂ ਨੂੰ ਲਿਫਟਿੰਗ ਵਿਚ ਹੋਰ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ।ਇਸ ਮੌਕੇ ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਕਲੱਸਟਰ ਦੇ ਲਗਭਗ ਸਾਰੇ ਸ਼ੈਲਰ ਮਾਲਕਾਂ ਨਾਲ ਝੋਨੇ ਦੀ ਬਾਰੇ ਵਿਸਥਾਰ ਵਿਚ ਗੱਲਬਾਤ ਉਪਰੰਤ ਮੰਡੀਆਂ ਵਿੱਚ ਝੋਨੇ ਦੀ ਨਿਰਵਿਘਨ ਲਿਫਟਿੰਗ ਸ਼ੁਰੂ ਹੋ ਗਈ ਹੈ ਅਤੇ ਕਿਸਾਨਾਂ ਨੂੰ ਮੰਡੀਆਂ ਵਿਚ ਕਿਸੇ ਕਿਸਮ ਦੀ ਦਿੱਕਤ ਦਰਪੇਸ਼ ਨਹੀਂ ਰਹੇਗੀ।ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਮੰਡੀਆਂ ਵਿੱਚ ਨਿਰਧਾਰਿਤ ਨਮੀ ਵਾਲਾ ਝੋਨਾ ਲਿਆਉਣ ਨੂੰ ਤਰਜੀਹ ਦੇਣ ਤਾਂ ਜੋ ਉਨ੍ਹਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਝੋਨੇ ਦੀ ਲਿਫਟਿੰਗ ਤੇਜ਼ੀ ਨਾਲ ਅਤੇ ਨਿਰਵਿਘਨ ਕੀਤੀ ਜਾਵੇਗੀ ਅਤੇ ਕਿਸਾਨਾਂ ਦੀ ਸਹੂਲਤ ਲਈ ਜ਼ਿਲ੍ਹੇ ਦੀਆਂ ਸਾਰੀਆਂ ਮੰਡੀਆਂ ਵਿੱਚ ਮੁਕੰਮਲ ਪ੍ਰਬੰਧ ਕੀਤੇ ਗਏ ਹਨ ।ਉਨ੍ਹਾਂ ਦੱਸਿਆ ਕਿ 22 ਅਕਤੂਬਰ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕੁੱਲ 129692 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ, ਜਿਸ ਵਿੱਚੋਂ 124432 ਮੀਟ੍ਰਿਕ ਟਨ ਦੀ ਖਰੀਦ ਕੀਤੀ ਜਾ ਚੁੱਕੀ ਹੈ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਿਸਾਨਾਂ ਵੱਲੋਂ ਲਿਆਂਦੀ ਫ਼ਸਲ ਦਾ ਇੱਕ-ਇੱਕ ਦਾਣਾ ਮੰਡੀਆਂ ਵਿੱਚ ਖਰੀਦਿਆ ਜਾਵੇਗਾ ਅਤੇ ਅਦਾਇਗੀ ਵੀ ਨਿਰਧਾਰਤ ਸਮੇਂ ਵਿੱਚ ਯਕੀਨੀ ਬਣਾਈ ਜਾਵੇਗੀ ।ਕੋਮਲ ਮਿੱਤਲ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਲਿਫਟਿੰਗ ਅਤੇ ਅਦਾਇਗੀ ਦੀ ਪ੍ਰਕਿਰਿਆ ਵਿੱਚ ਕੋਈ ਦੇਰੀ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਅਦਾਇਗੀ ਸਮੇਂ ਸਿਰ ਮਿਲਣੀ ਚਾਹੀਦੀ ਹੈ ਅਤੇ ਇਸ ਕੰਮ ਵਿੱਚ ਕੋਈ ਢਿੱਲ ਨਹੀਂ ਵਰਤੀ ਜਾਣੀ ਚਾਹੀਦੀ ।



# ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਰਾਸ਼ਟਰੀ ਪੋਸ਼ਣ ਮਹੀਨਾ 2024 ਨੂੰ ਸਮਰਪਿਤ ਸਮਾਰੋਹ



**ਜਲੰਧਰ ( ਸ਼ੈਲੀ ਐਲਬਰਟ):-** ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਜ਼ੁਆਲੋਜੀ ਅਤੇ ਬੋਟਨੀ ਵਿਭਾਗ ਨੇ ਗ੍ਰੀਵੈਂਸ ਰਿਡਰੈਸਲ ਸੈੱਲ ਨਾਲ ਸਾਂਝੇ ਤੌਰ 'ਤੇ ਰਾਸ਼ਟਰੀ ਪੋਸ਼ਣ ਮਹੀਨਾ-2024 ਦੀ ਸਮਾਪਤੀ ਸਮੇਂ ਇੱਕ ਸਮਾਰੋਹ ਦਾ ਆਯੋਜਨ ਕੀਤਾ ਗਿਆ । ਇਸ ਸਮਾਗਮ ਦੇ ਮੁੱਖ ਵਕਤਾ ਡਾ: ਸੁਰਜੀਤ ਸਿੰਘ, ਸੀਨੀਅਰ ਮੈਡੀਕਲ ਅਫ਼ਸਰ ਸਿਵਲ ਹਸਪਤਾਲ ਜਲੰਧਰ ਵੱਲੋਂ ਸਿਹਤਮੰਦ ਦਿਲ ਲਈ ਪੋਸ਼ਣ ਵਿਸ਼ੇ 'ਤੇ ਵਿਚਾਰ ਪੇਸ਼ ਕੀਤੇ।। ਪ੍ਰਿੰਸੀਪਲ ਡਾ. ਜਸਪਾਲ ਸਿੰਘ, ਪ੍ਰੋ: ਜਸਰੀਨ ਕੌਰ, ਪ੍ਰੋਫ਼ੈਸਰ ਨਵਦੀਪ ਕੌਰ ਅਤੇ ਡਾ: ਗਗਨਦੀਪ ਕੌਰ ਨੇ ਕਾਲਜ ਚਿੰਨ ਭੇਂਟ ਕਰਕੇ ਮੁੱਖ ਵਕਤਾ ਦਾ ਸਵਾਗਤ ਕੀਤਾ । ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਕਿਹਾ ਕਿ ਪੋਸ਼ਣ ਤੰਦਰੁਸਤ ਸਰੀਰ ਅਤੇ ਦਿਮਾਗ ਨੂੰ ਬਣਾਈ ਰੱਖਣ ਲਈ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਅਜਿਹੇ ਸਮਾਗਮਾਂ ਤੋਂ ਵੱਧ ਤੋਂ ਵੱਧ ਗਿਆਨ ਹਾਸਿਲ ਕਰਨ ਲਈ ਪ੍ਰੇਰਿਤ ਵੀ ਕੀਤਾ । । ਇਸ ਲੜੀ ਦੌਰਾਨ ਡਾ: ਗਗਨਦੀਪ ਕੌਰ, ਡਾ: ਉਪਮਾ ਅਰੋੜਾ, ਡਾ: ਹੇਮਿੰਦਰ ਸਿੰਘ ਅਤੇ ਪ੍ਰੋ: ਸਰਬਜੀਤ ਸਿੰਘ ਦੁਆਰਾ ਲੈਕਚਰਾਂ ਅਤੇ ਫਿਟਨੈਸ ਸੈਸ਼ਨਾਂ ਦਾ ਆਯੋਜਨ ਵੀ ਕੀਤਾ ਗਿਆ । ਇਸ ਲੜੀ ਦਾ ਉਦੇਸ਼ ਵਿਦਿਆਰਥੀਆਂ ਵਿੱਚ ਸਿਹਤ ਪ੍ਰਤੀ ਜਾਗਰੂਕਤਾ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨਾ ਸੀ । ਪੋਸ਼ਣ 'ਤੇ ਮਹੀਨਾ ਭਰ ਪ੍ਰਦਰਸ਼ਨੀ ਦੇ ਸਮਾਪਤੀ ਸਮਾਰੋਹ ਮੌਕੇ ਪ੍ਰਿੰਸੀਪਲ ਡਾ: ਜਸਪਾਲ ਸਿੰਘ ਨੇ ਡਾ: ਸੁਰਜੀਤ ਸਿੰਘ ਦੇ ਵਡਮੁੱਲੇ ਯੋਗਦਾਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਅਜਿਹੇ ਵਿਦਿਅਕ ਅਤੇ ਅਰਥ ਭਰਪੂਰ ਸਮਾਗਮਾਂ ਦੇ ਆਯੋਜਨ ਲਈ ਜ਼ੁਆਲੋਜੀ ਅਤੇ ਬੋਟਨੀ ਵਿਭਾਗ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ । ਇਸ ਮਹੀਨੇ ਦੌਰਾਨ ਵੱਖ-ਵੱਖ ਗਤੀਵਿਧੀਆਂ ਜਿਵੇਂ ਕਿ ਪੋਸਟਰ ਮੇਕਿੰਗ, ਸਲੋਗਨ ਰਾਈਟਿੰਗ ਅਤੇ ਹੋਰ ਸਹਿਯੋਗੀ ਸਮਾਗਮਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਸਮਾਗਮ ਦਾ ਮੰਚ ਸੰਚਾਲਨ ਡਾ: ਉਪਮਾ ਅਰੋੜਾ ਵੱਲੋਂ ਕੀਤਾ ਗਿਆ।

# ਬਿਨਾਂ ਪੱਖਪਾਤ ਹੋਵੇਗਾ ਪਿੰਡਾਂ ਦਾ ਸਰਬਪੱਖੀ ਵਿਕਾਸ : ਕੈਬਨਿਟ ਮੰਤਰੀ



**ਭਲਾਣ (ਹਰਭਜਨ ਢਿੱਲੋਂ)** ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸੂਚਨਾ ਤੇ ਲੋਕ ਸੰਪਰਕ ਵਿਭਾਗ, ਸਕੂਲ ਸਿੱਖਿਆ, ਉਚੇਰੀ ਸਿੱਖਿਆ ਅਤੇ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਪੰਜਾਬ ਨੇ ਨਵੀਆਂ ਚੁਣੀਆਂ ਪੰਚਾਇਤਾਂ ਦੇ ਪੰਚਾਂ, ਸਰਪੰਚਾਂ ਨੂੰ ਕਿਹਾ ਕਿ ਉਹ ਬਿਨਾਂ ਭੇਦਭਾਵ ਪਿੰਡਾਂ ਦਾ ਸਰਵਪੱਖੀ ਵਿਕਾਸ ਕਰਵਾਉਣ ਅਤੇ ਵਿਕਾਸ ਦੀ ਰਫਤਾਰ ਨੂੰ ਹੋਰ ਗਤੀ ਦੇਣ ਲਈ ਯੋਜਨਾਬੱਧ ਢੰਗ ਨਾਲ ਕੰਮ ਕਰਨ ।ਪੰਚਾਇਤੀ ਚੋਣਾਂ 2024 ਵਿੱਚ ਜਿਹੜੇ ਪਿੰਡਾਂ ਨੇ ਸਰਬਸੰਮਤੀ ਨਾਲ ਪੰਚਾਇਤਾਂ ਦੀ ਚੋਣ ਕੀਤੀ ਹੈ, ਉਨ੍ਹਾਂ ਨੇ ਵਿਕਾਸ ਦੇ ਰਾਹ ਖੋਲੇ ਹਨ। ਸ.ਹਰਜੋਤ ਬੈਂਸ ਨੇ ਆਪਣੇ ਧੰਨਵਾਦੀ ਦੌਰੇ ਦੌਰਾਨ ਰਾਏਪੁਰ ਵਿੱਚ ਲੋਕਾਂ ਨਾਲ ਵਿਚਾਰ ਸਾਂਝੇ ਕੀਤੇ ਤੇ ਕਿਹਾ ਕਿ ਪੰਜਾਬ ਵਿਚ ਹੁਣ ਪਿੰਡਾਂ ਦੇ ਵਿਕਾਸ ਦਾ ਖਾਕਾ ਤਿਆਰ ਹੋ ਗਿਆ ਹੈ ਤੇ ਪਿੰਡਾਂ ਵਿੱਚ ਹੁਣ ਹੋਰ ਬਹੁਤ ਕੁਝ ਕਰਨ ਦੀ ਜ਼ਰੂਰਤ ਹੈ।ਉਨ੍ਹਾਂ ਨੇ ਕਿਹਾ ਕਿ ਹਰ ਖੇਤਰ ਵਿੱਚ ਨਵੀ ਚੁਣੀ ਗਈ ਪੰਚਾਇਤ ਨੂੰ ਬਿਨਾਂ ਭੇਦਭਾਵ ਵਿਕਾਸ ਕਰਨ ਲਈ ਫੰਡ ਉਪਲੱਬਧ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਪੰਚਾਇਤਾਂ ਦਾ ਇਹ ਵੀ ਇਹ ਫਰਜ਼ ਹੈ ਕਿ ਉਹ ਰਾਜਨੀਤੀ ਤੋਂ ਉੱਪਰ ਉੱਠ ਕੇ ਬਿਨਾ ਕਿਸੇ ਪੱਖਪਾਤ ਤੋਂ ਪਿੰਡਾਂ ਦੇ ਵਿਕਾਸ ਕਰਵਾਉਣ।ਪਿੰਡ ਰਾਏਪੁਰ ਅੱਪਰ ਦੀ ਨਵੀ ਚੁਣੀ ਪੰਚਾਇਤ ਦੇ ਸਰਪੰਚ ਗੁਰਵਿੰਦਰ ਕੌਰ ਪਤਨੀ ਸੁਖਵਿੰਦਰ ਸੇਖੋ ਤੇ ਪੰਚਾਇਤ ਮੈਂਬਰ ਸੁਰਜੀਤ ਸਿੰਘ ਪੰਚ, ਰਮੇਸ਼ ਕੌਰ ਪੰਚ, ਭਾਗੋ ਬੇਗਮ ਪੰਚ ਦਾ ਕੈਬਨਿਟ ਮੰਤਰੀ ਨੇ ਵਿਸ਼ੇਸ਼ ਸਨਮਾਨ ਕੀਤਾ ।ਇਸ ਮੌਕੇ ਡਾ.ਸੰਜੀਵ ਗੌਤਮ ਚੇਅਰਮੈਨ ਗੁਰੂ ਰਵਿਦਾਸ ਆਯੁਰਵੇਦ ਯੂਨੀਵਰਸਿਟੀ, ਦੀਪਕ ਸੋਨੀ ਮੀਡੀਆਰ ਕੋਆਰਡੀਨੇਟਰ, ਸਰਪੰਚ ਜਸਪਾਲ ਸਿੰਘ ਢਾਹੇ,ਸਰਪੰਚ ਪੰਮੂ ਢਿੱਲੋਂ ਬ੍ਰਹਮਪੁਰ, ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ,ਸਰਪੰਚ ਜੱਗਿਆ ਦੱਤ ਬੰਦਲੈਹੜੀ,ਸਰਪੰਚ ਤਿਲਕ ਰਾਜ ਅਜੋਲੀ, ਗੁਰਮੇਲ ਸਿੰਘ, , ਮੁਹੰਮਦ ਰਸੀਕ (ਰਾਣੂ ਬਾਬਾ), ਅਮਰੀਕ ਸਿੰਘ, ਬਿੰਦੀ ਸ਼ੇਖੋਂ, ਜਸਵਿੰਦਰ ਸਿੰਘ, ਕਾਕੂ ਸਹੋਤਾ, ਬਿਕਰਮ ਸਿੰਘ, ਛੋਟੂ ਰਾਮ, ਰਜਿੰਦਰ ਗੋਲਡੀ, ਜਗਦੀਸ਼ ਕੁਮਾਰ, ਸਤਵਿੰਦਰ ਸਿੰਘ, ਸੁਬੀਰ ਅਲੀ, ਰਾਜ ਕੁਮਾਰੀ, ਰਣਜੀਤ ਸਿੰਘ ਜੀਤਾ ਤੇ ਪਤਵੰਤੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਖੇਤੀਬਾੜੀ ਮੰਤਰੀ ਨੇ ਪਰਾਲੀ ਖੇਤਾਂ 'ਚ ਮਿਲਾਉਣ ਦਾ ਦਿੱਤਾ ਸੁਨੇਹਾ



**ਮਹਾਲੀ, (ਗੁਰਜੀਤ ਬਿੱਲਾ)** -ਖੇਤੀਬਾੜੀ ਮੰਤਰੀ ਪੰਜਾਬ ਨੇ ਝੋਨੇ ਦੀ ਪਰਾਲੀ ਖੇਤਾਂ ਵਿਚ ਮਿਲਾਉਣ ਦਾ ਸੁਨੇਹਾ ਦਿੱਤਾ। ਮੁੱਖ ਖੇਤਬਾੜੀ ਅਫਸਰ ਡਾ. ਗੁਰਮੇਲ ਸਿੰਘ ਨੇ ਖੇਤਬਾੜੀ ਮੰਤਰੀ ਪੰਜਾਬ ਸ.ਗੁਰਮੀਤ ਸਿੰਘ ਖੁੱਡੀਆਂ ਦੀ ਹਾਜ਼ਰੀ ਵਿੱਚ ਜ਼ਿਲ੍ਹੇ ਦੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਖੇਤਾਂ ਵਿੱਚ ਗਾਲਣ ਲਈ ਪੂਸਾ ਬਾਇਓ ਡੀਕੰਪੋਜ਼ਰ ਦੀ ਵੰਡ ਸ਼ੁਰੂ ਕਰਵਾਈ। ਇਹ ਡੀਕੰਪੋਜ਼ਰ ਖੇਤਬਾੜੀ ਵਿਭਾਗ ਵਾਲੋ ਬਿਨਾਂ ਕਿਸੇ ਕੀਮਤ ਤੋਂ ਕਿਸਾਨਾਂ ਨੂੰ ਮੁਹੱਈਆ ਕਰਵਾਏ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਵੱਧ ਤੋ ਵੱਧ ਕਿਸਾਨ ਇਸ ਦੀ ਵਰਤੋਂ ਕਰਨ ਜਿਸ ਨਾਲ ਝੋਨੇ ਦੀ ਪਰਾਲੀ ਬਹੁਤ ਜਲਦੀ ਗਲ ਕੇ ਖਾਦ ਬਣ ਜਾਂਦੀ ਹੈ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਵੱਧਦੀ ਹੈ। ਖੇਤੀਬਾੜੀ ਵਿਭਾਗ ਦੇ ਤਕਨੀਕੀ ਮਾਹਰ ਸ਼ੁਭਕਰਨ ਸਿੰਘ, ਜਸਪ੍ਰੀਤ ਸਿੰਘ, ਅਜੈ ਸ਼ਰਮਾ ਨੇ ਇਸ ਦੀ ਵਿਧੀ ਬਾਰੇ ਜਾਣੂ ਕਰਵਾਇਆ ਕਿ ਇਹ 750 ਗ੍ਰਾਮ ਦਾ ਪੈਕਟ 200 ਲੀਟਰ ਪਾਣੀ ਵਿਚ ਮਿਲਾ ਕੇ ਇਕ ਕਿੱਲੇ ਵਿੱਚ ਸਪਰੇਅ ਕੀਤੀ ਜਾਵੇ ਅਤੇ ਉਪਰੰਤ ਰੋਟਾਵੇਟਰ ਜਾ ਡਿਸਕ ਹੈਰੋ ਨਾਲ ਪਰਾਲੀ ਨੂੰ ਖੇਤਾ ਵਿਚ ਮਿਲਾ ਕੇ ਹਲਕੀ ਸਿੰਚਾਈ ਕੀਤੀ ਜਾਵੇ। ਅਗਲੀ ਫਸਲ 15-20 ਦਿਨ ਬਾਅਦ ਬੀਜੀ ਜਾ ਸਕਦੀ ਹੈ। ਵਿਭਾਗ ਵੱਲੋਂ ਪਿੰਡਾਂ ਵਿਚ ਉਪਲੱਬਧ ਇਨ ਸਿਟੂ ਅਤੇ ਐਕਸ ਸਿਟੂ ਮਸ਼ੀਨਾਂ ਦੀ ਸੂਚੀ ਕੋਆਪਰੇਟਿਵ ਸੋਸਾਇਟੀਜ਼ ਅਤੇ ਜਨਤਕ ਥਾਂਵਾਂ ਤੇ ਚਿਸਪਾ ਕਰ ਦਿੱਤੀ ਹੈ ਜਿਸ ਨਾਲ ਲੋੜਵੰਦ ਕਿਸਾਨਾ ਨੂੰ ਵਰਤਣ ਲਈ ਮਸ਼ੀਨ ਲੈਣ ਵਿਚ ਆਸਾਨੀ ਹੋਵਗੀ। ਇਸ ਸਮੇਂ ਕਰਨਵੀਰ ਸਿੰਘ ਫੀਲਡ ਵਰਕਰ, ਸਰਪੰਚ ਹਰਪ੍ਰੀਤ ਕੌਰ ਪਤਨੀ ਜਸਵੀਰ ਸਿੰਘ ਪਿੰਡ ਮਜਾਤੜੀ, ਕਿਸਾਨ ਜਵਾਲਾ ਸਿੰਘ, ਰਾਜਿੰਦਰ ਸਿੰਘ ਆਦਿ ਹਾਜ਼ਰ ਸਨ।

# ਕਲੀਨ ਤੇ ਗ੍ਰੀਨ ਦੀਵਾਲੀ ਮਨਾਓ : ਰਾਜਨ ਅਰੋੜਾ




**ਨਵਾਂ ਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਵਾਤਾਵਰਨ ਸੰਭਾਲ ਸੁਸਾਇਟੀ ਵਲੋਂ ਦੋਆਬਾ ਆਰੀਆ ਸੀਨੀਅਰ ਸੈਕੰਡਰੀ ਸਕੂਲ ਵਿਚ ਪਰਦੂਸ਼ਣ ਮੁਕਤ ਦੀਵਾਲੀ ਮਨਾਉਣ ਲਈ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਤੇ ਸੁਸਾਇਟੀ ਦੇ ਚੇਅਰਮੈਨ ਰਾਜਨ ਅਰੋੜਾ ਨੇ ਪਰਦੂਸ਼ਣ ਦੇ ਵਧ ਰਹੇ ਲੈਵਲ ਵਾਰੇ ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਦੀਵਾਲੀ ਮੌਕੇ ਪਟਾਕੇ, ਅਨਾਰ, ਆਤਿਸ਼ਬਾਜੀ ਆਦਿ ਚਲਾਉਣ ਨਾਲ ਸਾਡੇ ਇਲਾਕੇ ਦੀ ਹਵਾ ਦੀ ਗੁਣਵੱਤਾ ਵਾਲਾ ਇੰਡੈਕਸ ਮਾੜੇ ਲੈਵਲ ਤੋਂ ਵੱਧ ਕੇ ਖਤਰਨਾਕ ਹੋ ਜਾਂਦਾ ਹੈ ਜਿਸ ਨਾਲ ਅਸਥਮਾਂ ਦੇ ਰੋਗੀਆਂ ਦੀ ਜਿੰਦਗੀ ਨੂੰ ਬਹੁਤ ਹੀ ਜਿਆਦਾ ਖਤਰਾ ਹੋ ਜਾਂਦਾ ਹੈ। ਲਗਾਤਾਰ ਵੱਧ ਰਹੇ ਪ੍ਰਦੂਸ਼ਣ ਨੂੰ ਰੋਕਣ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਲੋੜ ਹੈ।ਇਸ ਮੌਕੇ ਸਕੂਲ ਦੇ ਬਗੀਚੇ ਵਿੱਚ ਵੱਖ-ਵੱਖ ਕਿਸਮ ਦੇ ਪੰਜ ਬੂਟੇ ਵੀ ਲਗਾਏ ਗਏ।ਸੁਸਾਇਟੀ ਦੇ ਵਾਇਸ ਪ੍ਰਧਾਨ ਤਰਸੇਮ ਲਾਲ ਨੇ ਦਿਵਾਲੀ ਦੇ ਇਤਿਹਾਸ ਵਾਰੇ ਜਾਣਕਾਰੀ ਦਿੱਤੀ ਅਤੇ ਇਸ ਤਿਉਹਾਰ ਨੂੰ ਰਵਾਇਤੀ ਤਰੀਕੇ ਨਾਲ ਮਨਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪਟਾਕੇ ਬਿਲਕੁਲ ਨਹੀਂ ਬਜਾਉਣੇ ਚਾਹੀਦੇ। ਇਸ ਨਾਲ ਪੈਸੇ ਦੀ ਬਰਬਾਦੀ ਹੁੰਦੀ ਹੈ ਅਤੇ ਪਰਦੂਸ਼ਣ ਵਧ ਜਾਂਦਾ ਹੈ। ਘਰ ਵਿਚ ਸਰੋਂ ਦੇ ਤੇਲ ਜਾਂ ਦੇਸੀ ਘਿਉ ਦੇ ਦੀਵੇ ਬਾਲਣੇ ਚਾਹੀਦੇ ਹਨ। ਬਿਜਲੀ,ਪਾਣੀ,ਕਾਗਜ ਆਦਿ ਦੀ ਦੁਰਵਰਤੋਂ ਰੋਕਣੀ ਚਾਹੀਦੀ ਹੈ। ਇਸ ਮੌਕੇ ਤੇ ਸੁਸਾਇਟੀ ਦੇ ਚੇਅਰਮੈਨ ਰਾਜਨ ਅਰੋੜਾ, ਪ੍ਰਧਾਨ ਜਸਵੰਤ ਸਿੰਘ ਭੱਟੀ, ਵਾਇਸ ਪ੍ਰਧਾਨ ਤਰਸੇਮ ਲਾਲ, ਡਾ. ਨਿਤਿਨ ਮਿਤੱਲ, ਕੁਲਦੀਪ ਕੁਮਾਰ, ਅਤੇ ਸਕੂਲ ਮੁਖੀ ਰਾਜਿੰਦਰ ਸਿੰਘ ਗਿੱਲ, ਇੰਦਰਜੀਤ ਕੌਰ, ਮਹਿੰਦਰ ਪਾਲ, ਸਕੂਲ ਦਾ ਸਮੂਹ ਸਟਾਫ ਅਤੇ ਵਿਦਆਰਥੀ ਮੌਜੂਦ ਸਨ।

# ਸ਼ੀਤਲ ਚੋਪੜਾ ਨੇ ਨਗਰ ਕੌਂਸਲ ਦੇ ਕਾਂਗਰਸੀ ਪ੍ਰਧਾਨ 'ਤੇ ਖੜੇ ਕੀਤੇ ਸਵਾਲ

**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)** ਸਥਾਨਕ ਨਗਰ ਕੌਂਸਲ ਵਿੱਚ ਮਹੀਨੇਵਾਰ ਮੀਟਿੰਗ ਵਿੱਚ ਕਾਂਗਰਸ ਦੀ ਕੌਂਸਲਰ ਵੱਲੋਂ ਆਪਣੇ ਹੀ ਪ੍ਰਧਾਨ ਦਾ ਵਿਰੋਧ ਕਰਦਿਆਂ ਮੀਟਿੰਗ ਦਾ ਬਾਈਕਾਟ ਕੀਤਾ ਗਿਆ। ਨਗਰ ਕੌਂਸਲ ਪ੍ਰਧਾਨ ਨੇ ਆਪਣੇ ਵਾਰਡ ਨੰਬਰ 10 ਵਿੱਤ ਦੋ ਵਾਰ ਵਿਕਾਸ ਦੀ ਰਾਸ਼ੀ ਦੋ ਵਾਰ ਪਵਾਈ ਗਈ ਹਾਲਾਕਿ ਬਾਅਦ ਵਿੱਚ ਕਲੈਰੀਕਲ ਮਿਸਟੇਕ ਮੰਨਿਆ ਗਿਆ ਫਿਰ ਵੀ ਕਾਂਗਰਸ ਦੀ ਕੌਂਸਲਰ ਸ਼ੀਤਲ ਚੋਪੜਾ ਨੇ ਪ੍ਰੈਸ ਨੂੰ ਬੁਲਾ ਕੇ ਸਿੱਧੇ ਸ਼ਬਦਾ ਵਿੱਚ ਵਿਕਾਸ ਨਾ ਹੋਣ ਕਰਕੇ ਅਤੇ ਸ਼ਹਿਰ ਵਿੱਚ ਗਲੀਆ ਨਾਲੀਆ ਦੀ ਸਫਾਈ ਨਾ ਹੋਣ ਕਰਕੇ ਨਗਰ ਕੌਂਸਲ ਪ੍ਰਧਾਨ ਦਾ ਵਿਰੋਧ ਕੀਤਾ ਗਿਆ। ਸ਼ੀਤਲ ਚੋਪੜਾ ਨੇ ਪ੍ਰੈਸ ਨੂੰ ਦੱਸਿਆ ਕਿ ਤਿੰਨ ਸਾਲ ਬੀਤ ਜਾਣ ਦੇ ਬਾਅਦ ਵੀ ਕਿਸੇ ਪਾਸੇ ਕੋਈ ਵਿਕਾਸ ਨਹੀ ਹੋਇਆ ਉਹਨਾ ਕਿਹਾ ਕਿ ਉਸਦੇ ਵਾਰਡ ਨੰਬਰ ਪੰਜ ਵਿੱਚ ਵੀ ਮੇਰੇ ਕਹਿਣ ਅਨੁਸਾਰ ਕੰਮ ਨਹੀਂ ਹੋਇਆ। ਇਸ ਉਪਰੰਤ ਗੱਲਬਾਤ ਕਰਦੇ ਕੌਂਸਲਰ ਬਿਮਲ ਕੁਮਾਰ ਨੇ ਕਿਹਾ ਕਿ ਇਤਿਹਾਸਿਕ ਦਿੱਲੀ ਗੇਟ ਦੀ ਕਾਇਆ ਕਲਪ ਕਰਨ ਲਈ ਕਈ ਵਾਰ ਮਤੇ ਪੈ ਚੁੱਕੇ ਹਨ।

ਇਸ ਦੀ ਸੰਭਾਲ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਉਹਨਾ ਕਿਹਾ ਕਿ ਪ੍ਰੈਸ ਦੀ ਅਜ਼ਾਦੀ ਨੂੰ ਵੀ ਦਬਾਇਆ ਜਾ ਰਿਹਾ ਹੈ। ਪ੍ਰੈਸ ਤੋਂ ਆਪਣੀਆ ਨਾਕਾਮੀਆ ਛੁਪਾਉਣ ਲਈ ਪੱਤਰਕਾਰਾਂ ਨੂੰ ਕਿਸੇ ਮੀਟਿੰਗ ਵਿੱਚ ਨਹੀਂ ਬੁਲਾਇਆ ਜਾਂਦਾ। ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਅਤੇ ਕੌਂਸਲਰ ਹੇਮੰਤ ਰਣਦੇਵ ਨੇ ਕਿਹਾ ਸ਼ਹਿਰ 'ਚ ਕਿਧਰੇ ਵੀ ਕੋਈ ਵਿਕਾਸ ਨਹੀਂ ਦਿਖਦਾ ਇਸ ਕਾਰਨ ਬੰਦ ਕਮਰੇ ਵਿੱਚ ਮੀਟਿੰਗ ਕਰਕੇ ਪ੍ਰੈਸ ਤੋਂ ਦੂਰੀਆ ਰੱਖ ਰਹੇ ਹਨ। ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਅਮਰਜੀਤ ਸਿੰਘ ਬਿੱਟਾ ਨੇ ਕੌਂਸਲਰਾ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਸ਼ਹਿਰ ਵਿੱਚ ਸਫਾਈ ਵੀ ਹੋ ਰਹੀ ਹੈ ਅਤੇ ਵਿਕਾਸ ਵੀ ਹੋ ਰਿਹਾ ਹੈ ਉਹਨਾ ਕਿਹਾ ਕਿ ਸ਼ੀਤਲ ਚੋਪੜਾ ਨੇ ਹਾਊਸ ਵਿੱਚ ਤਾਂ ਕੋਈ ਸਵਾਲ ਨਹੀਂ ਕੀਤਾ ਬਾਹਰ ਦਾ ਉਹਨਾ ਨੂੰ ਕੋਈ ਪਤਾ ਨਹੀਂ।

# ਸ਼ਹੀਦ ਭਗਤ ਸਿੰਘ ਨਗਰ 'ਚ ਨਸ਼ਾ ਵਿਰੋਧੀ ਮੁਹਿੰਮ ਤੇਜ਼

**ਨਵਾਂਸ਼ਹਿਰ, (ਮਨੋਜ ਲਾਡੀ)**-ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਐਨ ਸੀ ਆਰ ਡੀ ਕਮੇਟੀ ਦੀ ਮੀਟਿੰਗ ਹੋਈ।ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਨੌਜਵਾਨਾਂ ਨੂੰ ਨਸ਼ਿਆਂ ਦੀ ਦੁਰਵਰਤੋਂ ਦੇ ਖ਼ਤਰਿਆਂ ਬਾਰੇ ਜਾਗਰੂਕ ਕਰਨ ਦੇ ਇਕ ਸਰਗਰਮ ਯਤਨ ਤਹਿਤ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਨੇ ਨਸ਼ਿਆਂ ਦੀ ਵਰਤੋਂ ਨੂੰ ਰੋਕਣ ਅਤੇ ਨੌਜਵਾਨਾਂ ਦੀਆਂ ਜ਼ਿੰਦਗੀਆਂ ਦੀ ਸੁਰੱਖਿਆ ਲਈ ਇਕ ਵਿਆਪਕ ਮੁਹਿੰਮ ਦੇ ਹਿੱਸੇ ਵਜੋਂ ਸਤੰਬਰ ਵਿਚ 69 ਸੈਮੀਨਾਰ ਆਯੋਜਿਤ ਕੀਤੇ ਹਨ।ਉਨ੍ਹਾਂ ਡਰੱਗ ਡੀਲਰਾਂ ਦੀਆਂ ਜਾਇਦਾਦਾਂ ਨੂੰ ਜ਼ਬਤ ਕਰਨ ਸਮੇਤ ਸਖ਼ਤ ਕਦਮ ਚੁੱਕੇ ਜਾਣ 'ਤੇ ਜ਼ੋਰ ਦਿੱਤਾ। ਉਨ੍ਹਾਂ ਪਿੰਡਾਂ ਦੇ ਸਰਪੰਚਾਂ, ਆਸ਼ਾ ਵਰਕਰਾਂ ਅਤੇ ਸਥਾਨਕ ਆਗੂਆਂ ਨੂੰ ਨਸ਼ਾ ਤਸਕਰਾਂ ਬਾਰੇ ਸੂਚਨਾ ਪੁਲਿਸ ਨੂੰ ਸਮੇਂ ਸਿਰ ਮੁਹਈਆ ਕਰਵਾਉਣ ਲਈ ਕਿਹਾ ਤਾਂ ਜੋ ਉਨ੍ਹਾਂ ਖਿਲਾਫ ਕਾਰਵਾਈ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ ਇਕੱਲੇ ਸਤੰਬਰ ਮਹੀਨੇ ਵਿਚ ਐਨ.ਡੀ.ਪੀ.ਐਸ ਐਕਟ ਤਹਿਤ 93 ਕੇਸ ਦਰਜ ਹੋਏ ਹਨ।ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਵੀ ਇਸ ਦੀਵਾਲੀ 'ਤੇ ਜ਼ਿਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਲਈ ਯੋਗਦਾਨ ਪਾਉਣ ਦੀ ਅਪੀਲ ਕੀਤੀ ਅਤੇ ਲੋੜਵੰਦਾਂ ਨੂੰ ਜ਼ਿਲ੍ਹਾ ਹਸਪਤਾਲ ਦੇ ਕਾਊਂਸਲਰਾਂ ਅਤੇ ਮਨੋਵਿਗਿਆਨੀ ਡਾਕਟਰਾਂ ਦੀ ਮਦਦ ਲੈਣ ਲਈ ਪ੍ਰੇਰਿਤ ਕੀਤਾ।

# ਸਿਹਤ ਵਿਭਾਗ ਵੱਲੋਂ 50 ਕਿਲੋ ਸ਼ੱਕੀ ਪਨੀਰ ਤੇ 10 ਕਿਲੋ ਖੋਆ ਸੀਜ਼ ਕਰਕੇ ਸੈਂਪਲ ਲਏ



**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)** ਮਿਸ਼ਨ ਤੰਦਰੁਸਤ ਪੰਜਾਬ ਤਹਿਤ ਜ਼ਿਲ੍ਹੇ ਵਿੱਚ ਲੋਕਾਂ ਸਾਫ ਅਤੇ ਮਿਆਰੀ ਖਾਦ ਪਦਾਰਥ ਮੁੱਹਈਆ ਕਰਵਾਉਣ ਸਿਹਤ ਵਿਭਾਗ ਦੇ ਜਿੰਮੇਵਾਰੀ ਹੈ ਤੇ ਤਿਉਹਾਰਾਂ ਨੂੰ ਮੁੱਖ ਰੱਖਦੇ ਹੋਏ ਗੜ੍ਹਸ਼ੰਕਰ ਚੰਡੀਗੜ੍ਹ ਰੋਡ ਆ ਰਹੀ ਗੱਡੀ ਨੂੰ ਫੜ ਕਿ 50 ਕਿਲੋ ਸ਼ੱਕੀ ਪਨੀਰ ਤੇ 10 ਕਿਲੋ ਖੋਆ ਨੂੰ ਇਕ ਦੁਕਾਨ ਵਿੱਚ ਸੀਜ ਕਰਕੇ ਦੇ ਸੈਂਪਲ ਲੈ ਕੇ ਲੈਬਰੋਟਰੀ ਨੂੰ ਭੇਜ ਦਿਤੇ ਗਏ।ਇਸ ਉਪਰੰਤ ਹੁਸ਼ਿਆਰਪੁਰ ਦੇ ਫਗਵਾੜਾ ਬਾਈ ਪਾਸ 'ਤੇ ਦੋਧੀਆਂ ਦੀ ਚੈਕਿੰਗ ਕੀਤੀ ਤੇ ਦੁੱਧ ਦੇ ਸੈਂਪਲ ਲਏ ਗਏ।ਇਸ 'ਤੇ ਲਗਾਤਰ ਫੂਡ ਟੀਮ ਵੱਲੋਂ ਜਿਲ੍ਹਾ ਹੁਸ਼ਿਆਰਪੁਰ ਦੇ ਵੱਖ ਵੱਖ ਹਿੱਸਿਆ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਹੈ।ਇਸ ਮੌਕੇ ਇਨ੍ਹਾਂ ਨਾਲ ਫੂਡ ਅਫਸਰ ਵਿਵੇਕ ਕੁਮਾਰ, ਅਵੀਨਵ ਖੋਸਲਾ, ਰਾਮ ਲੁਭਾਇ ਤੇ ਹਰਜੀਤ ਸਿੰਘ ਹਾਜ਼ਰ ਸਨ।ਇਸ ਮੌਕੇ ਜਿਲ੍ਹਾ ਸਿਹਤ ਅਫਸਰ ਡਾ. ਜਤਿੰਦਰ ਕੁਮਾਰ ਭਾਟੀਆ ਨੇ ਦੱਸਿਆ ਕਿ ਤਿਉਹਾਰਾਂ ਦੇ ਸੀਜਨ ਆਉਣ 'ਤੇ ਸਿਹਤ ਵਿਭਾਗ ਵੱਲੋਂ ਲਗਾਤਾਰ ਛਾਪੇਮਾਰ ਕਰਕੇ ਇਹਨਾਂ 'ਤੇ ਨਜ਼ਰ ਰੱਖੀ ਜਾ ਰਹੀ ਹੈ।

# ਅਧਿਆਪਕਾਵਾਂ ਨੂੰ ਨੋਟਿਸ ਕੱਢਣ ਦੀ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਨਿਖੇਧੀ

ਮਹਿਤਪੁਰ (ਰਾਜਾ) ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ(ਵਿਗਿਆਨਿਕ) ਦੇ ਪ੍ਰਧਾਨ ਨਵਪ੍ਰੀਤ ਬੱਲੀ, ਜਨਰਲ ਸਕੱਤਰ ਸੁਰਿੰਦਰ ਕੰਬੋਜ, ਵਿੱਤ ਸਕੱਤਰ ਸੋਮ ਸਿੰਘ ਅਤੇ ਪ੍ਰੈਸ ਸਕੱਤਰ ਐਨ.ਡੀ.ਤਿਵਾੜੀ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਵਲੋਂ ਸਰਕਾਰੀ ਪ੍ਰਾਇਮਰੀ ਸਕੂਲ ਗੋਦਾਰਾ, ਬਲਾਕ ਜੈਤੋ (ਫਰੀਦਕੋਟ) ਦੇ ਅਧਿਆਪਕਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।ਨੋਟਿਸ ਵਿਚ ਅਧਿਆਪਕਾਂ 'ਤੇ ਜੈਤੋ ਦੇ ਵਿਧਾਇਕ ਅਮੋਲਕ ਸਿੰਘ ਵਲੋਂ ਸਕੂਲ ਅਚਨਚੇਤ ਵਿਜ਼ਿਟ ਦੌਰਾਨ ਅਧਿਆਪਕਾਵਾਂ 'ਤੇ ਦੋਸ਼ ਲਗਾਏ ਗਏ ਹਨ ਕਿ ਜਮਾਤ ਦੇ ਕਮਰਿਆਂ ਤੋਂ ਬਾਹਰ ਆ ਕੇ ਵਿਧਾਇਕ ਨੂੰ ਰਸੀਵ ਨਹੀਂ ਕੀਤਾ ਅਤੇ ਵੀਆਈਪੀ ਸਹੂਲਤ ਨਾ ਮਿਲਣ 'ਤੇ ਹਰਿੰਦਰਜੀਤ ਸਿੰਘ ਅੰਮ੍ਰਿਤਸਰ, ਬਲਵੀਰ ਸਿੰਘ, ਜਰਨੈਲ ਜੰਡਾਲੀ ਨੇ ਵੀ ਵਿਧਾਨ ਸਭਾ ਦੇ ਸਪੀਕਰ ਵੱਲੋਂ ਇਹ ਜੋ ਅਧਿਆਪਕਾਂ ਨੂੰ ਨੋਟਿਸ ਜਾਰੀ ਕੀਤਾ ਹੈ, ਉਸ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ।

# ਕੌਮੀ ਡਿਜ਼ੀਟਲ ਪਲੇਟਫਾਰਮਾਂ ਦੀ ਭੂਮਿਕਾ ਅਹਿਮ : ਨੀਲਕੰਠ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** ਇੱਥੇ ਮਗਸੀਪਾ ਵਿਖੇ ਕੋਲੈਬ-ਫਾਈਲਜ਼, ਈ-ਟਾਲ ਅਤੇ ਗੋਵ.ਇਨ ਸਕਿਉਰ ਇੰਟਰਾਨੈਟ ਵੈੱਬ ਪੋਰਟਲ ਬਾਰੇ ਕਰਵਾਈ ਗਈ ਇੱਕ ਰੋਜ਼ਾ ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਨੀਲਕੰਠ ਐਸ. ਆਵਾੜ ਨੇ ਕਿਹਾ ਕਿ ਕੌਮੀ ਡਿਜੀਟਲ ਪਲੇਟਫਾਰਮ ਕੁਸ਼ਲ, ਪਾਰਦਰਸ਼ੀ ਅਤੇ ਸੁਰੱਖਿਅਤ ਪ੍ਰਣਾਲੀਆਂ ਜ਼ਰੀਏ ਪ੍ਰਸ਼ਾਸਨਿਕ ਸੇਵਾਵਾਂ ਨੂੰ ਬਿਹਤਰ ਬਣਾਉਣ ਦੇ ਨਾਲ ਨਾਲ ਨੀਤੀਆਂ ਅਤੇ ਸੇਵਾਵਾਂ ਨੂੰ ਵਧੇਰੇ ਜਵਾਬਦੇਹ ਬਣਾ ਕੇ ਡਾਟਾ-ਅਧਾਰਤ ਫੈਸਲੇ ਲੈਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਇਹ ਵਰਕਸ਼ਾਪ ਮਗਸੀਪਾ ਵਿਖੇ ਨੈਸ਼ਨਲ ਇਨਫੋਰਮੈਟਿਕਸ ਸੈਂਟਰ (ਐਨ ਆਈ ਸੀ) ਵੱਲੋਂ ਪ੍ਰਸ਼ਾਸਨਿਕ ਸੁਧਾਰ ਵਿਭਾਗ (ਡੀ ਜੀ ਆਰ) ਪੰਜਾਬ ਦੇ ਸਹਿਯੋਗ ਨਾਲ ਕਰਵਾਈ ਗਈ।ਇਸ ਵਰਕਸ਼ਾਪ ਵਿੱਚ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ 100 ਤੋਂ ਵੱਧ ਨੁਮਾਇੰਦਿਆਂ ਨੇ ਹਿੱਸਾ ਲਿਆ।

ਵਧੀਕ ਸਕੱਤਰ ਸਕੂਲ ਸਿੱਖਿਆ ਪਰਮਿੰਦਰ ਪਾਲ ਸਿੰਘ ਸੰਧੂ ਨੇ ਡਿਜੀਟਲ ਪਹਿਲਕਦਮੀਆਂ ਦੀ ਅਗਵਾਈ ਕਰਨ ਲਈ ਐਨ ਆਈ ਸੀ ਪੰਜਾਬ ਦੀ ਸਮੁੱਚੀ ਟੀਮ ਦੇ ਯਤਨਾਂ ਦੀ ਸ਼ਲਾਘਾ ਕੀਤੀ।ਆਪਣੇ ਸੰਬੋਧਨ ਵਿੱਚ ਐਨ ਆਈ ਸੀ ਪੰਜਾਬ ਦੇ ਡੀ ਡੀ ਜੀ ਅਤੇ ਸਟੇਟ ਕੋਆਰਡੀਨੇਟਰ ਆਈ ਪੀ ਐਸ ਸੇਠੀ ਨੇ ਆਈ.ਸੀ.ਟੀ. ਪਹਿਲਕਦਮੀਆਂ ਦੇ ਕੌਮੀ ਦ੍ਰਿਸ਼ਟੀਕੋਣ ਬਾਰੇ ਗੱਲ ਕੀਤੀ ਅਤੇ ਲੋੜੀਂਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਐਨ.ਆਈ.ਸੀ. ਵੱਲੋਂ ਸੰਪੂਰਨ ਸਹਾਇਤਾ ਅਤੇ ਵਚਨਬੱਧਤਾ ਦਾ ਭਰੋਸਾ ਦਿੱਤਾ।ਵਰਕਸ਼ਾਪ ਵਿੱਚ ਹਿੱਸਾ ਲੈਣ ਵਾਲਿਆਂ ਦਾ ਸੁਆਗਤ ਕਰਦਿਆਂ ਸਟੇਟ ਇਨਫੋਰਮੈਟਿਕਸ ਅਫ਼ਸਰ (ਐਸ.ਆਈ.ਓ.) ਪੰਜਾਬ ਐਨ.ਆਈ.ਸੀ., ਵਿਵੇਕ ਵਰਮਾ ਨੇ ਦੱਸਿਆ ਕਿ ਵਰਕਸ਼ਾਪ ਦਾ ਮੁੱਖ ਉਦੇਸ਼ ਈ-ਕੋਲੈਬ ਫਾਈਲਜ਼, ਈ-ਟਾਲ ਅਤੇ ਗੋਵ.ਇਨ ਸੁਰੱਖਿਅਤ ਇੰਟਰਾਨੈੱਟ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ ਤਾਂ ਜੋ ਸਰਕਾਰੀ ਵਿਭਾਗਾਂ ਦਰਮਿਆਨ ਸੁਰੱਖਿਅਤ ਸੰਚਾਰ ਅਤੇ ਡੇਟਾ ਹੈਂਡਲਿੰਗ ਨੂੰ ਯਕੀਨੀ ਬਣਾਇਆ ਜਾ ਸਕੇ। ਐਨ ਆਈ ਸੀ ਤੇਲੰਗਾਨਾ ਦੇ ਸੀਨੀਅਰ ਡਾਇਰੈਕਟਰ ਡਾ. ਪੀ ਗਾਇਤਰੀ ਨੇ ਇੱਕ ਪੇਸ਼ਕਾਰੀ ਦੇਣ ਦੇ ਨਾਲ-ਨਾਲ ਕੋਲੈਬ-ਫਾਈਲਜ਼ ਤੇ ਲਾਈਵ ਡੈਮੋਨਸਟ੍ਰੇਸ਼ਨ ਦਿੱਤੀ। ਉਨ੍ਹਾਂ ਦੱਸਿਆ ਕਿ ਕੋਲੈਬ-ਫਾਈਲਜ਼ ਭਾਰਤ ਵਿੱਚ ਸਰਕਾਰੀ ਸੰਸਥਾਵਾਂ ਨੂੰ ਵਧੇਰੇ ਕੁਸ਼ਲਤਾ ਨਾਲ ਕੰਮ ਕਰਨ ਵਿੱਚ ਮਦਦ ਕਰਨ ਵਾਸਤੇ ਵੱਖ-ਵੱਖ ਦਫ਼ਤਰੀ ਸੇਵਾਵਾਂ ਪੇਸ਼ ਕਰਦਾ ਹੈ।

# ਆਪ ਨੇ ਜ਼ਿਮਨੀ ਚੋਣਾਂ ਲਈ 40 ਸਟਾਰ ਪ੍ਰਚਾਰਕਾਂ ਦੀ ਸੂਚੀ ਕੀਤੀ ਜਾਰੀ

**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਦੀਆਂ ਚਾਰ ਵਿਧਾਨ ਸਭਾ ਸੀਟਾਂ 'ਤੇ ਹੋਣ ਵਾਲੀਆਂ ਜ਼ਿਮਨੀ ਚੋਣਾਂ ਲਈ ਆਮ ਆਦਮੀ ਪਾਰਟੀ ਨੇ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਸਮੇਤ 40 ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ ਕਰ ਦਿੱਤੀ ਹੈ।ਸੂਚੀ ਵਿੱਚ ਕੇਜਰੀਵਾਲ ਅਤੇ ਮਾਨ ਤੋਂ ਇਲਾਵਾ ਮਨੀਸ਼ ਸਿਸੋਦੀਆ, ਨਵੀਂ ਦਿੱਲੀ ਦੇ ਮੁੱਖ ਮੰਤਰੀ ਆਤਿਸ਼ੀ, ਪਾਰਟੀ ਦੇ ਰਾਜ ਸਭਾ ਮੈਂਬਰ ਸੰਜੇ ਸਿੰਘ, ਡਾਕਟਰ ਸੰਦੀਪ ਪਾਠਕ, ਰਾਘਵ ਚੱਢਾ, ਐਨਡੀ ਗੁਪਤਾ, ਹਰਭਜਨ ਸਿੰਘ ਦੇ ਨਾਂ ਸ਼ਾਮਲ ਹਨ। ਦਿੱਲੀ ਸਰਕਾਰ ਦੇ ਕੈਬਨਿਟ ਮੰਤਰੀ ਗੋਪਾਲ ਰਾਏ, ਸੌਰਭ ਭਾਰਦਵਾਜ, ਕੈਲਾਸ਼ ਗਹਿਲੋਤ, ਇਮਰਾਨ ਹੁਸੈਨ, ਮੁਕੇਸ਼ ਅਹਲਾਵਤ ਦੇ ਨਾਂ ਵੀ ਇਸ ਸੂਚੀ ਵਿੱਚ ਸ਼ਾਮਲ ਹਨ।ਦਿੱਲੀ ਦੇ ਸਾਬਕਾ ਮੰਤਰੀ ਸਤੇਂਦਰ ਜੈਨ ਅਤੇ ਆਪ ਨੇਤਾ ਪੰਕਜ ਗੁਪਤਾ ਦੇ ਨਾਂਅ ਵੀ ਹਨ।ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਅਮਨ ਅਰੋੜਾ, ਹਰਜੋਤ ਬੈਂਸ, ਹਰਭਜਨ ਸਿੰਘ ਈ.ਟੀ.ਓ., ਲਾਲ ਚੰਦ ਕਟਾਰੂਚੱਕ, ਬਲਜੀਤ ਕੌਰ, ਡਾ. ਬਲਬੀਰ ਸਿੰਘ, ਲਾਲਜੀਤ ਸਿੰਘ ਭੁੱਲਰ, ਕੁਲਦੀਪ ਸਿੰਘ ਧਾਲੀਵਾਲ, ਗੁਰਮੀਤ ਸਿੰਘ ਖੁੱਡੀਆਂ, ਬਰਿੰਦਰ ਗੋਇਲ, ਤਰੁਨਪ੍ਰੀਤ ਸਿੰਘ ਸੌਂਦ, ਮਹਿੰਦਰ ਭਗਤ, ਡਾ: ਰਵਜੋਤ, ਹਰਦੀਪ ਮੁੰਡੀਆ ਨੂੰ ਵੀ ਸਟਾਰ ਪ੍ਰਚਾਰਕ ਬਣਾਇਆ ਗਿਆ ਹੈ।ਪਾਰਟੀ ਦੇ ਪੰਜਾਬ ਵਿੱਚ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧਰਾਮ ਅਤੇ ਤਿੰਨ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ, ਡਾ. ਰਾਜ ਕੁਮਾਰ ਚੱਬੇਵਾਲ ਅਤੇ ਮਲਵਿੰਦਰ ਸਿੰਘ ਕੰਗ ਨੂੰ ਵੀ ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ।ਪਾਰਟੀ ਦੇ ਵਿਧਾਇਕ ਤੇ ਚੀਫ ਵ੍ਹਿਪ ਬਲਜਿੰਦਰ ਕੌਰ, ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ, ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਜਗਦੀਪ ਸਿੰਘ ਕਾਕਾ ਬਰਾੜ ਅਤੇ ਕੁਲਵੰਤ ਸਿੰਘ ਪੰਡੋਰੀ ਵੀ ਜ਼ਿਮਨੀ ਚੋਣਾਂ ਵਿੱਚ ਪਾਰਟੀ ਦੇ ਸਟਾਰ ਪ੍ਰਚਾਰਕ ਹੋਣਗੇ।

# ਆਪ ਉਮੀਦਵਾਰ ਡਾ: ਇਸ਼ਾਂਕ ਕੁਮਾਰ ਨੇ ਨਾਮਜ਼ਦਗੀ ਪੱਤਰ ਦਾਖਲ ਕੀਤੇ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)** ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾਕਟਰ ਇਸ਼ਾਕ ਵੱਲੋਂ ਵਧੀਕ ਡਿਪਟੀ ਕਮਿਸ਼ਨਰ (ਜ)- ਕਮ-ਰਿਟਰਨਿੰਗ ਅਫ਼ਸਰ ਸ੍ਰੀ ਰਾਹੁਲ ਚਾਬਾ ਵਿਧਾਨ ਸਭਾ ਹਲਕਾ ਚੱਬੇਵਾਲ ਦੀ ਜ਼ਿਮਨੀ ਚੋਣ ਲਈ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਆਪਣੇ ਕਾਗਜ਼ ਦਾਖਲ ਕੀਤੇ ਗਏ।ਨਾਮਜਦਗੀ ਕਾਗਜ਼ ਦਾਖਲ ਕਰਨ ਸਮੇਂ ਡਾਕਟਰ ਇਸ਼ਾਂਕ ਕੁਮਾਰ ਦੇ ਨਾਲ ਉਨ੍ਹਾਂ ਦੇ ਪਿਤਾ ਡਾਕਟਰ ਰਾਜ ਕੁਮਾਰ ਐਮਪੀ ਹੁਸ਼ਿਆਰਪੁਰ, ਕੈਬਨਿਟ ਮੰਤਰੀ ਡਾਕਟਰ ਰਵਜੋਤ ਸਿੰਘ, ਸਾਬਕਾ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ, ਐਮਐਲਏ ਦਸੂਹਾ ਕਰਮਵੀਰ ਸਿੰਘ ਘੁੰਮਣ ਮੌਜੂਦ ਸਨ।

# ਵਿਦਿਆਰਥੀਆਂ ਨੇ ਵੱਖ-ਵੱਖ ਧਾਰਮਿਕ ਸਥਾਨਾਂ ਦੀ ਕੀਤੀ ਯਾਤਰਾ

**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)** ਗੁਰੂ ਨਾਨਕ ਮਿਸ਼ਨ ਪਬਲਿਕ ਸਕੂਲ ਡੱਲਾ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਵੱਖ-ਵੱਖ ਮਨੋਰੰਜਨ ਅਤੇ ਧਾਰਮਿਕ ਸਥਾਨਾਂ ਦੀ ਯਾਤਰਾ ਕੀਤੀ। ਸਕੂਲ ਦੇ ਪ੍ਰੰਸੀਪਲ ਸਰਦਾਰ ਬਿਕਰਮ ਸਿੰਘ ਸੈਣੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਦੋ ਸਮੂਹਾਂ ਵਿੱਚ ਵਿਦਿਆਰਥੀਆਂ ਨੂੰ ਭੇਜਿਆ ਗਿਆ। ਚੌਥੀ ਅਤੇ ਪੰਜਵੀਂ ਸ਼੍ਰੇਣੀ ਦੇ ਵਿਦਿਆਰਥੀ ਅਤੇ ਅਧਿਆਪਕ ਸਾਹਿਬਾਨ ਪ੍ਰਾਇਮਰੀ ਵਿੰਗ ਦੇ ਹੈਡ ਸ਼੍ਰੀਮਤੀ ਅਰਵਿੰਦਰ ਕੌਰ ਦੀ ਅਗਵਾਈ ਹੇਠ ਸ੍ਰੀ ਸੁਲਤਾਨਪੁਰ ਲੋਧੀ ਵਿਖੇ ਯਾਤਰਾ ਲਈ ਗਏ, ਉੱਥੇ ਵਿਦਿਆਰਥੀਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਧਾਰਮਿਕ ਸਥਾਨਾਂ ਦੇ ਦਰਸ਼ਨ ਕੀਤੇ । ਉਹਨਾਂ ਨੇ ਵੇਈਂ ਨਦੀ ਦੇ ਦਰਸ਼ਨ ਵੀ ਕੀਤੇ। ਦੂਜੇ ਸਮੂਹ ਵਿੱਚ ਛੇਵੀਂ ਤੇ ਦਸਵੀਂ ਜਮਾਤ ਦੇ ਵਿਦਿਆਰਥੀ ਅਧਿਆਪਕਾਂ ਦੀ ਦੇਖਰੇਖ 'ਚ ਪਹਿਲਾਂ ਪਹਿਲਾਂ ਗੁਰਦੁਆਰਾ ਸ੍ਰੀ ਬਾਬਾ ਬਕਾਲਾ ਸਾਹਿਬ ਤੇ ਫਿਰ ਅੰਮ੍ਰਿਤਸਰ ਵਿੱਚ ਸੈਰ ਸਪਾਟਾ ਸਥਾਨ ਸਾਡਾ ਪਿੰਡ ਵਿਖੇ ਗਏ, ਉੱਥੇ ਵਿਦਿਆਰਥੀਆਂ ਨੇ ਆਪਣੇ ਪੁਰਾਣੇ ਪੰਜਾਬੀ ਸੱਭਿਆਚਾਰ ਨੂੰ ਦਰਸ਼ਾਉਂਦੇ ਵੱਖ-ਵੱਖ ਰੰਗ ਵੇਖੇ। ਬੱਚਿਆਂ ਨੇ ਖੇਡਾਂ ਅਤੇ ਝੂਲਿਆਂ ਦਾ ਖੂਬ ਆਨੰਦ ਮਾਣਿਆ । ਪ੍ਰਿੰਸੀਪਲ ਸਾਹਿਬ ਨੇ ਦੱਸਿਆ ਕਿ ਬੱਚਿਆਂ ਦੇ ਟੂਰ ਬਹੁਤ ਵਧੀਆ ਰਹੇ ।



# ਸਾਮਰਾਜੀ ਦੇਸ਼ਾਂ 'ਚ ਰੁਜ਼ਗਾਰ ਦੇ ਘਟਦੇ ਮੌਕੇ... (ਸਫ਼ਾ 4 ਦੀ ਬਾਕੀ)

ਪੱਛਮੀ ਖੇਮੇ ਦੇ ਦੇਸ਼ਾਂ ਨੇ ਮਿਲ ਕੇ ਰੂਸ ਉੱਤੇ ਆਰਥਿਕ ਰੋਕਾਂ ਲਗਾ ਦਿੱਤੀਆਂ। ਰੂਸ ਨੇ ਭਾਰਤ-ਚੀਨ ਸਮੇਤ ਅਮਰੀਕਾ ਵਿਰੋਧੀ ਮੱਧ-ਪੂਰਬੀ ਤੇ ਖੱਬੇਪੱਖੀ ਅਤੀਤ ਵਾਲੇ ਕਈ ਲਾਤੀਨੀ ਮੁਲਕਾਂ ਨਾਲ ਵਪਾਰਕ ਸਾਂਝ ਦਾ ਹੱਥ ਵਧਾ ਦਿੱਤਾ। ਰੂਸ ਨਾਲ ਵਪਾਰਕ ਸਾਂਝ ਰੱਖਣ ਵਾਲੇ ਦੇਸ਼ਾਂ ਨੂੰ ਲਗਾਤਾਰ ਅਮਰੀਕੀ ਸਾਮਰਾਜੀ ਵਿਰੋਧ ਤੇ ਕੂਟਨੀਤਿਕ ਘੁਰਕੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਮਰਾਜੀ ਤਾਕਤਾਂ ਦੀ ਧੜੇਬੰਦੀ ਕਾਰਨ ਵਿਸ਼ਵ ਵਪਾਰਕ ਆਵਾਜਾਈ ਲਈ ਅਹਿਮ ਲਾਲ ਸਾਗਰ, ਕਾਲਾ ਸਾਗਰ ਅਤੇ ਹਿੰਦ ਪ੍ਰਸ਼ਾਂਤ ਮਹਾਂਸਾਗਰ ਦੇ ਆਲੇ-ਦੁਆਲੇ ਦਾ ਖੇਤਰ ਵਿਸ਼ਵ ਵਪਾਰ ਨੂੰ ਬੁਰੇ ਰੁਖ ਪ੍ਰਭਾਵਿਤ ਕਰ ਰਿਹਾ ਹੈ। ਇਹਨਾਂ ਜੰਗਾਂ ਤੇ ਝਗੜਿਆਂ ਤੋਂ ਪ੍ਰਭਾਵਿਤ ਵਿਸ਼ਵ ਵਪਾਰ ਕਾਰਨ ਵਸਤਾਂ ਦੀ ਸਪਲਾਈ ਦੀ ਘਾਟ ਅਤੇ ਸਪਲਾਈ ਦੀ ਇਸ ਘਾਟ ਵਿੱਚੋਂ ਪੈਦਾ ਹੋਈ ਮੰਗ ਕਾਰਨ ਕੀਮਤਾਂ ਵਿੱਚ ਹੋਏ ਬੇਸ਼ੁਮਾਰ ਵਾਧੇ ਕਰਕੇ ਕੁੱਲ ਆਲਮ ਮਹਿੰਗਾਈ ਦੀ ਮਾਰ ਹੇਠ ਆ ਗਿਆ ਹੈ। ਇਸੇ ਕਰਕੇ ਕੋਰੋਨਾ ਕਾਲ ਤੋਂ ਲੈ ਕੇ ਮੌਜੂਦਾ ਜੰਗਾਂ-ਝਗੜਿਆਂ ਦੇ ਚੱਲਦਿਆਂ ਆਮ ਲੋਕਾਂ ਦਾ ਗੁਜ਼ਰ-ਬਸਰ ਬੇਹੱਦ ਮੁਸ਼ਕਲ ਹੁੰਦਾ ਜਾ ਰਿਹਾ ਹੈ ਅਤੇ ਸੰਸਾਰ ਕਾਰਪੋਰੇਟ ਘਰਾਣਿਆਂ ਦੇ ਸੁਪਰ ਮੁਨਾਫਿਆਂ ਵਿੱਚ ਕਈ-ਕਈ ਸੌ ਫੀਸਦੀ ਇਜ਼ਾਫਾ ਹੋ ਰਿਹਾ ਹੈ। ਸਾਮਰਾਜੀ ਨੀਤੀਆਂ ਕਾਰਨ ਧੀਮੀ ਹੋਈ ਗਲੋਬਲ ਆਰਥਿਕਤਾ ਕਾਰਨ ਵਸਤੂਆਂ ਅਤੇ ਸੇਵਾਵਾਂ ਦੀ ਮੰਗ ਲਗਾਤਾਰ ਘਟੀ ਹੈ, ਜਿਸ ਨਾਲ ਵੱਡੇ ਕਾਰੋਬਾਰੀਆਂ ਨੇ ਇੱਕ ਤਾਂ ਆਪਣੇ ਕਾਮਿਆਂ ਦੀ ਛਾਂਟੀ ਕਰਕੇ ਲਾਗਤਾਂ ਨੂੰ ਘੱਟ ਕੀਤਾ ਹੈ ਤੇ ਦੂਸਰਾ ਨਵੀਂ ਤਕਨੀਕ (ਖਾਸਕਰ ਮਸਨੂਈ ਬੁੱਧੀ) ਦੇ ਵਾਧੇ ਨਾਲ ਰਵਾਇਤੀ ਉਦਯੋਗ ਅਤੇ ਰਵਾਇਤੀ ਕਾਮੇ ਕਿਰਤ ਮੰਡੀ ਵਿੱਚ ਬੇਮੇਚੇ ਹੁਨਰ ਕਰਕੇ ਮੁਕਾਬਲੇ ਵਿੱਚੋਂ ਬਾਹਰ ਹੋ ਗਏ ਹਨ, ਜਿਸ ਨਾਲ ਰੁਜ਼ਗਾਰ ਸੰਕਟ ਹੋਰ ਵੱਧ ਗਹਿਰਾ ਹੋ ਗਿਆ ਹੈ। ਸਾਮਰਾਜੀ ਮੁਲਕਾਂ ਵਿੱਚੋਂ ਕ੍ਰਮਵਾਰ ਅਮਰੀਕਾ, ਆਸਟ੍ਰੇਲੀਆ ਅਤੇ ਇੰਗਲੈਂਡ ਵਿੱਚ ਸਾਲ 2024 (ਅਗਸਤ-ਸਤੰਬਰ) ਵਿੱਚ ਬੇਰੁਜ਼ਗਾਰੀ ਦਰ 4.1% ਰਹੀ ਹੈ। ਨਿਊਜ਼ੀਲੈਂਡ ਵਿੱਚ ਬੇਰੁਜ਼ਗਾਰੀ ਦਰ 4.3% ਅਤੇ ਸਤੰਬਰ 2024 ਦੇ ਤਾਜ਼ਾ ਅੰਕੜਿਆਂ ਮੁਤਾਬਕ ਕੈਨੇਡਾ ਵਿੱਚ ਸਭ ਤੋਂ ਅਧਿਕ 6.5% ਰਹੀ ਹੈ। ਇਹਨਾਂ ਦੇਸ਼ਾਂ ਵਿੱਚ ਹਕੀਕੀ ਹਾਲਾਤ ਬੇਰੁਜ਼ਗਾਰੀ ਦੇ ਸਰਕਾਰੀ ਅੰਕੜਿਆਂ ਤੋਂ ਕਿਤੇ ਬਦਤਰ ਹਨ। ਇਹਨਾਂ ਮੁਲਕਾਂ ਵਿੱਚ ਨਵੇਂ ਪ੍ਰਵਾਸੀਆਂ ਤੇ ਆਮ ਲੋਕਾਂ ਕੋਲ ਨੌਕਰੀ ਜਾਂ ਛੋਟਾ-ਮੋਟਾ ਧੰਦਾ ਨਾ ਹੋਣ ਦਾ ਅਰਥ ਜ਼ਿੰਦਗੀ ਦੀ ਬਰਬਾਦੀ। ਵੱਡੀਆਂ ਕੰਪਨੀਆਂ ਦੀ ਇਜ਼ਾਰੇਦਾਰੀ, ਧੀਮੀ ਹੋਈ ਗਲੋਬਲ ਆਰਥਿਕਤਾ ਤੇ ਮੁਕਾਬਲੇਬਾਜ਼ੀ ਕਾਰਨ ਛੋਟੇ-ਮੋਟੇ ਕਾਰੋਬਾਰ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ, ਬਲਕਿ ਛੋਟੇ ਕਾਰੋਬਾਰ ਲਗਾਤਾਰ ਬੰਦ ਹੋ ਰਹੇ ਹਨ। ਦੂਸਰਾ ਇਹਨਾਂ ਮੁਲਕਾਂ ਵਿੱਚ ਰੋਟੀ-ਕੱਪੜਾ-ਮਕਾਨ, ਸਿੱਖਿਆ, ਸਿਹਤ, ਕਾਰ ਆਦਿ ਜਿਹੀਆਂ ਮਹਿੰਗੀਆਂ ਤੇ ਬੁਨਿਆਦੀ ਲੋੜਾਂ ਲਈ ਰੁਜ਼ਗਾਰ ਅਣਸਰਦੀ ਲੋੜ ਹੈ।

ਅਰਧ ਬੇਰੁਜ਼ਗਾਰੀ ਵਿੱਚ ਸ਼ੁਮਾਰ ਅਸਥਾਈ ਨੌਕਰੀਆਂ, ਘੱਟ ਉਜਰਤਾਂ ਤੇ ਘੱਟ ਸਹੂਲਤਾਂ ਵਾਲੀਆਂ ਨੌਕਰੀਆਂ, ਅਸੁਰੱਖਿਅਤ ਤੇ ਬਿਨਾ ਲਾਭ ਵਾਲੀਆਂ ਨੌਕਰੀਆਂ ਅਤੇ ਪਾਰਟ ਟਾਇਮ ਨੌਕਰੀਆਂ ਬੇਰੁਜ਼ਗਾਰੀ ਦੇ ਅੰਕੜਿਆਂ ਤੋਂ ਬਾਹਰ ਹਨ। 'ਪੰਜ ਅੱਖਾਂ' ਨਾਲ ਜਾਣੇ ਜਾਂਦੇ ਇਹੀ ਉਹ ਵਿਕਸਿਤ ਪੂੰਜੀਵਾਦੀ ਮੁਲਕ ਹਨ, ਜਿਹਨਾਂ ਵੱਲ ਦੁਨੀਆ ਭਰ ਦੇ ਵੱਖ-ਵੱਖ ਮੁਲਕਾਂ ਵਿੱਚੋਂ ਪ੍ਰਵਾਸ ਦਾ ਵਹਿਣ ਸਭ ਤੋਂ ਵੱਧ ਵਹਿੰਦਾ ਆ ਰਿਹਾ ਹੈ ਅਤੇ ਇਹਨਾਂ ਮੁਲਕਾਂ ਵਿੱਚ ਨਵੇਂ ਪ੍ਰਵਾਸੀਆਂ ਨੂੰ ਸਭ ਤੋਂ ਵੱਧ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹਨਾਂ ਪੰਜੇ ਮੁਲਕਾਂ ਨੇ ਪਿਛਲੇ ਦੋ-ਤਿੰਨ ਸਾਲਾਂ ਤੋਂ ਬੜੀ ਤੇਜ਼ੀ ਨਾਲ ਆਪਣੀਆਂ ਇਮੀਗ੍ਰੇਸ਼ਨ ਤੇ ਉਸ ਦੇ ਅਨੁਸਾਰੀ ਵੀਜ਼ਾ ਤੇ ਸਿੱਖਿਆ ਨੀਤੀਆਂ ਵਿੱਚ ਵੱਡੀਆਂ ਤੇ ਤਿੱਖੀਆਂ ਤਬਦੀਲੀਆਂ ਕੀਤੀਆਂ ਹਨ। ਇਹਨਾਂ ਮੁਲਕਾਂ ਵਿੱਚ ਨਸਲੀ ਵਿਤਕਰੇਬਾਜ਼ੀ, ਧੋਖਾਧੜੀ, ਸ਼ੋਸ਼ਣ ਅਤੇ ਕਿਰਤ ਲੁੱਟ ਦੇ ਸਭ ਤੋਂ ਵੱਧ ਕੇਸ ਸਾਹਮਣੇ ਆਏ ਹਨ ਅਤੇ ਇਹਨਾਂ ਮੁਲਕਾਂ ਅੰਦਰ ਕਿਰਤ ਕਰਨ ਵਾਲੇ ਲੋਕਾਂ ਵਿੱਚ ਲਗਾਤਾਰ ਬੇਗਾਨਗੀ ਤੇ ਬੇਚੈਨੀ ਦਾ ਤਿੱਖਾ ਇਜ਼ਹਾਰ ਫੁੱਟਣਾ ਸ਼ੁਰੂ ਹੋਇਆ ਹੈ।

ਹਾਲਤ ਦਾ ਇੱਕ ਕਰੂਰ ਪਹਿਲੂ ਇਹ ਵੀ ਹੈ ਕਿ ਕੈਨੇਡਾ ਵਰਗੇ ਮੁਲਕ ਵਿੱਚ ਸਾਲ 2022 ਵਿੱਚ ਪ੍ਰਤੀ ਵਿਅਕਤੀ ਆਮਦਨ ਵਿੱਚ 3% ਦਾ ਵਾਧਾ ਹੋਇਆ ਪ੍ਰੰਤੂ ਮਹਿੰਗਾਈ ਦਰ 6.8% ਦੀ ਗਤੀ ਨਾਲ ਛੜੱਪੇ ਮਾਰ ਕੇ ਵਧੀ। ਵਿਕਸਿਤ ਮੁਲਕਾਂ ਵਿੱਚ ਗੁਜ਼ਰ-ਬਸਰ ਦੀਆਂ ਕੀਮਤਾਂ, ਫੈਡਰਲ ਬੈਂਕਾਂ ਦੀਆਂ ਵਿਆਜ਼ ਦਰਾਂ, ਰਿਹਾਇਸ਼ੀ ਘਰਾਂ ਦੇ ਕਿਰਾਏ ਤੇ ਟੈਕਸ ਲਗਾਤਾਰ ਉਪਰ ਵੱਲ ਜਾ ਰਹੇ ਹਨ ਅਤੇ ਲੋਕਾਂ ਦੀ ਆਮਦਨ, ਨੌਕਰੀਆਂ ਤੇ ਰਿਹਾਇਸ਼ੀ ਘਰਾਂ ਦੀ ਜ਼ਰੂਰਤ ਹੇਠਾਂ ਵੱਲ ਨੂੰ ਲੁੜਕ ਰਹੀ ਹੈ। ਇਹਨਾਂ ਦੇਸ਼ਾਂ ਵਿੱਚ ਆਰਥਿਕ ਸੰਕਟ ਦੀ ਤੇਜ਼ੀ ਨਾਲ ਹੋ ਰਹੀ ਆਮਦ ਦਾ ਸਹਿਮ ਵਧ ਰਿਹਾ ਹੈ ਅਤੇ ਸ਼ੇਅਰ ਮਾਰਕਿਟ, ਰੀਅਲ ਅਸਟੇਟ ਤੇ ਬੈਂਕਿੰਗ ਸੈਕਟਰ ਲਗਾਤਾਰ ਉਤਰਾਅ-ਚੜ੍ਹਾਅ ਦੀ ਘੁੰਮਣਘੇਰੀ ਵਿੱਚ ਫਸਿਆ ਹੋਇਆ ਹੈ। ਇਮੀਗ੍ਰੇਸ਼ਨ ਤੇ ਕਿਰਤ ਕਾਨੂੰਨਾਂ ਵਿੱਚ ਤਿੱਖੀਆਂ ਸੋਧਾਂ ਦਾ ਵਰਤਾਰਾ ਸਭਨਾਂ ਵਿਕਸਿਤ ਮੁਲਕਾਂ ਵਿੱਚ ਇਕਸਾਰ ਤੇਜ਼ ਹੋ ਰਿਹਾ ਹੈ। ਸਾਮਰਾਜੀ ਦੇਸ਼ਾਂ ਵਿੱਚ ਨੌਜਵਾਨਾਂ ਤੇ ਕੌਮਾਂਤਰੀ ਵਿਦਿਆਰਥੀਆਂ ਲਈ ਨੌਕਰੀਆਂ ਦਾ ਸੰਕਟ ਸਭ ਤੋਂ ਵੱਧ ਚਿੰਤਾਜਨਕ ਹੈ। ਕੌਮਾਂਤਰੀ ਵਿਦਿਆਰਥੀਆਂ ਲਈ ਮਹਿੰਗੀਆਂ ਫੀਸਾਂ, ਮਹਿੰਗੇ ਰਿਹਾਇਸ਼ੀ ਕਿਰਾਏ, ਮਹਿੰਗੀ ਗਰੌਸਰੀ, ਇਕਲਾਪਾ, ਭਾਸ਼ਾ ਤੇ ਸੱਭਿਆਚਾਰਕ ਵਖਰੇਵੇਂ ਆਦਿ ਮੁਸ਼ਕਲਾਂ ਦੇ ਚੱਲਦਿਆਂ ਗੁਜ਼ਾਰੇ ਲਈ ਪਾਰਟ ਟਾਇਮ ਨੌਕਰੀਆਂ ਲੱਭਣਾ ਸਭ ਤੋਂ ਵੱਧ ਔਖਾ ਕਾਰਜ ਹੈ। ਸਟੈਟਿਸਟਿਕਸ ਕੈਨੇਡਾ ਦੇ ਮਈ 2023 ਦੇ ਸਰਵੇ ਮੁਤਾਬਿਕ 15 ਤੋਂ 24 ਸਾਲ ਦੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦਰ 10.7% ਰਹੀ ਹੈ। ਇਹੀ ਵਰਤਾਰਾ ਬਾਕੀ ਦੇ ਵਿਕਸਿਤ ਮੁਲਕਾਂ ਵਿੱਚ ਚੱਲ ਰਿਹਾ ਹੈ। ਵਿਦੇਸ਼ਾਂ ਵਿੱਚ ਹੋਰਾਂ ਮੁਲਕਾਂ ਦੀ ਤੁਲਨਾ ਵਿੱਚ ਭਾਰਤੀ ਨੌਜਵਾਨਾਂ, ਵਿਦਿਆਰਥੀਆਂ ਤੇ ਪ੍ਰਵਾਸੀਆਂ ਦੀ ਬਦਤਰ ਹਾਲਤ ਦੀਆਂ ਘਟਨਾਵਾਂ ਉੱਭਰਵੇਂ ਰੂਪ ਵਿੱਚ ਸੁਰਖੀਆਂ ਵਿੱਚ ਰਹਿੰਦੀਆਂ ਹਨ। ਇਸ ਦਾ ਇੱਕ ਉੱਘੜਵਾਂ ਕਾਰਨ ਭਾਰਤ ਵਿੱਚ ਨੌਜਵਾਨਾਂ ਵਿੱਚ ਸਭ ਤੋਂ ਵੱਧ ਬੇਰੁਜ਼ਗਾਰੀ ਹੈ। ਕੌਮਾਂਤਰੀ ਕਿਰਤ ਸੰਸਥਾ ਦੇ 2024 ਦੇ ਅੰਕੜੇ ਮੁਤਾਬਕ ਭਾਰਤ ਵਿੱਚ ਕੁੱਲ ਬੇਰੁਜ਼ਗਾਰਾਂ ਵਿੱਚੋਂ 83% ਕੇਵਲ ਨੌਜਵਾਨ ਬੇਰੁਜ਼ਗਾਰ ਹਨ। ਹਜ਼ਾਰਾਂ ਭਾਰਤੀ ਨੌਜਵਾਨਾਂ ਨੂੰ ਜੰਗ ਵਿੱਚ ਉਲਝੇ ਹੋਏ ਯੂਕਰੇਨ ਤੇ ਮੱਧ-ਪੂਰਬੀ ਦੇਸ਼ਾਂ ਵਿੱਚ ਘੱਟ ਉਜਰਤ 'ਤੇ ਕੰਮ ਕਰਨ ਜਾਣਾ ਪੈ ਰਿਹਾ ਹੈ। ਭਾਰਤ ਵਿਚਲੀ ਬੇਰੁਜ਼ਗਾਰੀ, ਨਸ਼ੇ, ਗਰੀਬੀ, ਅਸੁਰੱਖਿਅਤ ਭਵਿੱਖ ਤੇ ਹੋਰ ਤੰਗੀਆਂ-ਤੁਰਸ਼ੀਆਂ ਦੇ ਧੱਕੇ ਨੌਜਵਾਨ-ਵਿਦਿਆਰਥੀ ਵਿਦੇਸ਼ਾਂ ਵੱਲ ਪ੍ਰਵਾਸ ਕਰਨ ਲਈ ਮਜਬੂਰ ਹੋ ਰਹੇ ਹਨ, ਪਰੰਤੂ ਬਦਲਦੇ ਹਲਾਤਾਂ ਕਰਕੇ ਵਿਦੇਸ਼ੀ ਧਰਤੀ ਵੀ ਉਹਨਾਂ ਦੇ ਸੁਪਨਿਆਂ ਦੀ ਸੈਰਗਾਹ ਨਹੀਂ ਰਹੀ। ਤੇਜ਼ੀ ਨਾਲ ਬਦਲ ਰਹੇ ਵਿਸ਼ਵ ਆਰਥਿਕ-ਸਿਆਸੀ ਹਾਲਾਤਾ ਕਾਰਨ ਵਿਦੇਸ਼ਾਂ ਵਿੱਚ ਸ਼ਰਨਾਰਥੀਆਂ, ਨੌਜਵਾਨਾਂ, ਕੌਮਾਂਤਰੀ ਵਿਦਿਆਰਥੀਆਂ ਅਤੇ ਪ੍ਰਵਾਸੀਆਂ ਨੂੰ ਵੱਡੇ ਆਰਥਿਕ-ਸਮਾਜਿਕ ਬੋਝ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਮਰਾਜੀ ਆਰਥਿਕ ਨੀਤੀਆਂ ਦੇ ਪੈਦਾ ਕੀਤੇ ਹੋਏ ਸੰਕਟ ਵਿੱਚ ਉਲਝੇ ਹੋਏ ਵਿਕਸਿਤ ਮੁਲਕ ਜਿੱਥੇ ਕਿਰਤ, ਸ਼ਰਨਾਰਥੀ ਤੇ ਇਮੀਗ੍ਰੇਸ਼ਨ ਕਾਨੂੰਨਾਂ ਵਿੱਚ ਤਿੱਖੀਆਂ ਸੋਧਾਂ ਕਰ ਰਹੇ ਹਨ, ਉੱਥੇ ਇਹ ਮੁਲਕ ਆਪਣੇ ਘਰੇਲੂ ਤੇ ਕੌਮਾਂਤਰੀ ਸਿਆਸੀ ਲਾਹਿਆਂ ਲਈ ਪ੍ਰਵਾਸੀਆਂ ਨੂੰ ਸਮੁੱਚੇ ਸੰਕਟ ਦਾ ਜ਼ਿੰਮੇਵਾਰ ਬਣਾ ਕੇ ਪੇਸ਼ ਕਰ ਰਹੇ ਹਨ। ਵਿਦੇਸ਼ੀ ਸਰਕਾਰਾਂ ਵੱਲੋਂ ਪ੍ਰਵਾਸੀਆਂ ਨਾਲ ਸਖਤੀ ਨਾਲ ਪੇਸ਼ ਆਉਣ ਕਰਕੇ ਨਸਲੀ ਵਿਤਕਰੇਬਾਜ਼ੀ, ਸਹਿਮ ਤੇ ਸਮਾਜਿਕ-ਆਰਥਿਕ ਅਸੁਰੱਖਿਆ ਦਾ ਮਹੌਲ ਪਨਪ ਰਿਹਾ ਹੈ। ਪ੍ਰਵਾਸੀਆਂ ਸਮੇਤ ਲੋਕਾਂ ਦੀਆਂ ਬੁਨਿਆਦੀ ਲੋੜਾਂ, ਮਾਨਵੀ ਅਧਿਕਾਰਾਂ ਅਤੇ ਸੁਰੱਖਿਆ ਵੱਲ ਧਿਆਨ ਕੇਂਦਰਤ ਕਰਨ ਦੀ ਬਜਾਇ ਇਹਨਾਂ ਮੁਲਕਾਂ ਦੀਆਂ ਸਰਕਾਰਾਂ ਜੰਗੀ ਸਹਾਇਤਾ, ਨਸਲੀ ਵਿਤਕਰੇਬਾਜ਼ੀ, ਕੂਟਨੀਤਕ ਵਿਵਾਦਾਂ, ਲੋਕ ਵਿਰੋਧੀ ਕਾਨੂੰਨ ਲਾਗੂ ਕਰਨ ਵਿੱਚ ਲੱਗੀਆਂ ਹੋਈਆਂ ਹਨ।

ਸਾਰੇ ਸਾਮਰਾਜੀ ਦੇਸ਼ਾਂ ਅੰਦਰ ਵਧਦੀ ਬੇਰੁਜ਼ਗਾਰੀ ਕਾਰਨ ਇਮੀਗ੍ਰੇਸ਼ਨ ਨੀਤੀਆਂ ਵਿਚ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ, ਪਰ ਭਾਰਤ ਦੇ ਬੇਰੁਜ਼ਗਾਰੀ ਨਾਲ ਝੰਬੇ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਵਾਰਾਂ ਲਈ ਸੁਪਨ-ਦੇਸ਼ ਬਣੇ ਕੈਨੇਡਾ ਵੱਲੋਂ ਵਿਦੇਸ਼ੀ ਨਾਗਰਿਕਾਂ ਉੱਤੇ ਪਾਬੰਦੀਆਂ ਲਾਉਣ ਨੇ ਭਾਰਤ ਵਿੱਚੋਂ ਕੈਨੇਡਾ ਪਹੁੰਚਣ ਦੀ ਆਸ ਲਾਈ ਬੈਠੇ ਲੱਖਾਂ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਵਾਰਾਂ ਦੀਆਂ ਚਿੰਤਾਵਾਂ ਨੂੰ ਵੱਡੇ ਪੱਧਰ ਉੱਤੇ ਵਧਾ ਦਿੱਤਾ ਹੈ। ਇਸ ਦੇ ਨਾਲ ਹੀ ਸਾਮਰਾਜੀ ਦੇਸ਼ਾਂ ਅੰਦਰ ਵੱਖ-ਵੱਖ ਹਾਕਮ ਜਮਾਤੀ ਪਾਰਟੀਆਂ ਵੱਲੋਂ ਵਿਦੇਸ਼ੀ ਵਿਦਿਆਰਥੀਆਂ ਖ਼ਿਲਾਫ਼ ਫਾਸ਼ੀਵਾਦੀ ਜਨੂੰਨ ਭੜਕਾਇਆ ਜਾ ਰਿਹਾ ਹੈ। ਵਿਦੇਸ਼ਾਂ ਵਿੱਚ ਚੰਗੇ ਭਵਿੱਖ ਤੇ ਬਿਹਤਰ ਜੀਵਨ ਲਈ ਸਥਾਨਕ ਕਿਰਤੀ-ਕਾਮਿਆਂ, ਮੂਲ-ਨਿਵਾਸੀਆਂ, ਕੌਮਾਂਤਰੀ ਵਿਦਿਆਰਥੀਆਂ, ਪ੍ਰਵਾਸੀਆਂ, ਬਹੁਕੌਮੀ ਲੋਕਾਂ ਵਿਚਕਾਰ ਏਕਤਾ ਤੇ ਸਾਂਝੀਵਾਲਤਾ ਬੇਹੱਦ ਜ਼ਰੂਰੀ ਹੈ। ਇਸੇ ਏਕਤਾ ਤੇ ਚੇਤੰਨਤਾ ਦੇ ਅਧਾਰ 'ਤੇ ਸਰਕਾਰਾਂ ਦੇ ਲੋਕ ਵਿਰੋਧੀ ਫੈਸਲਿਆਂ ਖਿਲਾਫ ਸੰਘਰਸ਼ ਦੀ ਅਵਾਜ਼ ਉਠਾਈ ਜਾਣੀ ਚਾਹੀਦੀ ਹੈ।

- ਮਨਦੀਪ (+1 438-924-2052)

# ਖੇਤਰੀ ਪਾਸਪੋਰਟ ਦਫ਼ਤਰ ਵੱਲੋਂ ਪਾਸਪੋਰਟ ਮੇਲਾ 29 ਨੂੰ

**ਜਲੰਧਰ ( ਸ਼ੈਲੀ ਐਲਬਰਟ):-** ਖੇਤਰੀ ਪਾਸਪੋਰਟ ਦਫ਼ਤਰ, ਜਲੰਧਰ ਵੱਲੋਂ 29 ਅਕਤੂਬਰ ਨੂੰ ਆਪਣੇ ਦਫ਼ਤਰ ਵਿਖੇ ਪਾਸਪੋਰਟ ਮੇਲਾ ਲਗਾਇਆ ਜਾ ਰਿਹਾ ਹੈ।। ਪਾਸਪੋਰਟ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਇਹ ਪਾਸਪੋਰਟ ਮੇਲਾ ਉਨ੍ਹਾਂ ਪਾਸਪੋਰਟ ਬਿਨੈਕਾਰਾਂ ਦੀ ਸਹੂਲਤ ਲਈ ਲਗਾਇਆ ਜਾ ਰਿਹਾ ਹੈ, ਜਿਨ੍ਹਾਂ ਨੇ ਵਿਦੇਸ਼ਾਂ ਵਿੱਚ ਭਾਰਤੀ ਮਿਸ਼ਨਾਂ/ਅੰਬੈਸੀਜ਼ ਵੱਲੋਂ ਜਾਰੀ ਐਮਰਜੈਂਸੀ ਸਰਟੀਫਿਕੇਟਾਂ 'ਤੇ ਭਾਰਤ ਦੀ ਯਾਤਰਾ ਕੀਤੀ ਹੈ ਜਾਂ ਡਿਪੋਰਟ ਹੋਏ ਹਨ ਅਤੇ ਜਿਨ੍ਹਾਂ ਨੇ 31 ਮਾਰਚ 2024 ਤੱਕ ਪਾਸਪੋਰਟ ਲਈ ਪਹਿਲਾਂ ਹੀ ਅਪਲਾਈ ਕੀਤਾ ਹੋਇਆ ਹੈ ਅਤੇ ਉਨ੍ਹਾਂ ਦੀਆਂ ਅਰਜ਼ੀਆਂ ਕਿਸੇ ਨਾ ਕਿਸੇ ਕਾਰਨ ਆਰਪੀਓ, ਦਫ਼ਤਰ ਜਲੰਧਰ ਵਿਖੇ ਲੰਬਿਤ ਹਨ । ਉਕਤ ਬਿਨੈਕਾਰਾਂ ਨੂੰ ਆਪਣੀਆਂ ਲੰਬਿਤ ਪਾਸਪੋਰਟ ਅਰਜ਼ੀਆਂ ਦੇ ਨਿਪਟਾਰੇ ਲਈ 29 ਅਕਤੂਬਰ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਵਾਕ-ਇਨ ਸ਼੍ਰੇਣੀ/ਬਿਨਾਂ ਅਪਾਇੰਟਮੈਂਟ ਦੇ ਖੇਤਰੀ ਪਾਸਪੋਰਟ ਦਫ਼ਤਰ, ਐਸਸੀਓ ਨੰਬਰ 42-51 ਪਾਕੇਟ 1, ਨੇੜੇ ਬੱਸ ਸਟੈਂਡ, ਜਲੰਧਰ ਵਿਖੇ ਆਪਣੇ ਸਬੰਧਤ ਦਸਤਾਵੇਜ਼ਾਂ ਨਾਲ ਲੈ ਕੇ ਆਉਣ ਅਪੀਲ ਕੀਤੀ ਗਈ ਹੈ । ਇਸ ਤੋਂ ਇਲਾਵਾ ਇਸ ਦਿਨ ਦਫ਼ਤਰ ਵਿੱਚ ਆਮ ਆਫ਼ਲਾਈਨ ਅਤੇ ਆਨਲਾਈਨ ਪੁੱਛਗਿੱਛ ਸੇਵਾ ਬੰਦ ਰਹੇਗੀ। ਇਸ ਲਈ ਪਾਸਪੋਰਟ ਮੇਲੇ ਵਿੱਚ ਆਉਣ ਵਾਲੇ ਬਿਨੈਕਾਰਾਂ ਤੋਂ ਇਲਾਵਾ ਹੋਰ ਬਿਨੈਕਾਰਾਂ ਨੂੰ ਉਕਤ ਮਿਤੀ ਭਾਵ 29 ਅਕਤੂਬਰ ਨੂੰ ਨਾ ਆਉਣ ਦੀ ਸਲਾਹ ਦਿੱਤੀ ਜਾਂਦੀ ਹੈ ਅਤੇ ਉਹ ਆਪਣੀ ਸਹੂਲਤ ਅਨੁਸਾਰ ਅਗਲੀਆਂ ਮਿਤੀਆਂ 'ਤੇ ਦਫ਼ਤਰ ਆ ਸਕਦੇ ਹਨ । ਆਮ ਲੋਕਾਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੀਆਂ ਪਾਸਪੋਰਟ ਸਬੰਧੀ ਸੇਵਾਵਾਂ ਲਈ ਸਿੱਧਾ ਵਿਦੇਸ਼ ਮੰਤਰਾਲੇ ਦੇ ਅਧਿਕਾਰਕ ਪੋਰਟਲ www.passportindia.gov.in ਤੋਂ ਅਪਲਾਈ ਕਰਨ ਅਤੇ ਕਿਸੇ ਵੀ ਏਜੰਟ ਜਾਂ ਵਿਚੋਲੀਏ ਦੇ ਸੰਪਰਕ ਵਿੱਚ ਨਾ ਆਉਣ। ਪਾਸਪੋਰਟ ਅਰਜ਼ੀ ਨਾਲ ਸਬੰਧਤ ਕਿਸੇ ਵੀ ਹੋਰ ਸਵਾਲ ਜਾਂ ਪੁੱਛਗਿੱਛ ਲਈ ਬਿਨੈਕਾਰ ਕਿਸੇ ਵੀ ਕੰਮ ਵਾਲੇ ਦਿਨ ਸਵੇਰੇ 9 ਵਜੇ ਤੋਂ ਦੁਪਹਿਰ 12:30 ਵਜੇ ਤੱਕ ਦਫ਼ਤਰ ਆ ਸਕਦੇ ਹਨ ।

25-OCT-PAGE-10.qxd 10/24/2024 10:33 PM Page 1



## ਸਟੇਟ ਐਵਾਰਡੀ ਅਸ਼ਵਨੀ ਕੁਮਾਰ ਦਾ ਖੇਤਰੀ ਯੁਵਕ ਮੇਲੇ 'ਤੇ ਸਨਮਾਨ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ) ਐਸ.ਐਸ.ਡੀ ਕਾਲਜ ਵਿੱਚ ਚੱਲ ਰਹੇ ਖੇਤਰੀ ਯੁਵਕ ਮੇਲੇ ਦੌਰਾਨ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਹਮੀਦੀ ਵਿਖੇ ਮੁੱਖ ਅਧਿਆਪਕ ਵਜੋਂ ਸੇਵਾਵਾਂ ਨਿਭਾਉਂਦੇ ਆ ਰਹੇ ਅਸ਼ਵਨੀ ਕੁਮਾਰ ਨੂੰ ਸਿੱਖਿਆ ਵਿਭਾਗ ਵਿੱਚ ਉਨ੍ਹਾਂ ਦੀਆਂ ਅਣਥੱਕ ਸੇਵਾਵਾਂ ਲਈ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਡਾ. ਸ੍ਰੀ ਰਾਕੇਸ਼ ਜਿੰਦਲ ਨੇ ਦੱਸਿਆ ਕਿ ਸ੍ਰੀ ਅਸ਼ਵਨੀ ਕੁਮਾਰ ਨੇ ਸਿੱਖਿਆ ਵਿਭਾਗ 'ਚ 22 ਸਾਲਾਂ ਦੇ ਆਪਣੇ ਅਧਿਆਪਨ ਕਿੱਤੇ ਵਿੱਚ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਅਹਿਮ ਭੂਮਿਕਾ ਨਿਭਾਈ ਹੈ, ਜਿਸ ਲਈ ਇਸ ਸਾਲ ਸ੍ਰੀ ਅਸ਼ਵਨੀ ਕੁਮਾਰ ਨੂੰ ਪੰਜਾਬ ਸਰਕਾਰ ਵੱਲੋਂ ਸਟੇਟ ਐਵਾਰਡ ਦੇ ਕੇ ਸਨਮਾਨਤ ਕੀਤਾ ਗਿਆ ਹੈ।ਇਸ ਮੌਕੇ ਏ.ਡੀ.ਸੀ ਬਰਨਾਲਾ ਲਤੀਫ ਅਹਿਮਦ, ਜਨਰਲ ਸਕੱਤਰ ਸ੍ਰੀ ਸ਼ਿਵ ਸਿੰਗਲਾ ਤੇ ਚੇਅਰਮੈਨ ਸ੍ਰੀ ਸ਼ਿਵ ਦਰਸ਼ਨ ਤੇ ਐਸ ਐਸ ਡੀ ਕਾਲਜ ਮੈਨੇਜਮੈਂਟ ਕਮੇਟੀ ਸ੍ਰੀ ਅਸ਼ਵਨੀ ਕੁਮਾਰ ਨੂੰ ਸਨਮਾਨਤ ਕਰਦੇ ਹੋਏ ਮਾਣ ਮਹਿਸੂਸ ਕਰ ਰਹੀ ਹੈ।

## 'ਖੇਡਾਂ ਵਤਨ ਪੰਜਾਬ ਦੀਆਂ' ਸਦਕਾ ਨੌਜਵਾਨ ਨਸ਼ੇ ਛੱਡ ਕੇ ਖੇਡਾਂ ਪ੍ਰਤੀ ਹੋ ਰਹੇ ਲਾਮਬੰਦ : ਸਿੱਧੂ



ਲੁਧਿਆਣਾ (ਰਾਜ ਸਿੰਗਲਾ) ਵਿਧਾਨ ਸਭਾ ਹਲਕਾ ਆਤਮ ਨਗਰ ਅਧੀਨ ਡਾ. ਅੰਬੇਡਕਰ ਨਗਰ ਵਿਖੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਤ ਤੇ ਜਬਰ ਸਿੰਘ ਸਿੱਧੂ ਦੀ ਯਾਦ 'ਚ ਕਰਵਾਇਆ ਕੌਸਕ ਕ੍ਰਿਕਟ ਟੂਰਨਾਮੈਂਟ ਦਾ ਸਫ਼ਲ ਆਯੋਜਨ ਹੋਇਆ।ਵਿਧਾਇਕ ਕੁਲਵੰਤ ਸਿੰਘ ਸਿੱਧੂ ਦੇ ਨਾਲ ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਜਤਿੰਦਰ ਜੋਰਵਾਲ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ।ਟੂਰਨਾਮੈਂਟ ਦੀ ਜੇਤੂ ਟੀਮ ਨੂੰ 51 ਹਜ਼ਾਰ, ਉਪ ਜੇਤੂ ਨੂੰ 31 ਹਜ਼ਾਰ, ਜਦਕਿ ਤੀਜੇ ਨੰਬਰ ਵਾਲੀ ਟੀਮ ਨੂੰ 5100 ਰੁਪਏ ਦੀ ਰਾਸ਼ੀ ਨਾਲ ਨਿਵਾਜਿਆ ਗਿਆ।ਇਸ ਤੋਂ ਇਲਾਵਾ ਬੈਸਟ ਬੋਲਰ ਤੇ ਬੈਸਟ ਬੈਟਸਮੈਨ ਨੂੰ ਵੀ ਵੱਖ-ਵੱਖ 3100 ਰੁਪਏ ਦੀ ਰਾਸ਼ੀ ਦਿੱਤੀ ਗਈ।ਵਿਧਾਇਕ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਰਵਾਈਆਂ ਗਈਆਂ 'ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-3' ਦੀ ਪ੍ਰਤੱਖ ਦਾ ਨੌਜਵਾਨਾਂ 'ਤੇ ਅਸਰ ਸਾਫ ਦੇਖਣ ਨੂੰ ਨਜ਼ਰ ਆ ਰਿਹਾ ਹੈ।ਇਨ੍ਹਾਂ ਖੇਡਾਂ ਦੌਰਾਨ ਜਿੱਥੇ ਨੌਜਵਾਨਾਂ ਵੱਲੋਂ ਵੱਧ-ਚੜ੍ਹ ਕੇ ਸ਼ਮੂਲੀਅਤ ਕੀਤੀ ਗਈ ਸੀ ਉੱਥੇ ਹੀ ਆਪਣੇ ਪੱਧਰ 'ਤੇ ਵੀ ਵੱਖ-ਵੱਖ ਟੂਰਨਾਮੈਂਟ ਕਰਾਏ ਜਾ ਰਹੇ ਹਨ।

## ਸਰਪੰਚ ਹਰਵਿੰਦਰ ਕੌਰ ਸਮੇਤ ਸਮੁੱਚੀ ਗ੍ਰਾਮ ਪੰਚਾਇਤ ਨੂੰ ਵਿਧਾਇਕ ਨੇ ਕੀਤਾ ਸਨਮਾਨਤ



ਬਾਘਾ ਪੁਰਾਣਾ (ਮਨੀ ਸਿੰਗਲਾ) ਪਿੰਡ ਮੱਲਕੇ ਵਿਖੇ ਹੋਈ ਪੰਚਾਇਤੀ ਚੋਣ ਦੌਰਾਨ ਆਮ ਆਦਮੀ ਪਾਰਟੀ ਦੀ ਉਮੀਦਵਾਰ ਤੇ 'ਆਪ' ਆਗੂ ਰਾਜਾ ਮੱਲ ਕੇ ਦੀ ਪਤਨੀ ਹਰਵਿੰਦਰ ਕੌਰ ਨੇ ਵੱਡੇ ਫਰਕ ਨਾਲ ਆਪਣੇ ਵਿਰੋਧੀਆਂ ਨੂੰ ਪਛਾੜਦਿਆਂ ਹੋਇਆਂ ਪਿੰਡ ਮੱਲ ਕੇ ਤੋਂ ਸਰਪੰਚ ਬਣਨ ਦਾ ਮਾਣ ਹਾਸਲ ਕੀਤਾ ਹੈ।ਸਰਪੰਚ ਹਰਵਿੰਦਰ ਕੌਰ ਸਮੇਤ ਸਮੁੱਚੀ ਗ੍ਰਾਮ ਪੰਚਾਇਤ ਨੂੰ ਹਲਕਾ ਵਿਧਾਇਕ ਅੰਮ੍ਰਿਤ ਪਾਲ ਸੁਖਾਨੰਦ ਤੋਂ ਅਸ਼ੀਰਵਾਦ ਪ੍ਰਾਪਤ ਕਰਦੇ ਪ੍ਰਣ ਕੀਤਾ ਕਿ ਉਹ ਪਿੰਡ ਮੱਲ ਕੇ ਦਾ ਸਰਬਪੱਖੀ ਵਿਕਾਸ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ ਤੇ ਪਿੰਡ ਨੂੰ ਵਿਕਾਸ ਪੱਖੋਂ ਸੂਬੇ ਦਾ ਸਭ ਤੋਂ ਨੰਬਰ ਵਨ ਪਿੰਡ ਬਣਾਉਣਗੇ।ਵਿਧਾਇਕ ਅੰਮ੍ਰਿਤ ਪਾਲ ਸੁਖਾਨੰਦ ਨੇ ਸਰਪੰਚ ਹਰਵਿੰਦਰ ਕੌਰ ਅਤੇ ਜਸਪਾਲ ਕੌਰ, ਸੁਖਮੰਦਰ ਸਿੰਘ, ਪ੍ਰਭਜੀਤ ਕੌਰ, ਸਿਮਰਜੀਤ ਕੌਰ, ਹਰਜਿੰਦਰ ਸਿੰਘ, ਜਰਨੈਲ ਸਿੰਘ (ਸਾਰੇ ਮੈਂਬਰ) ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾ ਪਾ ਕੇ ਸਨਮਾਨਤ ਕੀਤਾ।ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਾਜਾ ਮੱਲਕੇ ਨੇ ਦੱਸਿਆ ਕਿ ਉਨ੍ਹਾਂ ਦੀ ਜਿੱਤ ਵਿੱਚ ਪ੍ਰਧਾਨ ਪ੍ਰਕਾਸ਼ ਸਿੰਘ ਤੇ ਕੁਲਦੀਪ ਸਿੰਘ ਸਾਬਕਾ ਸਰਪੰਚ ਵੱਲੋਂ ਉਨ੍ਹਾਂ ਨੂੰ ਜਿੱਤ ਹਾਸਲ ਕਰਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ।

## ਨੱਥੇਵਾਲਾ 'ਚ ਕ੍ਰਿਕਟ ਟੂਰਨਾਮੈਂਟ ਕਰਵਾਇਆ



ਕੋਟਕਪੂਰਾ (ਰਛਪਾਲ ਭੁੱਲਰ) : ਪਿੰਡ ਨੱਥੇਵਾਲਾ ਵਿਖੇ ਕ੍ਰਿਕਟ ਟੂਰਨਾਮੈਂਟ ਸ਼ਹੀਦ ਭਗਤ ਸਿੰਘ ਕਲੱਬ ਵੱਲੋਂ ਐੱਨ ਆਰ ਆਈ ਭਰਾਵਾਂ ਤੇ ਪਿੰਡ ਵਾਸੀਆਂ ਸਹਿਯੋਗ ਨਾਲ ਕਰਾਇਆ ਗਿਆ, ਜਿਸ ਦਾ ਉਦਘਾਟਨ ਸੰਤ ਬਾਬਾ ਮਲਕੀਤ ਦਾਸ ਤੇ ਨਵੇਂ ਸਰਪੰਚ ਹਰਪ੍ਰੀਤ ਕੌਰ ਪਤਨੀ ਡਿਪਟੀ ਸਿੰਘ ਨੱਥੇਵਾਲਾ ਵੱਲੋਂ ਰੀਬਨ ਕੱਟ ਕੇ ਕੀਤਾ ਗਿਆ। ਇਸ ਮੌਕੇ ਮੌਜੂਦਾ ਸਰਪੰਚ ਗੁਰਜ਼ਣ ਸਿੰਘ, ਹਰਿਦਰ ਸਿੰਘ ਸਰਪੰਚ, ਸੁਖਦੀਪ ਸਿੰਘ ਗਿੱਲ, ਲਖਵੀਰ ਸਿੰਘ ਗਿੱਲ, ਗੁਲਾਬ ਸਿੰਘ ਗਿੱਲ, ਕਾਲਾ ਸਿੰਘ ਬਰਾੜ, ਹਰਵਿੰਦਰ ਸਿੰਘ ਨੰਬਰਦਾਰ, ਪਾਲ ਗਿੱਲ, ਪਰਮੇਸ਼ਰ ਸਿਵੀਆ, ਬਲਾਕ ਪ੍ਰਧਾਨ ਹਰਵਿੰਦਰ ਸਿੰਘ, ਗੁਰਕੀਰਤ ਸਿੰਘ ਢੱਲੀ, ਸਤਵੀਰ ਸਿੰਘ ਢੱਲੀ, ਰਵਿੰਦਰ ਸਿੰਘ ਬਰਾੜ, ਭੁਪਿੰਦਰ ਸਿੰਘ ਬਰਾੜ, ਜਸ਼ਨ ਸਿੰਘ ਬਰਾੜ, ਲਵਜਿੰਦਰ ਸਿੰਘ, ਬਲਜਿੰਦ ਸਿੰਘ, ਹਰਪ੍ਰੀਤ ਸਿੰਘ ਬਰਾੜ ਆਦਿ ਹਾਜ਼ਰ ਸਨ। ਇਸ ਤੋਂ ਇਲਾਵਾ ਸਮਾਜ ਸੇਵੀ ਡਿਪਟੀ ਸਿੰਘ ਬਰਾੜ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਖੇਡਾਂ ਜ਼ਰੂਰੀ ਹਨ ਤੇ ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਡਾਂ ਦੇ ਨਾਲ ਨਾਲ ਗੁਰੂ ਵਾਲੇ ਵੀ ਜ਼ਰੂਰ ਬਣੋ।

## ਬਲਾਕ ਪੱਧਰੀ ਖੇਡਾਂ 'ਚ ਮੱਲਾਂ ਮਾਰਨ ਵਾਲੇ ਵਿਦਿਆਰਥੀ ਸਨਮਾਨਤ



ਜਲਾਲਾਬਾਦ (ਜੀਤ ਕੁਮਾਰ)-ਬਲਾਕ ਪੱਧਰੀ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਸਰਕਾਰੀ ਪ੍ਰਾਇਮਰੀ ਸਕੂਲ ਜਵਾਲੇਵਾਲਾ ਦੇ ਵਿਦਿਆਰਥੀਆਂ ਨੂੰ ਪਿੰਡ ਦੀ ਗ੍ਰਾਮ ਪੰਚਾਇਤ ਤੇ ਅਧਿਆਪਕਾਂ ਵੱਲੋਂ ਸਨਮਾਨਤ ਕੀਤਾ ਗਿਆ। ਜਾਣਕਾਰੀ ਦੇ ਅਨੁਸਾਰ ਸਰਕਾਰੀ ਪ੍ਰਾਇਮਰੀ ਸਕੂਲ ਜਵਾਲੇ ਵਾਲਾ ਦੇ ਬੱਚਿਆਂ ਨੇ ਬਲਾਕ ਪੱਧਰੀ ਖੇਡਾਂ ਵਿੱਚ 400 ਮੀਟਰ ਦੌੜ ਵਿੱਚ ਪਹਿਲਾ, 600 ਮੀਟਰ ਵਿੱਚ ਦੂਜਾ, ਰਿਲੇਅ ਵਿੱਚ ਦੂਜਾ, 100 ਮੀਟਰ ਦੌੜ ਤੇ ਲੰਬੀ ਛਾਲ ਵਿੱਚ ਦੂਜਾ, 25 ਕਿੱਲੋ ਕੁਸ਼ਤੀ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਇਸ ਮੌਕੇ ਓਮ ਪ੍ਰਕਾਸ਼ ਹੈਡ ਟੀਚਰ, ਮਗਨ ਸਿੰਘ ਈਟੀਟੀ ਅਧਿਆਪਕ ਤੇ ਮੈਡਮ ਰਜਵਿੰਦਰ ਕੌਰ ਤੇ ਮਾਪੇ ਹਾਜ਼ਰ ਹੋਏ ਤੇ ਸਕੂਲ ਸਟਾਫ ਨੂੰ ਵਧਾਈ ਦਿੱਤੀ ਅਤੇ ਅੱਗੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਲਈ ਬੱਚਿਆਂ ਨੂੰ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਪਿੰਡ ਗੋਵੀ ਸਿੰਘ, ਸਤਨਾਮ, ਸਾਹਿਲ, ਲਵਿਸ਼ਪ੍ਰੀਤ ਸਿੰਘ, ਅਨੌਸ਼ ਦੀਪ ਸਿੰਘ ਹਾਜ਼ਰ ਸਨ।

## ਸੜਕ ਹਾਦਸੇ 'ਚ ਵਿਅਕਤੀ ਦੀ ਮੌਤ, ਮਾਮਲਾ ਦਰਜ



ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਬੀਤੇ ਦਿਨ ਸ਼ਹੀਦ ਊਧਮ ਸਿੰਘ ਚੌਕ ਕੋਲ ਵਾਪਰੇ ਹਾਦਸੇ 'ਚ ਇੱਕ ਵਿਅਕਤੀ ਦੀ ਮੌਤ ਹੋਣ ਦੇ ਸੰਬੰਧ ਵਿੱਚ ਅਣਪਛਾਤੇ ਟ੍ਰਾਲੇ ਚਾਲਕ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸਰਵੰਤ ਸਿੰਘ ਨੇ ਦੱਸਿਆ ਕਿ ਮੁਦੱਈ ਕਰਨਦੀਪ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਚੱਕ ਅਰਾਈਆਂਵਾਲਾ ਉਰਫ ਪੰਜ ਕੋਠੇ ਨੇ ਬਿਆਨ ਦਰਜ ਕਰਵਾਏ ਗਏ ਹਨ ਕਿ ਉਸ ਦਾ ਪਿਤਾ ਹਰਭਜਨ ਸਿੰਘ, ਜੋਕਿ ਰਾਜ ਮਿਸਤਰੀ ਦਾ ਕੰਮ ਕਰਦਾ ਹੈ ਤੇ 21 ਅਕਤੂਬਰ 2024 ਨੂੰ ਸ਼ਹੀਦ ਊਧਮ ਸਿੰਘ ਚੌਕ ਜਲਾਲਾਬਾਦ ਵਿਖੇ ਸੜਕ ਦੀ ਰਿਪੇਅਰ ਦਾ ਕੰਮ ਕਰ ਰਿਹਾ ਸੀ ਤਾਂ ਇਕ ਟਰੱਕ (ਟ੍ਰਾਲਾ ਘੋੜਾ) ਨੰਬਰ ਆਰ. ਜੇ. 04-ਜੀਸੀ 2215 ਨੂੰ ਇਕ ਅਣਪਛਾਤਾ ਵਿਅਕਤੀ ਲਾਪ੍ਰਵਾਹੀ ਤੇ ਤੇਜ਼ ਰਫ਼ਤਾਰ ਨਾਲ ਚਲਾ ਰਿਹਾ ਸੀ ਤੇ ਇਹ ਟ੍ਰਾਲਾ ਫਾਜ਼ਿਲਕਾ ਵਾਲੀ ਸਾਇਡ ਤੋਂ ਆ ਰਿਹਾ ਸੀ, ਜਿਸ ਨੇ ਉਸ ਦੇ ਪਿਤਾ ਹਰਭਜਨ ਸਿੰਘ ਵਿੱਚ ਮਾਰ ਦਿੱਤਾ ਤੇ ਮੌਕੇ ਤੋਂ ਚਾਲਕ ਟਰਾਲਾ ਛੱਡ ਕੇ ਭੱਜ ਗਿਆ, ਜਿਸ 'ਤੇ ਵਾਪਰੇ ਇਸ ਹਾਦਸੇ ਵਿੱਚ ਉਸ ਦੇ ਪਿਤਾ ਹਰਭਜਨ ਸਿੰਘ ਦੀ ਮੌਤ ਹੋ ਗਈ। ਥਾਣਾ ਸਿਟੀ ਵਿਖੇ ਮੁਦਈ ਕਰਨਦੀਪ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਅਣਪਛਾਤੇ ਟਰਾਲੇ ਦੇ ਚਾਲਕ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

## ਰੂਪ ਵਾਟਿਕਾ ਦੇ ਵਿਦਿਆਰਥੀਆਂ ਦਾ ਕਬੱਡੀ 'ਚ ਕਮਾਲ



ਜਗਰਾਓਂ (ਅਮਿਤ ਖੰਨਾ)-ਰੂਪ ਵਾਟਿਕਾ ਸਕੂਲ ਜਗਰਾਉਂ ਦੇ ਮੁੰਡੇ-ਕੁੜੀਆਂ ਦੇ ਕਬੱਡੀ ਮੁਕਾਬਲਿਆਂ ਵਿੱਚ ਭਾਗ ਲਿਆ, ਜੋ ਸੱਤਿਆ ਭਾਰਤੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਸ਼ੇਰਪੁਰ ਕਲਾਂ ਸਰਦਿਆਂ ਨੇੜਲ ਵਿੱਚ ਕਰਵਾਏ ਗਏ।ਇਸ ਪ੍ਰਤੀਯੋਗਤਾ ਦੇ ਨਤੀਜੇ ਬਹੁਤ ਹੀ ਸ਼ਾਨਦਾਰ ਰਹੇ, ਜਿਸ 'ਚ ਅੰਡਰ-14 ਕੁੜੀਆਂ ਦੇ ਕਬੱਡੀ ਮੁਕਾਬਲੇ 'ਚ ਤੀਜਾ, ਅੰਡਰ-17 ਕੁੜੀਆਂ 'ਚ ਦੂਜਾ ਅਤੇ ਅੰਡਰ-19 ਕੁੜੀਆਂ 'ਚ ਦੂਜਾ ਸਥਾਨ ਹਾਸਲ ਕੀਤਾ।ਇਸ ਤਰ੍ਹਾਂ ਅੰਡਰ-14 ਮੁੰਡਿਆਂ ਦੇ ਕਬੱਡੀ ਮੁਕਾਬਲੇ 'ਚ ਤੀਜਾ, ਅੰਡਰ-17 ਵਿੱਚ ਮੁੰਡਿਆਂ ਨੇ ਤੀਜਾ ਤੇ ਅੰਡਰ-19 ਵਿੱਚ ਮੁੰਡਿਆਂ ਨੇ ਦੂਜਾ ਸਥਾਨ ਹਾਸਲ ਕੀਤਾ। ਸਕੂਲ ਦੇ ਪ੍ਰਬੰਧਕਾਂ ਤੇ ਮੁੱਖ ਅਧਿਆਪਕ ਸ੍ਰੀਮਤੀ ਵਿਮੀ ਠਾਕੁਰ ਨੇ ਡੀ ਪੀ ਅਧਿਆਪਕਾਂ, ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਨੇ ਵਿਦਿਆਰਥੀਆਂ ਦਾ ਉਤਸ਼ਾਹ ਵਧਾਇਆ ਤੇ ਖੇਡਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਣਾ ਦਿੱਤੀ।

# ਠੇਕੇਦਾਰ ਵੱਲੋਂ ਪੁੱਟੀ ਸਬਜ਼ੀ ਮੰਡੀ ਦੀ ਸੜਕ ਦਾ ਨਿਰਮਾਣ ਨਾ ਹੋਣ 'ਤੇ ਲੋਕ ਪ੍ਰੇਸ਼ਾਨ

### ਮੰਡੀ ਬੋਰਡ ਨਹੀਂ ਕਰ ਰਿਹਾ ਕੋਈ ਸੁਣਵਾਈ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਦਾਣਾ ਮੰਡੀ ਵਿੱਚ ਸਥਿਤ ਸਬਜ਼ੀ ਮੰਡੀ ਦੀਆਂ ਦੁਕਾਨਾਂ ਅੱਗੇ ਬਣੀ ਸੜਕ ਠੇਕੇਦਾਰ ਵੱਲੋਂ ਨਵੀਂ ਬਣਾਉਣ ਲਈ ਪੁੱਟ ਤਾਂ ਦਿੱਤੀ ਗਈ, ਪਰ ਮੁੜ ਕੇ ਉਸ ਦਾ ਨਿਰਮਾਣ ਸ਼ੁਰੂ ਨਾ ਕੀਤਾ, ਜਿਸ ਕਾਰਨ ਆੜ੍ਹਤੀ ਤੇ ਲੋਕ ਪ੍ਰੇਸ਼ਾਨ ਹਨ।

ਮਾਛੀਵਾੜਾ ਸਬਜ਼ੀ ਮੰਡੀ ਆੜ੍ਹਤੀ ਐਸੋ. ਦੇ ਪ੍ਰਧਾਨ ਚੇਤਨ ਕੁਮਾਰ ਨੇ ਦੱਸਿਆ ਕਿ ਆੜ੍ਹਤੀਆਂ ਦੀਆਂ ਦੁਕਾਨਾਂ ਅੱਗੇ ਮੰਡੀ ਬੋਰਡ ਵਲੋਂ ਨਵੀਂ ਸੜਕ ਬਣਾਉਣ ਦਾ ਇੱਕ ਠੇਕੇਦਾਰ ਨੂੰ ਟੈਂਡਰ ਦਿੱਤਾ ਹੈ, ਜਿਸ ਦਾ ਉਸ ਨੇ ਨਵ-ਨਿਰਮਾਣ ਕਰਨਾ ਸੀ। ਆੜ੍ਹਤੀ ਨੇ ਦੱਸਿਆ ਕਿ ਕਰੀਬ 1 ਮਹੀਨੇ ਪਹਿਲਾਂ ਠੇਕੇਦਾਰ ਨੇ ਸੜਕ ਦਾ ਨਵ-ਨਿਰਮਾਣ ਕਰਨ ਲਈ ਪੁਰਾਣੀ ਸੜਕ ਪੁੱਟ ਦਿੱਤੀ ਤੇ ਇਸ ਵਿੱਚ ਲੱਗੀਆਂ ਇੱਟਾਂ ਤੱਕ ਚੁੱਕ ਕੇ ਲੈ ਗਿਆ, ਜਦਕਿ ਮਲਬਾ ਸੜਕ 'ਤੇ ਛੱਡ ਗਿਆ। ਉਨ੍ਹਾ ਕਿਹਾ ਕਿ ਰੋਜ਼ਾਨਾ ਸਵੇਰੇ ਸੈਂਕੜੇ ਕਿਸਾਨ ਆਪਣੀ ਸਬਜ਼ੀ ਵੇਚਣ ਆਉਂਦੇ ਹਨ ਤੇ ਕਈ ਦੁਕਾਨਦਾਰ ਖ੍ਰੀਦਣ ਲਈ ਆਉਂਦੇ ਹਨ, ਪਰ ਇਹ ਪੁੱਟੀ ਹੋਈ ਸੜਕ 'ਤੇ ਖਿੱਲਰਿਆ ਮਲਬਾ ਸਾਰਿਆਂ ਲਈ ਪ੍ਰੇਸ਼ਾਨੀ ਦਾ ਕਾਰਨ ਬਣਿਆ ਹੈ। ਉਨ੍ਹਾਂ ਕਿਹਾ ਕਿ ਤੜਕੇ ਹਨੇਰਾ ਹੋਣ ਕਾਰਨ ਕਈ ਕਿਸਾਨ ਸੜਕ 'ਤੇ ਖਿੱਲਰੇ ਮਲਬੇ ਕਾਰਨ ਗਿਰੇ ਵੀ ਹਨ, ਜਿਸ ਸਬੰਧੀ ਉਨ੍ਹਾਂ ਮਾਰਕੀਟ ਕਮੇਟੀ ਸਕੱਤਰ ਦੇ ਧਿਆਨ ਵਿੱਚ ਲਿਆਂਦਾ ਕਿ ਸੜਕ ਦਾ ਨਿਰਮਾਣ ਕਰਵਾਇਆ ਜਾਵੇ। ਆੜ੍ਹਤੀਆਂ ਨੇ ਕਿਹਾ ਕਿ ਜੇਕਰ ਸੜਕ ਦਾ ਨਿਰਮਾਣ ਕਰਨਾ ਹੀ ਨਹੀਂ ਸੀ ਤਾਂ ਪੁਰਾਣੀ ਨੂੰ ਪੁੱਟਣ ਦੀ ਕੀ ਲੋੜ ਸੀ।

ਸਬਜ਼ੀ ਮੰਡੀ ਦੇ ਆੜ੍ਹਤੀਆਂ ਨੇ ਕਿਹਾ ਕਿ ਉਹ ਆਪਣੀ ਸਮੱਸਿਆ ਸਬੰਧੀ ਮਾਰਕੀਟ ਕਮੇਟੀ ਦੇ ਸਕੱਤਰ ਤੇ ਮੰਡੀ ਬੋਰਡ ਅਧਿਕਾਰੀਆਂ ਨੂੰ ਸੂਚਿਤ ਕਰ ਚੁੱਕੇ ਹਨ, ਪਰ ਕੋਈ ਸੁਣਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਅੱਜਕੱਲ੍ਹ ਤਿਉਹਾਰਾਂ ਦੇ ਸੀਜ਼ਨ ਕਾਰਨ ਸਬਜ਼ੀ ਮੰਡੀ ਵਿੱਚ ਗਾਹਕਾਂ, ਦੁਕਾਨਦਾਰਾਂ ਤੇ ਕਿਸਾਨਾਂ ਦੀ ਆਮਦ ਵਧੀ ਹੋਈ ਹੈ, ਪਰ ਪੁੱਟੀ ਸੜਕ 'ਤੇ ਗਿਰਿਆ ਮਲਬਾ ਵੱਡੀ ਪ੍ਰੇਸ਼ਾਨੀ ਦਾ ਕਾਰਨ ਬਣਿਆ ਹੈ। ਆੜ੍ਹਤੀਆਂ ਤੇ ਕਿਸਾਨਾਂ ਨੇ ਮੰਡੀ ਬੋਰਡ ਦੇ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਇਸ ਪੁੱਟੀ ਸੜਕ ਦਾ ਤੁਰੰਤ ਨਵ-ਨਿਰਮਾਣ ਕਰਵਾਇਆ ਜਾਵੇ।

ਜਦੋਂ ਇਸ ਸੰਬੰਧੀ ਮੰਡੀ ਬੋਰਡ ਦੇ ਐੱਸ ਡੀ ਓ ਗੁਰਜੀਤ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾ ਕਿਹਾ ਕਿ ਝੋਨੇ ਦੇ ਸੀਜ਼ਨ ਕਾਰਨ ਸੜਕ ਦਾ ਨਿਰਮਾਣ ਰੁਕਿਆ ਹੈ ਤੇ ਜਲਦ ਹੀ ਇਸ ਸੜਕ ਨੂੰ ਮੁਕੰਮਲ ਕਰਵਾ ਦਿੱਤਾ ਜਾਵੇਗਾ।

# ਬਦਲਾਅ ਵਾਲੀ ਸਰਕਾਰ ਦੇ ਰਾਜ 'ਚ ਗੁੰਡਾ ਅਨਸਰਾਂ ਦੇ ਹੌਸਲੇ ਬੁਲੰਦ : ਕੌਸ਼ਲ

### ਕੋਟਕਪੂਰਾ ਐਸਿਡ ਅਟੈਕ ਦੇ ਦੋਸ਼ੀ ਅਜੇ ਵੀ ਪੁਲਸ ਦੀ ਪਕੜ ਤੋਂ ਬਾਹਰ



ਕੋਟਕਪੂਰਾ/ਫਰੀਦਕੋਟ (ਰਛਪਾਲ ਭੁੱਲਰ/ਐਲਿਗਜੈਂਡਰ ਡਿਸੂਜਾ)-ਬਦਲਾਅ ਲਿਆਉਣ ਦੇ ਦਾਅਵੇ ਕਰਨ ਵਾਲੀ ਮਾਨ ਸਰਕਾਰ ਦੇ ਰਾਜ ਵਿੱਚ ਇਹ ਬਦਲਾਅ ਜ਼ਰੂਰ ਆਇਆ ਹੈ ਕਿ ਪਹਿਲਾਂ ਧੀਆਂ-ਭੈਣਾਂ 'ਤੇ ਘਰੋਂ ਬਾਹਰ ਹਮਲੇ ਹੁੰਦੇ ਸਨ, ਜੋ ਹੁਣ ਦਿਨ-ਦਿਹਾੜੇ ਘਰਾਂ ਵਿੱਚ ਵੀ ਸ਼ੁਰੂ ਹੋ ਗਏ ਹਨ।ਇਹ ਬਿਆਨ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ, ਕਾਮਰੇਡ ਗੁਰਨਾਮ ਸਿੰਘ ਸਰਪੰਚ ਤੇ ਸੀਨੀਅਰ ਆਗੂ ਮਾਸਟਰ ਗੁਰਚਰਨ ਸਿੰਘ ਮਾਨ ਨੇ ਜਾਰੀ ਕਰਦੇ ਹੋਏ ਕੋਟਕਪੂਰਾ ਦੇ ਸ਼ਹੀਦ ਭਗਤ ਸਿੰਘ ਨਗਰ ਦੀ ਲੜਕੀ 'ਤੇ ਤੇਜ਼ਾਬ ਸੁੱਟਣ ਵਾਲੇ ਮੋਟਰ ਸਾਈਕਲ ਸਵਾਰ ਬਦਮਾਸ਼ਾਂ ਨੂੰ ਘਟਨਾ ਦੇ ਪੰਜਵੇਂ ਦਿਨ ਵੀ ਗ੍ਰਿਫਤਾਰ ਨਾ ਕਰ ਸਕਣ ਕਰਕੇ ਅਮਨ ਕਾਨੂੰਨ ਦੀ ਹਾਲਤ 'ਤੇ ਡੂੰਘੀ ਫਿਕਰਮੰਦੀ ਜ਼ਾਹਰ ਕੀਤੀ। ਵਰਨਣਯੋਗ ਹੈ ਕਿ 19 ਅਕਤੂਬਰ ਦੀ ਸਵੇਰ ਵੇਲੇ ਮੋਟਰਸਾਈਕਲ ਸਵਾਰ ਦੋ ਬਦਮਾਸ਼, ਜਿਨ੍ਹਾਂ ਨੇ ਮੂੰਹ ਢਕੇ ਹੋਏ ਸਨ, ਪੇਂਟਰ ਦਾ ਕੰਮ ਕਰਨ ਵਾਲੇ ਅਮੀਂ ਚੰਦ ਦੇ ਘਰ ਆਏ ਤੇ ਦਰਵਾਜ਼ਾ ਖੜਕਾਇਆ।ਜਦੋਂ ਉਸ ਦੀ ਲੜਕੀ ਨੇ ਦਰਵਾਜ਼ਾ ਖੋਲ੍ਹਿਆ ਤਾਂ ਬਦਮਾਸ਼ਾਂ ਨੇ ਉਸ ਦੇ ਚਿਹਰੇ 'ਤੇ ਤੇਜ਼ਾਬ ਸੁੱਟਿਆ ਤੇ ਮੌਕੇ ਤੋਂ ਫ਼ਰਾਰ ਹੋ ਗਏ।ਪੀੜਤ ਲੜਕੀ ਇਸ ਵਕਤ ਫਰੀਦਕੋਟ ਮੈਡੀਕਲ ਕਾਲਜ ਦੇ ਅੱਖਾਂ ਵਾਲੇ ਵਾਰਡ ਵਿੱਚ ਜ਼ੇਰੇ ਇਲਾਜ ਹੈ, ਕਿਉਂਕਿ ਤੇਜ਼ਾਬ ਪੈਣ ਨਾਲ ਉਸ ਦੀ ਇੱਕ ਅੱਖ ਜ਼ਿਆਦਾ ਨੁਕਸਾਨੀ ਗਈ ਹੈ। ਕਮਿਊਨਿਸਟ ਆਗੂਆਂ ਨੇ ਹਸਪਤਾਲ ਪਹੁੰਚ ਕੇ ਪੀੜਤ ਲੜਕੀ ਤੇ ਉਸ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਹੌਸਲਾ ਬੰਨ੍ਹਾਇਆ ਅਤੇ ਇਨਸਾਫ਼ ਹਾਸਲ ਕਰਨ ਵਿੱਚ ਮਦਦ ਕਰਨ ਦਾ ਭਰੋਸਾ ਦਿਤਾ।ਕਮਿਊਨਿਸਟ ਆਗੂਆ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਜ਼ਿਲ੍ਹਾ ਰੈੱਡ ਕ੍ਰਾਸ ਸੁਸਾਇਟੀ ਤੋਂ ਮੰਗ ਕੀਤੀ ਕਿ ਪੀੜਤ ਲੜਕੀ ਦੇ ਪਰਿਵਾਰ ਦੀ ਹਾਲਤ ਵੇਖਦੇ ਹੋਏ ਉਸ ਦਾ ਸਾਰਾ ਇਲਾਜ ਮੁਫ਼ਤ ਕੀਤਾ ਜਾਵੇ, ਕਿਉਂਕਿ ਹੁਣ ਤੱਕ ਸਾਰਾ ਖ਼ਰਚਾ ਗਰੀਬ ਬਾਪ ਵੱਲੋਂ ਕੀਤਾ ਜਾ ਰਿਹਾ ਹੈ।

# ਸੁਪਰੀਮ ਕਾਨਵੈਂਟ ਸਕੂਲ ਬਿਲਾਸਪੁਰ 'ਚ ਛੇਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ



ਹਠੂਰ (ਨਛੱਤਰ ਸੰਧੂ) ਸੁਪਰੀਮ ਕਾਨਵੈਂਟ ਸਕੂਲ ਬਿਲਾਸਪੁਰ ਵਿਖੇ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਇਕਾਈ ਭਦੌੜ ਵੱਲੋਂ ਛੇਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਾਈ ਗਈ, ਜਿਸ ਵਿੱਚ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ 81 ਵਿਦਿਆਰਥੀਆਂ ਨੇ ਭਾਗ ਲਿਆ।

ਛੇਵੀਂ ਤੋਂ ਅੱਠਵੀਂ ਜਮਾਤ ਦੇ ਪਰਖ ਪ੍ਰੀਖਿਆ 'ਚ 77 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ।ਚੇਤਨਾ ਪਰਖ ਪ੍ਰੀਖਿਆ ਲਈ ਸਕੂਲ ਦੇ ਡਾਇਰੈਕਟਰ ਸਰਦਾਰ ਚਰਨ ਸਿੰਘ ਤੇ ਚੇਅਰਮੈਨ ਸ੍ਰੀ ਜੋਗਿੰਦਰ ਸ਼ਰਮਾ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਦੱਸਿਆ ਕਿ ਚੇਤਨਾ ਪਰਖ ਪ੍ਰੀਖਿਆ ਦਾ ਉਦੇਸ਼ ਵਿਦਿਆਰਥੀਆਂ ਦਾ ਸੋਚਣ ਢੰਗ ਵਿਗਿਆਨਕ ਬਣਾਉਣਾ ਹੈ।ਪ੍ਰਿੰਸੀਪਲ ਸ੍ਰੀ ਸੰਦੀਪ ਕੁਮਾਰ ਨੇ ਬੱਚਿਆਂ ਨੂੰ ਪ੍ਰੇਰਿਤ ਕਰਦੇ ਹੋਏ ਦੱਸਿਆ ਵਿਦਿਆਰਥੀਆਂ ਨੂੰ ਮਾਣਮੱਤੇ ਭਾਰਤੀ ਇਤਿਹਾਸ ਬਾਰੇ ਜਾਣੂ ਕਰਾਉਣਾ ਤੇ ਵਿਦਿਆਰਥੀਆਂ ਨੂੰ ਫਿਲਮੀ ਨਾਇਕਾ ਦੀ ਥਾਂ ਸਮਾਜ ਵਿੱਚ ਅਸਲੀ ਨਾਇਕਾ ਦੇ ਰੂਬਰੂ ਕਰਾਉਣਾ ਹੈ।

ਚੇਤਨਾ ਪਰਖ ਪ੍ਰੀਖਿਆ 21 ਅਕਤੂਬਰ ਨੂੰ ਸੁਪਰੀਮ ਸਕੂਲ ਬਿਲਾਸਪੁਰ ਵਿੱਚ ਆਯੋਜਤ ਕੀਤੀ ਗਈ।ਸੈਕੰਡਰੀ ਤੇ ਮਿਡਲ ਵਰਗ ਦੇ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਪ੍ਰੀਖਿਆ ਦਿੱਤੀ। ਅੰਤ 'ਚ ਸਕੂਲ ਦੇ ਪ੍ਰਿੰਸੀਪਲ ਸ੍ਰੀ ਸੰਦੀਪ ਕੁਮਾਰ ਵੱਲੋਂ ਤਰਕਸ਼ੀਲ ਸੁਸਾਇਟੀ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

## ਸਰਪੰਚ ਅਜਾਇਬ ਹਮੀਰਗੜ੍ਹ ਵੱਲੋਂ ਕਾਂਗੜ ਦਾ ਧੰਨਵਾਦ



ਬਠਿੰਡਾ (ਰਾਜੀਵ ਗੋਇਲ) : ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਦੇ ਨੇੜਲੇ ਪਿੰਡ ਹਮੀਰਗੜ੍ਹ ਤੋਂ ਨਵੇਂ ਚੁਣੇ ਗਏ ਸਰਪੰਚ ਅਜਾਇਬ ਸਿੰਘ ਹਮੀਰਗੜ੍ਹ ਵੱਲੋਂ ਹਲਕਾ ਰਾਮਪੁਰਾ ਫੂਲ ਦੇ ਸੀਨੀਅਰ ਨੇਤਾ ਤੇ ਸਾਬਕਾ ਵਜ਼ੀਰ ਗੁਰਪ੍ਰੀਤ ਸਿੰਘ ਕਾਂਗੜ ਨਾਲ ਮੁਲਾਕਾਤ ਕੀਤੀ ਗਈ।

ਇਸ ਮੌਕੇ ਜਿੱਥੇ ਕਾਂਗੜ ਵੱਲੋਂ ਅਜਾਇਬ ਸਿੰਘ ਨੂੰ ਸਰਪੰਚ ਚੁਣੇ ਜਾਣ 'ਤੇ ਵਧਾਈ ਦਾ ਪਾਤਰ ਦੱਸਿਆ ਗਿਆ, ਉੱਥੇ ਹੀ ਨਵੇਂ ਚੁਣੇ ਸਰਪੰਚ ਵੱਲੋਂ ਵੀ ਪੰਚਾਇਤੀ ਚੋਣਾਂ ਵਿੱਚ ਮੌਜੂਦਾ ਪਾਰਟੀ ਦੀ ਧੱਕੇਸ਼ਾਹੀ ਵਿਰੁੱਧ ਮੱਦਦ ਕੀਤੇ ਜਾਣ 'ਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਬੂਟਾ ਸਿੰਘ ਸਿੱਧੂ ਪ੍ਰਧਾਨ ਨਗਰ ਪੰਚਾਇਤ ਭਗਤਾ, ਨਛੱਤਰ ਸਿੰਘ ਹਮੀਰਗੜ੍ਹ, ਗੁਰਮੇਲ ਸਿੰਘ, ਦੀਪਕ ਸ਼ਰਮਾ ਸਮੇਤ ਹੋਰ ਸਿਆਸੀ ਆਗੂ ਤੇ ਮੋਹਤਵਰ ਹਾਜ਼ਰ ਸਨ।

# ਸਕੂਲਾਂ 'ਚ ਪਹੁੰਚ ਕੇ ਵਿਦਿਆਰਥੀਆਂ ਦਾ ਚੈੱਕਅੱਪ ਕੀਤਾ



ਸੁਨਾਮ, (ਅਸ਼ੋਕ ਬਾਂਸਲ) ਸ਼੍ਰੀ ਬਾਲਾਜੀ ਟਰੱਸਟ ਦੇ ਮੈਂਬਰ ਗੌਰਵ ਜਨਾਲੀਆ ਨੇ ਦੱਸਿਆ ਕਿ ਮੋਬਾਈਲ ਹਸਪਤਾਲ ਵੈਨਾਂ ਰਾਹੀਂ ਵੱਖ-ਵੱਖ ਪਿੰਡਾਂ ਦੇ ਸਕੂਲਾਂ ਵਿੱਚ ਪਹੁੰਚ ਕੇ ਵਿਦਿਆਰਥੀਆਂ ਦਾ ਮੁਫ਼ਤ ਚੈੱਕਅਪ ਕੀਤਾ ਗਿਆ। ਇਸੇ ਸਿਲਸਿਲੇ ਨੂੰ ਜਾਰੀ ਰੱਖਦੇ ਹੋਏ ਆਸ਼ੀਰਵਾਦ ਡੇਅ ਬੋਰਡਿੰਗ ਪਬਲਿਕ ਸੀਨੀਅਰ ਸਕੈਂਡਰੀ ਸਕੂਲ ਝਾੜੋਂ ਵਿਖੇ 44ਵਾਂ ਦੰਦਾਂ ਦਾ ਚੈਕਅੱਪ ਕੈਂਪ ਲਾਇਆ ਗਿਆ, ਜਿਸ ਵਿਚ ਵਿਸ਼ੇਸ਼ ਤੌਰ 'ਤੇ ਦੰਦਾਂ ਦੇ ਮਾਹਿਰ ਡਾ: ਪੁਨੀਤ ਗੋਇਲ ਸੁਨਾਮ ਵੱਲੋਂ ਮੁਫ਼ਤ ਚੈਕਅੱਪ ਕੀਤਾ ਗਿਆ।ਡਾਕਟਰ ਨੇ ਵਿਦਿਆਰਥੀਆਂ ਨੂੰ ਦੰਦਾਂ ਦੀ ਸਾਂਭ-ਸੰਭਾਲ ਲਈ ਹਰ ਰੋਜ਼ ਬੁਰਸ਼ ਕਰਨ ਦੀ ਸਲਾਹ ਦਿੱਤੀ। ਜਨਾਲੀਆ ਨੇ ਦੱਸਿਆ ਕਿ ਕੈਂਪਾਂ ਦੌਰਾਨ ਸ੍ਰੀ ਬਾਲਾਜੀ ਟਰੱਸਟ ਵੱਲੋਂ ਬੁਰਸ਼ ਤੇ ਪੇਸਟ ਮੁਫ਼ਤ ਵੰਡੇ ਗਏ।ਉਨ੍ਹਾਂ ਦੱਸਿਆ ਕਿ ਕਰੀਬ 310 ਵਿਦਿਆਰਥੀਆਂ ਦਾ ਚੈੱਕਅਪ ਕੀਤਾ ਗਿਆ।ਵਿਦਿਆਰਥੀਆਂ ਨੂੰ ਦੰਦਾਂ ਦੀਆਂ ਬਿਮਾਰੀਆਂ ਤੋਂ ਜਾਗਰੂਕ ਕੀਤਾ ਗਿਆ।ਜਨਾਲੀਆ ਨੇ ਕਿਹਾ ਕਿ ਜੇਕਰ ਕੋਈ ਵਿਦਿਆਰਥੀ ਆਪਣੇ ਦੰਦਾਂ ਦਾ ਇਲਾਜ ਕਰਾਉਣ ਤੋਂ ਅਸਮਰਥ ਹੈ ਤਾਂ ਉਸ ਦਾ ਇਲਾਜ ਡਾ. ਸਾਹਿਬ ਵੱਲੋਂ ਸ਼੍ਰੀ ਬਾਲਾਜੀ ਟਰੱਸਟ ਦੇ ਸਹਿਯੋਗ ਨਾਲ ਮੁਫ਼ਤ ਕੀਤਾ ਜਾਵੇਗਾ।

ਉਨ੍ਹਾਂ ਸਕੂਲ ਪ੍ਰਬੰਧਕਾਂ ਅਤੇ ਸਮੂਹ ਸਟਾਫ਼ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਪੂਰੀ ਤਨਦੇਹੀ ਨਾਲ ਮਾਨਵਤਾ ਦੀ ਸੇਵਾ ਕਰਦੇ ਰਹਿਣਗੇ ਅਤੇ ਇਸ ਮੋਬਾਈਲ ਹਸਪਤਾਲ ਵੈਨ ਰਾਹੀਂ ਪੇਂਡੂ ਖੇਤਰਾਂ ਵਿੱਚ ਮੁਫ਼ਤ ਮੈਡੀਕਲ ਸਹੂਲਤਾਂ ਪ੍ਰਦਾਨ ਕਰਦੇ ਰਹਿਣਗੇ।

# ਵਿਦਿਆਰਥੀਆਂ ਦਾ ਫੋਰੈਂਸਿਕ ਮੈਡੀਸਨ ਮਿਊਜ਼ੀਅਮ ਤੇ ਮੁਰਦਾ ਘਰ 'ਚ ਅਕੈਡਮਿਕ ਦੌਰਾ



ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ) ਬਾਬਾ ਫ਼ਰੀਦ ਲਾਅ ਕਾਲਜ ਵੱਲੋਂ ਮਾਨਯੋਗ ਚੇਅਰਮੈਨ ਸਵ. ਇੰਦਰਜੀਤ ਸਿੰਘ ਖਾਲਸਾ ਦੀ ਅਗਾਂਹਵਧੂ ਸੋਚ ਨੂੰ ਅੱਗੇ ਵਧਾਉਂਦੇ ਹੋਏ ਸਿਮਰਜੀਤ ਸਿੰਘ ਸੇਖੋਂ ਦੀ ਰਹਿਨੁਮਾਈ ਤੇ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਦੀ ਅਗਵਾਈ ਹੇਠ ਐਲ.ਐਲ.ਬੀ ਸਾਲ-ਤੀਜਾ, ਬੀ.ਏ.ਐਲਐਲ.ਬੀ ਸਾਲ-ਪੰਜਵਾਂ ਦੇ ਪੋਸਟਮਾਰਟਮ ਰਿਪੋਰਟ ਤੇ ਮੈਡੀਕਲ ਰਿਪੋਰਟ ਵਿਸ਼ੇ ਨਾਲ ਸਬੰਧਤ ਵਿਦਿਆਰਥੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਦੇ ਫੋਰੈਂਸਿਕ ਮੈਡੀਸਨ ਮਿਊਜ਼ੀਅਮ ਤੇ ਮੁਰਦਾ ਘਰ ਵਿੱਚ ਪੋਸਟਮਾਰਟਮ ਸਬੰਧੀ ਪ੍ਰੈਕਟੀਕਲ ਜਾਣਕਾਰੀ ਪ੍ਰਾਪਤ ਕਰਨ ਲਈ ਪਹੁੰਚੇ।

ਵਿਦਿਆਰਥੀਆਂ ਨੂੰ ਮਾਨਵੀ ਸਰੀਰ ਦੀ ਪੋਸਟਮਾਰਟਮ ਵਿਧੀ ਦਿਖਾਉਂਦਿਆਂ ਜਾਣਕਾਰੀ ਦਿੱਤੀ ਗਈ ਤੇ ਨਾਲ ਹੀ ਪੋਸਟਮਾਰਟਮ ਤੋਂ ਪਹਿਲਾਂ ਪੁਲਿਸ ਇਨਵੈਸਟੀਗੇਸ਼ਨ ਤੇ ਪੁਲਸ ਗਵਾਹੀ ਦੀ ਮਹੱਤਤਾ ਬਾਰੇ ਦੱਸਿਆ।ਇਸ ਦੌਰਾਨ ਵਿਦਿਆਰਥੀਆਂ ਨੂੰ ਵੱਖ-ਵੱਖ ਸਰੀਰ ਦੇ ਅੰਦਰੂਨੀ ਅੰਗਾਂ (ਬਰੇਨ, ਕਿਡਨੀ, ਹਾਰਟ, ਲੀਵਰ, ਫੇਫੜੇ ਆਦਿ) ਬਾਰੇ ਦੱਸਿਆ ਗਿਆ।

ਵਿਦਿਆਰਥੀਆਂ ਨੂੰ ਡਾ. ਰਾਜੀਵ ਜੋਸ਼ੀ, ਡਾ. ਮਾਲਵੀਕਾ ਲਾਲ ਤੇ ਸਟਾਫ ਮੈਂਬਰ ਨਿਧੀ ਧਵਨ ਨੇ ਵਿਦਿਆਰਥੀਆਂ ਨੂੰ ਫੋਰੈਂਸਿਕ ਮੈਡੀਸਨ ਤੇ ਪੋਸਟਮਾਰਟਮ ਬਾਰੇ ਪ੍ਰੈਕਟੀਕਲ ਜਾਣਕਾਰੀ ਦਿੱਤੀ।ਅੰਤ ਵਿੱਚ ਮਾਹਿਰਾਂ ਦੁਆਰਾ ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਕਿਸ ਤਰ੍ਹਾਂ ਉਨ੍ਹਾਂ ਦੀ ਦਿੱਤੀ ਹੋਈ ਰਾਏ ਕੋਰਟ ਵਿੱਚ ਨਿਰਦੋਸ਼ ਨੂੰ ਇਨਸਾਫ਼ ਦਿਵਾਉਂਦੀ ਹੈ। ਵਿਦਿਆਰਥੀਆਂ ਦੇ ਕਾਲਜ ਵਿਖੇ ਪਹੁੰਚਣ 'ਤੇ ਪ੍ਰਿੰਸੀਪਲ ਸ਼੍ਰੀ ਪੰਕਜ ਕੁਮਾਰ ਗਰਗ ਨੇ ਇਸ ਤਰਾਂ ਦੇ ਪ੍ਰੈਕਟੀਕਲ ਦੌਰੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਫੋਰੈਂਸਿਕ ਸਾਇੰਸ ਵਿਸ਼ਾ ਕਾਨੂੰਨ ਦੇ ਖੇਤਰ ਵਿੱਚ ਬਹੁਤ ਹੀ ਮਹੱਤਵਪੂਰਨ ਹੈ।

# ਵਿਧਾਇਕ ਬਾਜ਼ੀਗਰ ਵੱਲੋਂ ਪੰਚਾਇਤਾਂ ਦਾ ਸਨਮਾਨ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)- ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਲੰਘੀਆਂ ਪੰਚਾਇਤੀ ਚੋਣਾਂ ਹਲਕੇ ਦੇ ਪਿੰਡਾਂ ਦੇ ਚੁਣੇ ਗਏ ਪੰਚਾਂ-ਸਰਪੰਚਾਂ ਦਾ ਸਨਮਾਨ ਕਰਨ ਦਾ ਸਿਲਸਿਲਾ ਲਗਾਤਾਰ ਜਾਰੀ ਹੈ।ਇਲਾਕੇ ਦੇ ਅੱਧੀ ਦਰਜਨ ਦੇ ਕਰੀਬ ਪਿੰਡਾਂ ਸ਼ੇਰਗੜ੍ਹ, ਸੰਤ ਨਗਰ ਮੌਲਵੀਵਾਲਾ, ਦੁਆਰਕਾਪੁਰ, ਬਰਾਸ, ਧਨੇਠਾ ਦੇ ਚੁਣੇ ਗਏ ਪੰਚਾਇਤੀ ਨੁਮਾਇੰਦਿਆਂ ਦਾ ਸਨਮਾਨ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਦੂਰ ਅੰਦੇਸ਼ੀ ਸੋਚ ਦੇ ਚਲਦਿਆਂ ਇਸ ਵਾਰ ਪੰਚਾਇਤੀ ਚੋਣਾਂ ਪਾਰਟੀ ਚੋਣ ਨਿਸ਼ਾਨ ਤੋਂ ਬਿਨਾਂ ਕਰਵਾਏ ਜਾਣ ਦੇ ਫੈਸਲੇ ਨਾਲ ਪਿੰਡਾਂ ਵਿੱਚ ਧੜੇਬੰਦੀ ਕਾਫੀ ਹੱਦ ਤੱਕ ਘਟੀ ਹੈ ਤੇ ਬਹੁਤ ਸਾਰੇ ਪਿੰਡਾਂ ਦੇ ਪੰਚ ਸਰਪੰਚ ਬਿਨਾਂ ਮੁਕਾਬਲਾ ਸਰਬਸੰਮਤੀ ਨਾਲ ਚੁਣੇ ਗਏ ਹਨ।ਉਨ੍ਹਾਂ ਦੱਸਿਆ ਕਿ ਬਲਾਕ ਪਾਤੜਾਂ ਵਿੱਚ 105 ਪੰਚਾਇਤਾਂ ਵਿੱਚੋਂ 23 ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਹਨ, ਜਦੋਂਕਿ ਸੈਂਕੜੇ ਮੈਂਬਰ ਪੰਚਾਇਤ ਬਿਨਾਂ ਮੁਕਾਬਲਾ ਬਣੇ ਹਨ।ਉਨ੍ਹਾਂ ਪੰਚਾਇਤੀ ਨੁਮਾਇੰਦਿਆਂ ਨੂੰ ਭਰੋਸਾ ਦਿੱਤਾ ਕਿ ਆਮ ਆਦਮੀ ਪਾਰਟੀ ਆਪਣੇ ਵਿਕਾਸ ਦੇ ਏਜੰਡੇ 'ਤੇ ਪੂਰੀ ਤਰ੍ਹਾਂ ਕੰਮ ਕਰ ਰਹੀ ਹੈ ਤੇ ਆਉਣ ਵਾਲੇ ਸਮੇਂ ਵਿੱਚ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਗਰਾਂਟਾਂ ਦੀ ਕੋਈ ਕਮੀ ਨਾ ਆਉਣ ਦੇਣ ਦੇ ਨਾਲ ਨਾਲ ਖੇਡਾਂ, ਸਿਹਤ ਤੇ ਸਿੱਖਿਆ ਦੇ ਖੇਤਰ ਵਿੱਚ ਵਿਸ਼ੇਸ਼ ਕੰਮ ਕੀਤੇ ਜਾਣਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਆਪ ਆਗੂ ਸੁੱਚਾ ਸਿੰਘ ਸੰਧੂ, ਬਲਜੀਤ ਸਿੰਘ ਸਹੋਤਾ, ਸ਼੍ਰੀਮਤੀ ਹਰਪ੍ਰੀਤ ਕੌਰ ਸਰਪੰਚ ਸੰਤਨਗਰ ਮੌਲਵੀਵਾਲਾ, ਮਾਲਕ ਸਿੰਘ ਸਰਪੰਚ ਸ਼ੇਰਗੜ੍ਹ, ਸਰਬਜੀਤ ਸਿੰਘ ਸੰਧੂ, ਭੁਪਿੰਦਰਜੀਤ ਸਿੰਘ, ਕੁਲਦੀਪ ਸਿੰਘ ਕੰਬੋਜ, ਗੁਰਬਖਸ਼ ਸਿੰਘ ਸਾਬਕਾ ਸਰਪੰਚ ਆਦਿ ਹਾਜ਼ਰ ਸਨ।

# ਬਾਬਾ ਬੁੱਢਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ

### ਗੁਰੂ ਪ੍ਰਤੀ ਆਸਥਾ ਤੇ ਸਮਰਪਤ ਦੀ ਭਾਵਨਾ ਬਾਬਾ ਬੁੱਢਾ ਜੀ ਦੇ ਜੀਵਨ ਤੋਂ ਮਿਲਦੀ : ਐਡਵੋਕੇਟ ਧਾਮੀ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣ ਉਪਰੰਤ ਗੁਰਮਤਿ ਸਮਾਗਮ ਕਰਵਾਇਆ ਗਿਆ।ਇਸ ਮੌਕੇ ਉਚੇਚੇ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਜਸਮੇਰ ਸਿੰਘ ਲਾਛੜੂ, ਜਥੇਦਾਰ ਸੁਰਜੀਤ ਸਿੰਘ ਗੜ੍ਹੀ ਵੀ ਸ਼ਾਮਲ ਹੋਏ।ਧਾਰਮਕ ਸਮਾਗਮ ਦੌਰਾਨ ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਤੇ ਇਸ ਮੌਕੇ ਹਜ਼ੂਰੀ ਰਾਗੀ ਕੀਰਤਨੀ ਜਥੇ ਵੱਲੋਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ ਗਿਆ।

ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਤਾਂ ਨੂੰ ਬਾਬਾ ਬੁੱਢਾ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੰਦਿਆਂ ਕਿਹਾ ਕਿ ਬ੍ਰਹਮ ਗਿਆਨੀ, ਅਨਿਨ ਸੇਵਕ, ਪਰਉਪਕਾਰੀ ਤੇ ਵਿਦਵਾਨ ਬਾਬਾ ਬੁੱਢਾ ਜੀ ਨੂੰ ਸਿੱਖ ਇਤਿਹਾਸ ਅੰਦਰ ਇਸ ਕਰਕੇ ਵਿਲੱਖਣ ਸਥਾਨ ਪ੍ਰਾਪਤ ਹੈ, ਕਿਉਂਕਿ ਆਪ ਜੀ ਨੂੰ ਛੇ ਗੁਰੂ ਸਾਹਿਬਾਨ ਤੱਕ ਦਾ ਤਿਲਕ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਕਿਨਾਰੇ ਬੈਠ ਕੇ ਸੰਗਤਾਂ ਨੂੰ ਜਿੱਥੇ ਗੁਰਬਾਣੀ ਦੇ ਫਲਸਫੇ ਨਾਲ ਜੋੜਿਆ, ਉਥੇ ਹੀ ਬਿਖੜੇ ਸਮਿਆਂ ਵਿੱਚ ਆਪਣੀ ਦੂਰਦ੍ਰਿਸ਼ਟੀ ਤੇ ਤੀਖਣ ਬੁੱਧੀ ਨਾਲ ਸਿੱਖਾਂ ਨੂੰ ਇਕ ਝੰਡੇ ਹੇਠ ਰੱਖਣ ਦਾ ਕਾਰਜ ਕੀਤਾ। ਐਡਵੋਕੇਟ ਧਾਮੀ ਨੇ ਕਿਹਾ ਕਿ ਗੁਰੂ ਪ੍ਰਤੀ ਆਸਥਾ ਅਤੇ ਸਮਰਪਿਤ ਦੀ ਭਾਵਨਾ ਬਾਬਾ ਬੁੱਢਾ ਜੀ ਦੇ ਜੀਵਨ ਤੋਂ ਮਿਲਦੀ ਹੈ, ਜਿਨਾਂ ਵੱਲੋਂ ਦਰਸਾਏ ਮਾਰਗ 'ਤੇ ਚੱਲ ਕੇ ਪ੍ਰਮਾਤਮਾ 'ਚ ਭੇਦ ਹੋਣ ਦੀ ਜੀਵਨ ਜਾਂਚ ਮਿਲਦੀ ਹੈ।ਗੁਰਮਤਿ ਸਮਾਗਮ ਦੌਰਾਨ ਹੋਰਨਾਂ ਤੋਂ ਇਲਾਵਾ ਮੈਨੇਜਰ ਰਜਿੰਦਰ ਸਿੰਘ ਟੌਹੜਾ, ਮੀਤ ਮੈਨੇਜਰ ਭਾਗ ਸਿੰਘ ਚੌਹਾਨ, ਸੁਰਜੀਤ ਸਿੰਘ ਕੌਲੀ, ਆਤਮ ਪ੍ਰਕਾਸ਼ ਸਿੰਘ ਬੇਦੀ, ਮਨਦੀਪ ਸਿੰਘ ਭਲਵਾਨ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਅਧਿਕਾਰੀ ਤੇ ਸਟਾਫ ਮੈਂਬਰ ਆਦਿ ਸ਼ਾਮਲ ਸਨ।

# ਕੇਂਦਰ ਸਰਕਾਰ ਕਿਸਾਨਾਂ ਤੋਂ ਖੇਤੀ ਕਾਨੂੰਨ ਦੇ ਵਿਰੋਧ ਦਾ ਬਦਲਾ ਲੈ ਰਹੀ ਹੈ : ਸੰਧਵਾਂ



ਸਮਰਾਲਾ, (ਸੁਰਜੀਤ ਸਿੰਘ) ਕੇਂਦਰ ਦੀ ਭਾਜਪਾ ਸਰਕਾਰ ਖੇਤੀ ਵਿਰੋਧੀ ਤਿੰਨ ਕਾਲੇ ਕਾਨੂੰਨਾਂ ਦਾ ਕਿਸਾਨ ਸੰਗਠਨਾਂ ਵੱਲੋਂ ਕੀਤੇ ਗਏ ਜ਼ਬਰਦਸਤ ਵਿਰੋਧ ਦਾ ਬਦਲਾ ਉਨ੍ਹਾਂ ਨੂੰ ਝੋਨੇ ਦੀ ਖਰੀਦ ਵਿੱਚ ਖੱਜਲ ਖੁਆਰ ਕਰਨ ਵਿਚ ਲੈ ਰਹੀ ਹੈ, ਜਿਸ ਕਾਰਨ ਕਿਸਾਨ ਮੰਡੀਆਂ ਵਿਚ ਖੱਜਲ ਖੁਆਰ ਹੋ ਰਹੇ ਹਨ।ਇਹ ਵਿਚਾਰ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸੰਧਵਾਂ ਨੇ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੇ ਨਿਵਾਸ ਸਥਾਨ ਤੇ ਸ਼ੈਲਰ ਮਾਲਕਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਹੀ।ਉਨ੍ਹਾਂ ਕਿਹਾ ਕਿ ਜੇਕਰ ਭਾਜਪਾ ਕਿਸਾਨ ਵਿਰੋਧੀ ਹੈ ਤਾਂ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਹਰ ਹਾਲ ਵਿਚ ਉਹਨਾਂ ਦੇ ਨਾਲ ਖੜੀ ਹੈ ਅਤੇ ਉਨ੍ਹਾਂ ਦੀ ਹਰ ਮੁਸ਼ਕਲ ਦਾ ਹੱਲ ਕਰੇਗੀ।ਜਿਸ ਢੰਗ ਨਾਲ ਇਸ ਵਾਰ ਆਪਣਾ ਝੋਨਾ ਵੇਚਣ ਲਈ ਕਿਸਾਨ ਮੰਡੀਆਂ ਵਿੱਚ ਖੱਜਲ ਖੁਆਰ ਹੋ ਰਹੇ ਹਨ ਅਜਿਹਾ ਬੀਤੇ ਕਈ ਸਾਲਾਂ ਵਿੱਚ ਪਹਿਲੀ ਵਾਰ ਹੋਇਆ ਹੈ। ਕਿਸਾਨਾਂ, ਆੜ੍ਹਤੀਆਂ ਤੇ ਸ਼ੈਲਰ ਮਾਲਿਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਖੁਦ ਸਪੀਕਰ ਨੂੰ ਮੈਦਾਨ ਵਿਚ ਆਉਣਾ ਪਿਆ।ਇਸ ਤੋਂ ਪਹਿਲਾਂ ਸੰਯੁਕਤ ਕਿਸਾਨ ਮੋਰਚੇ ਨਾਲ ਮੁੱਖ ਮੰਤਰੀ ਭਗਵੰਤ ਮਾਨ ਦੀ ਹੋਈ ਮੀਟਿੰਗ ਵਿੱਚ ਭਗਵੰਤ ਮਾਨ ਨੇ ਸੰਯੁਕਤ ਕਿਸਾਨ ਮੋਰਚੇ ਨੂੰ ਦੋ ਦਿਨਾਂ ਵਿਚ ਸਮੱਸਿਆ ਦਾ ਹੱਲ ਕਰਨ ਲਈ ਯਕੀਨ ਦੁਆਇਆ ਸੀ, ਪਰ ਨਾਲ ਹੀ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਮੁੱਖ ਮੰਤਰੀ ਨੂੰ ਕਿਹਾ ਕਿ ਉਹ ਸਰਕਾਰ ਨੂੰ ਦੋ ਦੀ ਬਜਾਏ ਚਾਰ ਦਿਨ ਦਿੰਦੇ ਹਨ, ਜੇਕਰ ਉਸ ਤੋਂ ਬਾਅਦ ਵੀ ਮਸਲੇ ਦਾ ਹੱਲ ਨਾ ਨਿਕਲਿਆ ਤਾਂ ਉਹ ਸਖ਼ਤ ਕਦਮ ਚੁੱਕਣ ਲਈ ਮਜਬੂਰ ਹੋਣਗੇ। ਸਪੀਕਰ ਸੰਧਵਾਂ ਨੇ ਹਾਜ਼ਰ ਆੜ੍ਹਤੀਆਂ ਨੂੰ ਯਕੀਨ ਦੁਆਇਆ ਕਿ ਅਰਵਿੰਦ ਕੇਜਰੀਵਾਲ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਿਸਾਨਾਂ ਦੀ ਹਰ ਸਮੱਸਿਆ ਦਾ ਹੱਲ ਹੋਵੇਗਾ ਤੇ ਕਿਸਾਨਾਂ ਦੇ ਝੋਨੇ ਦਾ ਇੱਕ-ਇੱਕ ਦਾਣਾ ਖਰੀਦਿਆ ਜਾਵੇਗਾ।

# ਭਜਨ ਸਿੰਘ ਸਮਾਘ ਬਣੇ 'ਦਾ ਮੁਕਤੀਸਰ' ਪੱਤਰਕਾਰ ਏਕਤਾ ਮੰਚ ਦੇ ਪ੍ਰਧਾਨ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ ਕਰਦਾ)- 'ਦਾ ਮੁਕਤੀਸਰ' ਪੱਤਰਕਾਰ ਏਕਤਾ ਮੰਚ ਦੀ ਇੱਕ ਵਿਸ਼ੇਸ਼ ਮੀਟਿੰਗ ਸਰਪ੍ਰਸਤ ਤਰਸੇਮ ਸਿੰਘ ਢੁੱਡੀ ਦੀ ਅਗਵਾਈ 'ਚ ਸ੍ਰੀ ਮੁਕਤਸਰ ਸਾਹਿਬ ਦੇ ਬਠਿੰਡਾ-ਮਲੋਟ ਰੋਡ ਸਥਿਤ ਇੱਕ ਨਿੱਜੀ ਹੋਟਲ ਵਿਖੇ ਹੋਈ, ਜਿਸ ਵਿੱਚ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਦੀ ਸਹਿਮਤੀ ਨਾਲ ਮੰਚ ਦੀ ਨਵੀਂ ਬਾਡੀ ਦੀ ਚੋਣ ਕੀਤੀ ਗਈ।ਜਿਸ ਦੌਰਾਨ ਭਜਨ ਸਿੰਘ ਸਮਾਘ ਨੂੰ ਸਰਬਸੰਮਤੀ ਨਾਲ ਪ੍ਰਧਾਨ ਐਲਾਨਿਆ ਗਿਆ ਤੇ ਸ਼ਮਿੰਦਰ ਪਾਲ ਸਿੰਘ ਵਾਇਸ ਪ੍ਰਧਾਨ, ਅੱਚ. ਐੱਸ. ਕਪੂਰ ਜਰਨਲ ਸਕੱਤਰ, ਏ. ਐੱਸ. ਸ਼ਾਂਤ ਮੀਤ ਪ੍ਰਧਾਨ, ਸੰਜੀਵ ਸੰਜੂ ਪ੍ਰੈੱਸ ਸਕੱਤਰ, ਵਿਕਰੀਤ ਲਾਡੀ ਬਾਵਾ ਖਜ਼ਾਨਚੀ, ਕਾਨੂੰਨੀ ਸਲਾਹਕਾਰ ਐਡਵੋਕੇਟ ਵਿਜੈ ਵਰਮਾ ਤੇ ਸਿਮਰਪ੍ਰੀਤ ਸਿੰਘ ਕਪੂਰ ਤੇ ਅਸ਼ਫਾਕ ਢੁੱਡੀ, ਜਸਪ੍ਰੀਤ ਮਹਿਰਾ, ਅਮਿਤ ਅਰੋੜਾ, ਕੁਲਭੂਸ਼ਨ ਚਾਵਲਾ, ਗੁਰਮੀਤ ਵਰਮਾ, ਪੂਜਾ ਨੂੰ ਮੈਂਬਰ ਨਿਯੁਕਤ ਕੀਤਾ ਗਿਆ।ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਭਜਨ ਸਿੰਘ ਸਮਾਘ ਵੱਲੋਂ ਸਭਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਤੇ ਨਾਲ ਹੀ ਵਿਸ਼ਵਾਸ ਦੁਆਇਆ ਗਿਆ ਕਿ ਉਹ ਪੱਤਰਕਾਰ ਏਕਤਾ ਮੰਚ ਦੇ ਹਰੇਕ ਮੈਂਬਰ, ਅਹੁਦੇਦਾਰ ਦੇ ਦੁੱਖ-ਸੁੱਖ 'ਚ ਸ਼ਰੀਕ ਹੋਣਗੇ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ 'ਤੇ ਦੂਰ ਕਰਨਗੇ।ਆਖਰ 'ਚ ਸਮੂਹ ਮੈਂਬਰਾਂ ਤੇ ਅਹੁਦੇਦਾਰਾਂ ਨੇ ਨਵ-ਨਿਯੁਕਤ ਪ੍ਰਧਾਨ ਭਜਨ ਸਿੰਘ ਸਮਾਘ ਤੇ ਸਰਪ੍ਰਸਤ ਤਰਸੇਮ ਢੁੱਡੀ ਨੂੰ ਹਾਰ ਪਾ ਕੇ ਸਨਮਾਨਤ ਕੀਤਾ।

# ਵੈਟਰਨਰੀ ਫਾਰਮਾਸਿਸਟ 4 ਤੋਂ ਗਿੱਦੜਬਾਹਾ 'ਚ ਕਰਨਗੇ ਪ੍ਰਦਰਸ਼ਨ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਪਸ਼ੂ ਪਾਲਣ ਵਿਭਾਗ ਵਿੱਚ ਪਿਛਲੇ 18 ਸਾਲ ਤੋਂ ਕੰਮ ਕਰਦੇ ਆ ਰਹੇ ਵੈਟਰਨਰੀ ਫਾਰਮਾਸਿਸਟ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ 4 ਨਵੰਬਰ ਤੋਂ ਗਿੱਦੜਬਾਹਾ ਵਿਖੇ ਲਗਾਤਾਰ ਪ੍ਰਦਰਸ਼ਨ ਕਰਨਗੇ।ਪਹਿਲੇ ਦਿਨ ਰੈਲੀ ਤੋਂ ਬਾਅਦ ਧਰਨਾ ਸ਼ੁਰੂ ਕੀਤਾ ਜਾਵੇਗਾ ਤੇ ਉਸ ਤੋਂ ਬਾਅਦ ਹਲਕੇ ਵਿੱਚ ਡੋਰ ਟੂ ਡੋਰ ਕਰਕੇ ਸਰਕਾਰ ਦੀਆਂ ਨਾਕਾਮੀਆਂ ਦੱਸੀਆਂ ਜਾਣਗੀਆਂ। ਜ਼ਿਕਰਯੋਗ ਹੈ ਕਿ 27 ਜੂਨ ਤੇ 1 ਜੁਲਾਈ 2024 ਨੂੰ ਲਗਾਤਾਰ ਦੋ ਵਾਰ ਮੁੱਖ ਮੰਤਰੀ ਸਾਹਿਬ ਨਾਲ ਪੈਨਲ ਮੀਟਿੰਗਾਂ ਤੋਂ ਬਾਅਦ ਰੈਗੂਲਰ ਕਰਨ ਦਾ ਰਾਹ ਪੱਧਰਾ ਹੋਇਆ।ਫਾਰਮਾਸਿਸਟਾਂ ਨੂੰ ਆਦੇਸ਼ ਜਾਰੀ ਕਰਦਿਆਂ ਮੁੱਖ ਮੰਤਰੀ ਸਾਹਿਬ ਨੇ ਨੌਕਰੀ ਇਮਾਨਦਾਰੀ ਨਾਲ ਕਰਨ ਲਈ ਕਿਹਾ ਤੇ ਲੱਡੂ ਵੰਡ ਕੇ ਖੁਸ਼ੀ ਮਨਾਉਣ ਲਈ ਕਿਹਾ।ਮੁੱਖ ਮੰਤਰੀ ਸਾਹਿਬ ਵੱਲੋਂ ਵੰਡਾਏ ਗਏ ਲੱਡੂਆਂ ਨੂੰ ਵੀ ਚਾਰ ਮਹੀਨੇ ਹੋ ਗਏ, ਪ੍ਰੰਤੂ ਰੈਗੂਲਰ ਕਰਨ ਦਾ ਕੋਈ ਪ੍ਰੋਸੈੱਸ ਅੱਗੇ ਨਹੀਂ ਤੁਰਿਆ।ਗਿੱਦੜਬਾਹਾ ਵਿੱਚ ਪ੍ਰਦਰਸ਼ਨ ਓਦੋਂ ਤੱਕ ਚੱਲੇਗਾ, ਜਦੋਂ ਤੱਕ ਪਹਿਲਾ ਬੈਚ ਟ੍ਰੇਨਿੰਗ 'ਤੇ ਨਹੀਂ ਚਲਾ ਜਾਂਦਾ।ਸਰਕਾਰ ਨੇ ਕੱਚੇ ਮੁਲਾਜ਼ਮਾਂ ਦਾ ਰੱਜ ਕੇ ਸ਼ੋਸ਼ਣ ਕੀਤਾ ਹੈ।ਹੁਣ ਪਾਣੀ ਸਿਰੋਂ ਟੱਪ ਗਿਆ ਹੈ।ਹੁਣ ਸਰਕਾਰ ਦਾ ਇਹ ਸ਼ੋਸ਼ਣ ਕੱਚੇ ਮੁਲਾਜ਼ਮ ਬਰਦਾਸ਼ਤ ਨਹੀਂ ਕਰਨਗੇ।ਪਸ਼ੂ ਪਾਲਣ ਵਿਭਾਗ ਦੇ ਸਾਰੇ ਕੱਚੇ ਮੁਲਾਜ਼ਮਾਂ ਨੂੰ ਅਪੀਲ ਹੈ ਕਿ 4 ਤਰੀਖ ਨੂੰ ਹਸਪਤਾਲਾਂ ਨੂੰ ਬੰਦ ਕਰਕੇ ਗਿੱਦੜਬਾਹਾ ਵਿਖੇ ਜ਼ਰੂਰ ਪਹੁੰਚੋ।

# ਜ਼ੋਨ ਪੱਧਰੀ ਮੁਕਾਬਲਿਆਂ 'ਚ ਐੱਲ ਡੀ ਆਰ ਕਾਨਵੈਂਟ ਸਕੂਲ ਨੇ ਮਾਰੀਆਂ ਮੱਲਾਂ



ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ) ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਅਥਲੈਟਿਕਸ ਦੇ ਜ਼ੋਨ ਲੈਵਲ ਦੇ ਕਰਾਏ ਮੁਕਾਬਲਿਆਂ ਵਿੱਚ ਐਲ.ਡੀ.ਆਰ ਕੌਨਵੈਂਟ ਸਕੂਲ ਦੇ ਵਿਦਿਆਰਥੀਆਂ ਨੇ ਵੱਖ-ਵੱਖ ਭਾਗਾਂ ਵਿੱਚ ਸਥਾਨ ਹਾਸਲ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।

ਸਕੂਲ ਕਮੇਟੀ ਦੇ ਚੇਅਰਮੈਨ ਅਜੇ ਅਰੋੜਾ ਤੇ ਸਕੂਲ ਪ੍ਰਿੰਸੀਪਲ ਮੈਡਮ ਗੁੰਜਨ ਨੇ ਦੱਸਿਆ ਕਿ ਅੰਡਰ-17 ਕੁੜੀਆਂ ਦੇ ਮੁਕਾਬਲੇ ਵਿੱਚ ਜਸਲੀਨ ਕੌਰ ਨੇ ਉੱਚੀ ਛਾਲ 'ਚ ਪਹਿਲਾ, 400 ਮੀਟਰ 'ਚ ਦੂਜਾ, 200 ਮੀਟਰ 'ਚ ਤੀਜਾ, ਰਸ਼ਨਪ੍ਰੀਤ ਕੌਰ ਨੇ 100 ਮੀਟਰ 'ਚ ਪਹਿਲਾ, ਲੰਬੀ ਛਾਲ ਵਿੱਚ ਪਹਿਲਾ, ਏਕਮਦੀਪ ਕੌਰ ਨੇ ਜੈਵਲਿਨ ਥਰੋ ਵਿੱਚ ਪਹਿਲਾ, ਗੋਲਾ ਸੁੱਟਣ ਵਿੱਚ ਤੀਜਾ, ਏਕਮਜੋਤ ਕੌਰ ਨੇ 800 ਮੀਟਰ ਵਿੱਚ ਤੀਜਾ, ਐਸ਼ਮੀਨ ਕੌਰ ਨੇ 100 ਮੀਟਰ ਵਿੱਚ ਦੂਜਾ, ਡਿਸਕਸ ਥਰੋਅ ਵਿੱਚ ਦੂਜਾ, ਲੰਬੀ ਛਾਲ 'ਚ ਤੀਜਾ, ਕਿਰਨ ਬਾਲਾ ਨੇ 5000 ਮੀਟਰ ਵਾਕ ਵਿੱਚ ਪਹਿਲਾ ਕੋਮਲਪ੍ਰੀਤ ਕੌਰ ਨੇ 200 ਮੀਟਰ ਵਿੱਚ ਦੂਜਾ, ਨਵਦੀਪ ਕੌਰ ਨੇ 1500 ਮੀਟਰ ਵਿੱਚ ਤੀਜਾ, ਗੁਰਸਿਮਰਨ ਕੌਰ ਨੇ 1500 ਮੀਟਰ ਵਿੱਚ ਦੂਜਾ, 5000 ਮੀਟਰ ਵਾਕ ਵਿੱਚ ਦੂਜਾ ਤੇ ਸਹਿਜਪ੍ਰੀਤ ਕੌਰ ਨੇ ਜੈਵਲਿਨ ਥਰੋ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।

ਇਸੇ ਤਰਾਂ ਅੰਡਰ-14 ਕੁੜੀਆਂ ਵਿੱਚੋਂ ਪ੍ਰਭੂਨੂਰ ਕੌਰ ਨੇ 100 ਮੀਟਰ ਵਿੱਚ ਪਹਿਲਾ, ਲੰਬੀ ਛਾਲ ਵਿੱਚ ਪਹਿਲਾ, ਤਾਜਵੀਰ ਕੌਰ ਨੇ ਲੰਬੀ ਛਾਲ ਵਿੱਚ ਦੂਜਾ, ਡਿਸਕਸ ਥਰੋਅ ਵਿੱਚ ਦੂਜਾ, 400 ਮੀਟਰ ਵਿੱਚ ਤੀਜਾ ਤੇ ਜਸ਼ਨੂਰਦੀਪ ਕੌਰ ਨੇ ਗੋਲਾ ਸੁੱਟਣ ਵਿੱਚ ਤੀਜਾ ਤੇ ਡਿਸਕਸ ਥਰੋਅ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

# ਅਕੈਡਮੀ ਅੱਡਾ ਨਾਥ ਦੀ ਖੂਹੀ ਚੰਨਣਕੇ ਵਿਖੇ ਪ੍ਰਕਾਸ਼ ਦਿਹਾੜਾ ਮਨਾਇਆ

**ਤਰਸਿੱਕਾ (ਤਰਸੇਮ ਸਿੰਘ ਸਾਧੂਪੁਰ)**-ਸ੍ਰੀ ਗੁਰੂ ਨਾਨਕ ਦੇਵ ਗਲੋਬਲ ਅਕੈਡਮੀ, ਗੁਰੂ ਨਾਨਕ ਦੇਵ ਯੂਨੀਕ ਅਕੈਡਮੀ ਅਤੇ ਗੁਰੂ ਨਾਨਕ ਦੇਵ ਸੀਨੀਅਰ ਸੈਕੰਡਰੀ ਸਕੂਲ ਅੱਡਾ ਨਾਥ ਦੀ ਖੂਹੀ ਚੰਨਣਕੇ ਵਿਖੇ ਸੇਵੀ ਸੁਲਤਾਨ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਪਵਿੱਤਰ ਪਾਵਨ ਅਵਤਾਰ ਦਿਹਾੜਾ ਐਮ ਡੀ ਕੁਲਜੀਤ ਸਿੰਘ ਭਾਠ ਦੀ ਅਗਵਾਈ ਹੇਠ ਮਨਾਇਆ ਗਿਆ। ਸੁੰਦਰ ਫੁੱਲਾਂ ਦੀ ਵਰਖਾ ਕਰਦੇ ਹੋਏ ਸਕੂਲ ਦੇ ਅਧਿਆਪਕਾਂ ਅਤੇ ਬੱਚਿਆਂ ਨੇ ਬੜੀ ਸ਼ਰਧਾ ਨਾਲ ਸਾਹਿਬ ਸ੍ਰੀ ਗਰੰਥ ਸਾਹਿਬ ਜੀ ਸਕੂਲ ਵਿੱਚ ਪ੍ਰਕਾਸ਼ ਕਰਵਾਇਆ, ਉਪਰੰਤ ਪੰਜ ਬਾਣੀਆਂ ਅਤੇ ਪਵਿੱਤਰ ਪਾਵਨ ਸੁਖਮਨੀ ਸਾਹਿਬ ਜੀ ਦੇ ਜਾਪੂ ਕੀਤੇ ਗਏ।

ਇਸ ਮੌਕੇ ਸਕੂਲ ਦੇ ਐਮ ਡੀ ਕੁਲਜੀਤ ਸਿੰਘ ਭਾਠ ਅਤੇ ਮੈਡਮ ਕੁਲਵੰਤ ਕੌਰ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਪਵਿੱਤਰ ਪਾਵਨ ਅਵਤਾਰ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ ਦਿੱਤੀਆਂ। ਇਸ ਮੌਕੇ ਸਮੂਹ ਬੱਚਿਆਂ ਨੂੰ ਲੱਡੂਆਂ ਦਾ ਪ੍ਰਸ਼ਾਦ ਵਰਤਿਆ ਗਿਆ।

## ਫਿਸ਼ ਪਾਰਕ 'ਚ ਕ੍ਰਿਕਟ ਗੇਂਦਾਂ ਵੱਜਣ ਨਾਲ ਸੀਨੀਅਰ ਸਿਟੀਜ਼ਨ ਭਾਰੀ ਪ੍ਰੇਸ਼ਾਨ

**ਗੁਰਦਾਸਪੁਰ, (ਜਨਕ ਮਹਾਜਨ)**- ਫਿਸ਼ ਪਾਰਕ ਗੁਰਦਾਸਪੁਰ ਵਿੱਚ ਲੋਕ ਸਵੇਰ ਸ਼ਾਮ ਸੈਰ ਕਰਨ ਲਈ ਵੱਡੀ ਗਿਣਤੀ ਵਿੱਚ ਆਉਂਦੇ ਹਨ। ਇਹ ਪਾਰਕ ਸ਼ਹਿਰ ਵਿੱਚ ਇੱਕ ਮਾਤਰ ਹੀ ਐਸੀ ਜਗ੍ਹਾ ਹੈ ਜਿਹੜੀ ਸ਼ਹਿਰ ਵਿਚਕਾਰ ਹੋਣ ਕਾਰਨ ਹਰ ਵਰਗ ਦੇ ਲੋਕਾਂ ਨੂੰ ਸੈਰ ਕਰਨ ਅਤੇ ਇੱਥੇ ਬੈਠਣ ਦੀ ਸਹੂਲਤ ਪ੍ਰਦਾਨ ਕਰਦੀ ਹੈ। ਇੱਥੇ ਪਿਛਲੇ ਕਾਫੀ ਸਮੇਂ ਤੋਂ ਸ਼ਾਮ ਦੇ ਸਮੇਂ ਕਾਫੀ ਵਧੀਆ ਨਜ਼ਾਰਾ ਵੇਖਣ ਨੂੰ ਮਿਲਦਾ ਹੈ ਪਰ ਇਸ ਸਭ ਕੁਝ ਹੋਣ ਦੇ ਬਾਵਜੂਦ ਨੌਜਵਾਨ ਮੁੰਡਿਆਂ ਵੱਲੋਂ ਫਿਸ਼ ਪਾਰਕ ਵਿਚਕਾਰ ਕ੍ਰਿਕਟ ਖੇਡਣ ਕਾਰਨ ਪਗਡੰਡੀਆਂ 'ਤੇ ਚੱਲ ਰਹੇ ਲੋਕਾਂ ਅਤੇ ਬੈਂਚਾਂ 'ਤੇ ਬੈਠਣ ਵਾਲੇ ਸੀਨੀਅਰ ਸਿਟੀਜ਼ਨਾਂ ਨੂੰ ਇਹ ਗੇਂਦਾਂ ਵੱਜ ਜਾਂਦੀਆਂ ਹਨ ਜਿਸ ਨਾਲ ਸੱਟਾਂ ਲੱਗ ਜਾਂਦੀਆਂ ਹਨ ਅਤੇ ਕਈ ਵਾਰ ਤਾਂ ਅੱਖਾਂ ਦੀ ਨੇੜੇ ਗੇਂਦ ਵੱਜਣ ਤੋਂ ਮੁਸ਼ਕਿਲ ਨਾਲ ਬਚਾਅ ਹੁੰਦਾ ਹੈ। ਇਨ੍ਹਾਂ ਨੌਜਵਾਨਾਂ ਨੂੰ ਫਿਸ਼ ਪਾਰਕ ਵਿੱਚ ਕ੍ਰਿਕਟ ਆਦਿ ਖੇਡਣ ਤੋਂ ਰੋਕਣ ਲਈ ਕਈ ਵਾਰ ਫਿਸ਼ ਪਾਰਕ ਨੇੜੇ ਡਿਊਟੀ ਕਰਦੇ ਪੁਲਸ ਕਰਮਚਾਰੀਆਂ ਨੂੰ ਕਿਹਾ ਜਾਂਦਾ ਹੈ ਪਰ ਉਹ ਵੀ ਖਾਨਾਪੂਰਤੀ ਕਰਕੇ ਪੱਲਾ ਝਾੜ ਲੈਂਦੇ ਹਨ। ਪਾਰਕ ਵਿੱਚ ਸੈਰ ਕਰਦੇ ਸੀਨੀਅਰ ਸਿਟੀਜ਼ਨਾਂ ਨੇ ਡਿਪਟੀ ਕਮਿਸ਼ਨਰ ਪਾਸੋਂ ਮੰਗ ਕੀਤੀ ਕਿ ਇਸ ਪਾਰਕ ਵਿੱਚ ਕ੍ਰਿਕਟ ਖੇਡਣ ਆਉਂਦੇ ਨੌਜਵਾਨਾਂ ਨੂੰ ਇੱਥੇ ਕ੍ਰਿਕਟ ਖੇਡਣ ਆਦਿ ਤੋਂ ਰੋਕਿਆ ਜਾਵੇ ਤਾਂ ਜੋ ਕਿਸੇ ਸਮੇਂ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

## ਸਤਨਾਮ ਸਿੰਘ ਨੇ ਜ਼ਿਮਨੀ ਚੋਣ ਲਈ ਨਾਮਜ਼ਦਗੀ ਪੱਤਰ ਕੀਤਾ ਦਾਖਲ

**ਗੁਰਦਾਸਪੁਰ,(ਜਨਕ ਮਹਾਜਨ)**- ਉਪ ਮੰਡਲ ਮੈਜਿਸਟਰੇਟ -ਕਮ-ਰਿਟਰਨਿੰਗ ਅਫ਼ਸਰ ਡੇਰਾ ਬਾਬਾ ਨਾਨਕ ਰਾਜਪਾਲ ਸਿੰਘ ਸੇਖੋਂ ਨੇ ਦੱਸਿਆ ਕਿ ਵਿਧਾਨ ਸਭਾ ਚੋਣ ਹਲਕਾ 010- ਡੇਰਾ ਬਾਬਾ ਨਾਨਕ ਦੀ ਉਪ ਚੋਣ 2024 ਕਰਵਾਈ ਜਾ ਹੈ। ਉਨ੍ਹਾਂ ਦੱਸਿਆ ਕਿ ਸਤਨਾਮ ਸਿੰਘ ਪੁੱਤਰ ਬਾਵਾ ਸਿੰਘ ਪਿੰਡ ਖਹਿਰਾ ਸੁਲਤਾਨ ਨੇ ਆਪਣੇ ਨਾਮਜ਼ਦਗੀ ਪੱਤਰ ਆਜ਼ਦ ਉਮੀਦਵਾਰ ਵਜੋਂ ਉਪ ਮੰਡਲ ਮੈਜਿਸਟਰੇਟ-ਕਮ-ਰਿਟਰਨਿੰਗ ਅਫ਼ਸਰ ਵਿਧਾਨ ਸਭਾ ਹਲਕਾ 010-ਡੇਰਾ ਬਾਬਾ ਨਾਨਕ ਕੋਲ ਦਾਖਲ ਕਰਵਾਏ।

# ਗੁਰਦੀਪ ਸਿੰਘ ਰੰਧਾਵਾ ਨੇ ਆਮ ਆਦਮੀ ਪਾਰਟੀ ਵੱਲੋਂ ਪੇਪਰ ਦਾਖਲ ਕਰਵਾਏ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ 'ਚ ਹੋਣ ਜਾ ਰਹੀ ਜ਼ਿਮਨੀ ਚੋਣ ਨੂੰ ਲੈ ਕੇ ਵੀਰਵਾਰ ਗੁਰਦੀਪ ਸਿੰਘ ਰੰਧਾਵਾ ਨੇ ਆਮ ਆਦਮੀ ਪਾਰਟੀ ਵੱਲੋਂ ਨਾਮਜ਼ਦਗੀ ਪੇਪਰ ਦਾਖਲ ਕਰਵਾਏ। ਉਪ ਮੰਡਲ ਮਜਿਸਟਰੇਟ ਕਮ ਉਪ ਮੰਡਲ ਚੋਣਕਾਰ ਰਜਿਸਟਰੇਸ਼ਨ ਅਫਸਰ ਡੇਰਾ ਬਾਬਾ ਨਾਨਕ ਰਾਜਪਾਲ ਸਿੰਘ ਸੇਖੋਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਹਲਕਾ ਡੇਰਾ ਬਾਬਾ ਨਾਨਕ ਦੀ ਜ਼ਿਮਨੀ ਚੋਣ ਨੂੰ ਲੈ ਕੇ ਵੱਖ ਵੱਖ ਉਮੀਦਵਾਰਾਂ ਵੱਲੋਂ ਆਪੋ-ਆਪਣੇ ਨੋਮੀਨੇਸ਼ਨ ਕਾਗਜ਼ ਜਮ੍ਹਾ ਕਰਵਾਏ ਜਾ ਰਹੇ ਹਨ, ਜਿਸ ਤਹਿਤ ਅੱਜ ਚੋਣ ਦਫਤਰ ਡੇਰਾ ਬਾਬਾ ਨਾਨਕ ਵਿਖੇ ਗੁਰਦੀਪ ਸਿੰਘ ਰੰਧਾਵਾ ਨੇ ਆਮ ਆਦਮੀ ਪਾਰਟੀ ਵੱਲੋਂ ਜ਼ਿਮਨੀ ਚੋਣ ਹਲਕਾ ਡੇਰਾ ਬਾਬਾ ਨਾਨਕ ਲਈ ਨਾਮਜ਼ਦਗੀ ਪੇਪਰ ਦਾਖਲ ਕਰਵਾਏ ਹਨ।ਇਸ ਮੌਕੇ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਚੋਣ ਇੰਚਾਰਜ ਹਲਕਾ ਡੇਰਾ ਬਾਬਾ ਨਾਨਕ, ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਿਧਾਇਕ ਬਟਾਲਾ, ਬਲਬੀਰ ਸਿੰਘ ਪੰਨੂੰ ਚੇਅਰਮੈਨ ਪਨਸਪ ਪੰਜਾਬ, ਜਗਰੂਪ ਸਿੰਘ ਸੇਖਵਾਂ ਹਲਕਾ ਇੰਚਾਰਜ ਕਾਦੀਆਂ, ਸ਼ਮਸ਼ੇਰ ਸਿੰਘ ਹਲਕਾ ਇੰਚਾਰਜ ਦੀਨਾਨਗਰ, ਰਾਜੀਵ ਸ਼ਰਮਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਗੁਰਦਾਸਪੁਰ, ਮਨਜੋਤ ਸਿੰਘ ਰੰਧਾਵਾ, ਮਨਰੂਪ ਸਿੰਘ ਰੰਧਾਵਾ ਵੀ ਨਾਲ ਮੌਜੂਦ ਸਨ । ਇਸ ਮੌਕੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਬਟਾਲਾ ਦੇ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਅਸੀਂ ਇਹ ਪੰਜਾਬ ਦੀਆਂ 4 ਜ਼ਿਮਨੀ ਚੋਣਾਂ ਜਿੱਤ ਕੇ ਬਹੁਤ ਹੀ ਜਲਦੀ 92 ਤੋਂ 96 ਹੋਣ ਜਾ ਰਹੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਦੀਆਂ ਚਾਰੇ ਸੀਟਾਂ ਜਿੱਤ ਕੇ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਝੋਲੀ ਪਾਵਾਂਗੇ। ਇਸ ਮੌਕੇ ਆਪ ਦੇ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਨੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿਸ ਵਿਸ਼ਵਾਸ ਨਾਲ ਪਾਰਟੀ ਨੇ ਮੈਨੂੰ ਟਿਕਟ ਦੇ ਕੇ ਨਿਵਾਜਿਆ ਹੈ , ਮੈਂ ਇਹ ਸੀਟ ਵੱਡੀ ਲੀਡ ਨਾਲ ਜਿੱਤ ਕੇ ਪਾਰਟੀ ਨੂੰ ਹੋਰ ਮਜ਼ਬੂਤ ਕਰਾਂਗਾ ਤੇ ਹਲਕੇ ਵਿੱਚ ਨੌਜਵਾਨਾਂ ਲਈ ਰੁਜਗਾਰ ਦੇ ਵਸੀਲੇ ਪੈਦਾ ਕਰਾਂਗਾ। ਇਸ ਮੌਕੇ ਨੈਬ ਤਹਿਸੀਲਦਾਰ ਅਰਮਾਨਦੀਪ, ਡੀ ਐਸ ਪੀ ਡੇਰਾ ਬਾਬਾ ਨਾਨਕ ਜਸਬੀਰ ਸਿੰਘ, ਹਰਜੀਤ ਸਿੰਘ ਠੇਠਰਕੇ, ਰਾਜ਼ੇਸ਼ ਕੁਮਾਰ ਬਿੱਟਾ, ਸੱਤਪਾਲ ਸ਼ੌਕੀ, ਜਸਬੀਰ ਸਿੰਘ ਕਾਹਲੋਂ ਵਡਾਲਾ ਬਾਂਗਰ, ਪੀ ਏ ਲਵਪ੍ਰੀਤ ਸਿੰਘ, ਇਲੈਕਸ਼ਨ ਇੰਚਾਰਜ ਪੰਕਜ ਵਰਮਾ, ਇਲੈਕਸ਼ਨ ਸੈੱਲ ਇੰਚਾਰਜ ਨੋਡਲ ਅਫਸਰ ਰਾਹੁਲ , ਲੈਕਚਰਾਰ ਸਲਵਿੰਦਰ ਤੇਜਾ, ਐਸ ਡੀ ਐਮ ਸਟੇਨੋ ਸੰਜੀਵ ਕੁਮਾਰ ਆਦਿ ਹਾਜ਼ਰ ਸਨ।

# ਬੱਚਿਆਂ ਨੇ ਸ਼ਬਦ ਕੀਰਤਨ, ਕਵਿਤਾ ਤੇ ਦਸਤਾਰ ਸਜਾਉਣ ਮੁਕਾਬਲੇ 'ਚ ਜਿੱਤੇ ਮੈਡਲ




**ਝਬਾਲ (ਹਰਜਿੰਦਰ ਸਿੰਘ ਸੋਨੀ)** ਬੀੜ ਬਾਬਾ ਬੁੱਢਾ ਜੀ ਸਾਹਿਬ ਵਿਖੇ ਧੰਨ ਧੰਨ ਬਾਬਾ ਬੁੱਢਾ ਸਾਹਿਬ ਦਾ ਜਨਮ ਦਿਹਾੜਾ ਹਰ ਸਾਲ ਦੀ ਤਰ੍ਹਾਂ ਬੜੀ ਸ਼ਰਧਾ ਤੇ ਉਤਸਾਹ ਨਾਲ ਮਨਾਇਆ ਗਿਆ। ਇਸ ਸੰਬੰਧ 'ਚ ਸ਼੍ਰੋਮਣੀ ਸਹਿਜ ਪਾਠੀ ਵੇਲਫੇਅਰ ਕਮੇਟੀ ਵੱਲੋਂ ਬੱਚਿਆਂ ਦੇ ਸਬਦ ਗਾਇਨ, ਕਵੀਸ਼ਰੀ, ਕਵਿਤਾ, ਦੁਮਾਲੇ ਤੇ ਦਸਤਾਰ ਸਜਾਉਣ ਅਤੇ ਡਰਾਇੰਗ ਦੇ ਮੁਕਾਬਲੇ ਕਰਵਾਏ ਗਏ। ਜੇ ਆਰ ਐਸ ਡੀ ਏ ਵੀ ਪਬਲਿਕ ਸਕੂਲ, ਝਬਾਲ ਦੇ ਬੱਚਿਆਂ ਨੇ ਇਹਨਾਂ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ ਅਤੇ ਇਨਾਮ ਪ੍ਰਾਪਤ ਕੀਤੇ। ਮੈਡਮ ਤਪੱਸਿਆ ਦੀ ਅਗਵਾਈ ਵਿੱਚ ਬੱਚਿਆਂ ਨੇ ਸਬਦ ਗਾਇਨ ਕੀਤੇ। ਮੈਡਮ ਮਨਪ੍ਰੀਤ ਦੀ ਅਗਵਾਈ ਵਿੱਚ ਬੱਚਿਆਂ ਨੇ ਕਵਿਤਾ ਅਤੇ ਦਸਤਾਰ ਅਤੇ ਦੁਮਾਲੇ ਸਜਾਉਣ ਦੇ ਮੁਕਾਬਲਿਆਂ ਵਿੱਚ ਹਿੱਸਾ ਲਿਆ। ਅਧਿਆਪਕ ਸ੍ਰੀ ਪ੍ਰਿੰਸ ਕੁਮਾਰ ਦੀ ਅਗਵਾਈ ਦੇ 'ਚ ਬੱਚਿਆਂ ਨੇ ਡਰਾਇੰਗ ਮੁਕਾਬਲਿਆਂ ਵਿੱਚ ਹਿੱਸਾ ਲਿਆ। ਮੁੰਡਿਆਂ ਦੇ ਦਸਤਾਰ ਮੁਕਾਬਲੇ ਵਿੱਚ ਸਕੂਲ ਦਾ ਸੱਤਵੀਂ ਜਮਾਤ ਦਾ ਵਿਦਿਆਰਥੀ ਪਰਮਵੀਰ ਸਿੰਘ ਦੂਸਰੇ ਦਰਜੇ 'ਤੇ ਰਿਹਾ। ਲੜਕੀਆਂ ਦੇ ਦਸਤਾਰ ਮੁਕਾਬਲਿਆਂ ਵਿੱਚ ਸੱਤਵੀਂ ਜਮਾਤ ਦੀ ਵਿਦਿਆਰਥਣ ਅਨੁਰੀਤ ਕੌਰ ਤੀਸਰੇ ਦਰਜੇ 'ਤੇ ਰਹੀ ਅਤੇ ਡਰਾਇੰਗ ਮੁਕਾਬਲੇ ਵਿੱਚ ਵੀ ਸੱਤਵੀਂ ਜਮਾਤ ਦੀ ਵਿਦਿਆਰਥਣ ਅਨੁਰੀਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਸਕੂਲ ਦੇ ਪ੍ਰਿੰਸੀਪਲ ਅਸ਼ਵਨੀ ਕੁਮਾਰ ਨੇ ਬੱਚਿਆਂ ਦੀ ਹੌਸਲਾ ਅਫਜਾਈ ਕੀਤੀ। ਉਹਨਾਂ ਨੂੰ ਵਧਾਈਆਂ ਦਿੱਤੀਆਂ ਅਤੇ ਆਪਣੀ ਮਾਂ ਬੋਲੀ ਪੰਜਾਬੀ ਨੂੰ ਬਚਾਉਣ ਅਤੇ ਆਪਣੇ ਸਿੱਖੀ ਇਤਿਹਾਸ ਨੂੰ ਜਾਣਨ ਲਈ ਪ੍ਰੇਰਿਤ ਕੀਤਾ।

# ਪਿੰਡਾਂ ਦੇ ਵਿਕਾਸ 'ਚ ਹੋਰ ਤੇਜ਼ੀ ਲਿਆਵਾਂਗੇ : ਈ ਟੀ ਓ



**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)** ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਪਿੰਡ ਜੱਬੋਵਾਲ ਅਤੇ ਨਵਾਂਪਿੰਡ ਦੀਆਂ ਸਰਪੰਚਾਂ ਨੂੰ ਸਨਮਾਨਿਤ ਕਰਦੇ ਸਮੇਂ ਉਨ੍ਹਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ ਪੰਚਾਇਤੀ ਚੋਣਾਂ ਦੌਰਾਨ ਆਪਣੀ ਭਾਈਚਾਰਕ ਸਾਂਝ ਦਾ ਸਬੂਤ ਦਿੰਦੇ ਹੋਏ ਬਿਨਾਂ ਕਿਸੇ ਲੜਾਈ ਝਗੜੇ ਤੋਂ ਅਨੁਸ਼ਾਸਨ ਤੇ ਨਿਯਮਾਂ ਵਿੱਚ ਰਹਿ ਕੇ ਲੜੀਆਂ ਹਨ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਵਿਕਾਸ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਜਲਦ ਹੀ ਪਿੰਡ ਦੀਆਂ ਲਿੰਕ ਸੜਕਾਂ ਦੀ ਮੁਰੰਮਤ ਸ਼ੁਰੂ ਕਰਵਾ ਦਿੱਤੀ ਜਾਵੇਗੀ। ਉਨ੍ਹਾਂ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਤੁਸੀਂ ਆਪਸੀ ਮੇਲ-ਮਿਲਾਪ ਨਾਲ ਚੋਣਾਂ ਲੜੀਆਂ ਅਤੇ ਜਿੱਤ ਪ੍ਰਾਪਤ ਕਰਕੇ ਸਾਨੂੰ ਹੋਰ ਮਜ਼ਬੂਤੀ ਦਿੱਤੀ ਹੈ।

ਈ.ਟੀ.ਓ. ਨੇ ਕਿਹਾ ਕਿ ਸਰਕਾਰ ਦਾ ਮੁੱਖ ਕੰਮ ਮੁਫ਼ਤ ਬਿਜਲੀ ਸੜਕ ਸੁਰੱਖਿਆ ਫੋਰਸ, ਸਿੱਖਿਆ, ਰੋਜ਼ਗਾਰ, ਆਮ ਆਦਮੀ ਕਲੀਨਿਕ ਵਰਗੀਆਂ ਸਹੂਲਤਾਂ ਮੁਹੱਈਆਂ ਕਰਵਾਉਣੀਆਂ ਸਨ, ਜਿਸਨੂੰ ਕਿ ਅਸੀਂ ਬਾਖੂਬੀ ਅੰਜਾਮ ਦਿੰਦੇ ਹੋਏ ਇਹ ਸਾਰੇ ਕੰਮ ਕੀਤੇ ਹਨ। ਉਨ੍ਹਾਂ ਕਿਹਾ ਕਿ ਹੁਣ ਤੁਸੀਂ ਪਿੰਡਾਂ ਦੀ ਸਰਕਾਰ ਆਪ ਚਲਾਉਣੀ ਹੈ ਅਤੇ ਆਪਣੇ ਪਿੰਡਾਂ ਦਾ ਵਿਕਾਸ ਆਪ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕੋਈ ਤੁਹਾਨੂੰ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਸਾਡੇ ਧਿਆਨ ਵਿੱਚ ਲਿਆਂਦਾ ਜਾਵੇ। ਇਸ ਮੌਕੇ ਪਿੰਡ ਜੱਬੋਵਾਲ ਦੇ ਸਰਪੰਚ ਦਵਿੰਦਰ ਸਿੰਘ ਮੰਨੂ, ਨਵਾਂ ਪਿੰਡ ਦੇ ਸਰਪੰਚ ਸ: ਸਰਬਜੀਤ ਸਿੰਘ, ਕੋਟਲਾ ਦੇ ਸਰਪੰਚ ਗੁਰਦੀਪ ਸਿੰਘ, ਸੂਬੇਦਾਰ ਸਨਾਖ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਜੰਡਿਆਲਾ ਗੁਰੂ, ਭੁਪਿੰਦਰ ਸਿੰਘ ਬਲਾਕ ਪ੍ਰਧਾਨ,ਪਰਮਿੰਦਰ ਸਿੰਘ ਸਰਪੰਚ ਪਿੰਡ ਡੇਹਰੀਵਾਲ, ਗੁਰਦੀਪ ਸਿੰਘ ਸਰਪੰਚ ਕੋਟਲਾ ਪਥੂੰਨਗੜ੍ਹ, ਸੁਖਵਿੰਦਰ ਸਿੰਘ ਸਰਪੰਚ ਨਰਾਇਣਗੜ੍ਹ, ਕੁਲਵੰਤ ਸਿੰਘ ਸੰਗਰਾਵਾਂ ਅਤੇ ਸਮੂਹ ਗ੍ਰਾਮ ਪੰਚਾਇਤ ਪਿੰਡ ਜੱਬੋਵਾਲ ਹਾਜ਼ਰ ਸਨ।

# ਨੌਸ਼ਹਿਰਾ ਮੱਝਾ ਸਿੰਘ ਦੇ ਨੌਜਵਾਨ ਦੀ ਸ਼ੱਕੀ ਹਾਲਾਤ 'ਚ ਮੌਤ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਇੱਥੇ ਨਜ਼ਦੀਕੀ ਪਿੰਡ ਨੌਸ਼ਹਿਰਾ ਮੱਝਾ ਸਿੰਘ ਵਾਸੀ ਇਕ 22 ਸਾਲਾ ਨੌਜਵਾਨ ਲੜਕੇ ਦੀ ਸ਼ੱਕੀ ਹਾਲਤ 'ਚ ਮੌਤ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ ਸਾਗਰ ਉਰਫ ਅਜੇ ਪੁੱਤਰ ਦਿਲਬਾਗ ਵਾਸੀ ਨੌਸ਼ਹਿਰਾ ਮੱਝਾ ਸਿੰਘ ਵਜੋਂ ਹੋਈ। ਥਾਣਾ ਸੇਖਵਾਂ ਦੀ ਪੁਲਸ ਨੇ ਮ੍ਰਿਤਕ ਦੇ ਪਿਤਾ ਦੇ ਬਿਆਨਾਂ ਅਨੁਸਾਰ ਦੋ ਨੌਜਵਾਨਾਂ ਵਿਰੁੱਧ ਮੁਕੱਦਮਾ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਥਾਣਾ ਸੇਖਵਾਂ ਦੇ ਸਬ ਇੰਸਪੈਕਟਰ ਬਲਕਾਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਪਿਤਾ ਦਿਲਬਾਗ ਵਾਸੀ ਨੌਸ਼ਹਿਰਾ ਮੱਝਾ ਸਿੰਘ ਨੇ ਪੁਲਸ ਨੂੰ ਦੱਸਿਆ ਕਿ 22 ਅਕਤੂਬਰ ਨੂੰ ਉਹ ਅਤੇ ਉਸ ਦੀ ਪਤਨੀ ਕੰਵਲਜੀਤ ਘਰ ਮੌਜਦ ਸੀ ਤਾਂ ਕਰੀਬ ਸਵੇਰੇ 10 ਵਜੇ ਰਜਿੰਦਰ ਸਿੰਘ ਉਰਫ ਸ਼ੇਰਾ ਪੁੱਤਰ ਬਲਚਰਨ ਸਿੰਘ ਉਰਫ ਬੱਲਾ ਵਾਸੀ ਪਿੰਡ ਚੂਹੜ ਚੱਕ ਅਤੇ ਕੁਲਦੀਪ ਸਿੰਘ ਉਰਫ ਸਿੱਧੂ ਪੁੱਤਰ ਲਖਬੀਰ ਸਿੰਘ ਵਾਸੀ ਪਿੰਡ ਸੁਚਾਨੀਆ ਦੋਵੇਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਉਨ੍ਹਾਂ (ਦਿਲਬਾਗ) ਦੇ ਘਰ ਆਏ ਅਤੇ ਉਸ ਦੇ ਦੇ ਲੜਕੇ ਸਾਗਰ ਉਰਫ ਅਜੇ ਨੂੰ ਆਪਣੇ ਨਾਲ ਲੈ ਗਏ। ਦੇਰ ਸ਼ਾਮ ਨੂੰ ਉਸ ਨੂੰ ਇਤਲਾਹ ਮਿਲੀ ਕਿ ਉਸ ਦੇ ਲੜਕੇ ਨੂੰ ਦੋ ਨੌਜਵਾਨ ਬੇਹੋਸ਼ੀ ਹਾਲਤ ਵਿੱਚ ਸਰਕਾਰੀ ਹਸਪਤਾਲ ਨੌਸ਼ਹਿਰਾ ਮੱਝਾ ਸਿੰਘ ਛੱਡ ਕੇ ਚਲੇ ਗਏ, ਜਿਸ ਦੀ ਮੌਤ ਹੋ ਗਈ ਹੈ। ਜਦੋਂ ਉਹ ਸਮੇਤ ਪਰਵਾਰ ਮੈਂਬਰਾਂ ਦੇ ਸਰਕਾਰੀ ਹਸਪਤਾਲ ਨੌਸ਼ਹਿਰਾ ਮੱਝਾ ਸਿੰਘ ਪਹੁੰਚੇ ਤਾਂ ਡਾਕਟਰ ਨੇ ਦੱਸਿਆ ਕਿ ਸਾਗਰ ਉਰਫ ਅਜੇ ਨੂੰ ਜਦੋਂ ਹਸਪਤਾਲ ਆਇਆ ਤਾਂ ਔਖੇ ਔਖੇ ਸਾਹ ਲੈ ਰਿਹਾ ਸੀ ਅਤੇ ਫਸਟਏਡ ਦਿੰਦੇ ਸਮੇਂ ਹੀ ਉਸ ਦੀ ਮੌਤ ਹੋ ਗਈ। ਉਸ (ਦਿਲਬਾਗ) ਨੇ ਦੱਸਿਆ ਲੜਕੇ ਦੀ ਠੋਡੀ 'ਤੇ ਸੱਟ ਸੀ, ਕੰਨ ਵਿੱਚੋਂ ਖੂਨ ਵਹਿ ਰਿਹਾ ਸੀ ਅਤੇ ਦੋਨਾਂ ਲੱਤਾਂ 'ਤੇ ਰਗੜਾਂ ਦੇ ਨਿਸ਼ਾਨ ਸਨ। ਮ੍ਰਿਤਕ ਦੇ ਪਿਤਾ ਨੇ ਪੁਲਸ ਨੂੰ ਦੱਸਿਆ ਕਿ ਉਸ ਨੂੰ ਸ਼ੱਕ ਹੈ ਕਿ ਰਜਿੰਦਰ ਸਿੰਘ ਉਰਫ ਸ਼ੇਰਾ ਅਤੇ ਕੁਲਦੀਪ ਸਿੰਘ ਉਰਫ ਸਿੱਧੂ ਨੇ ਉਸ ਦੇ ਲੜਕੇ ਨੂੰ ਕੋਈ ਸੱਟ ਮਾਰ ਕੇ ਜਾਂ ਕਿਸੇ ਵਸਤੂ ਨਾਲ ਸੱਟ ਕੇ ਮਜਬੂਰੀ ਹਾਲਤ ਵਿੱਚ ਹਸਪਤਾਲ ਛੱਡ ਕੇ ਚਲੇ ਗਏ ਸੀ ਜਿੱਥੇ ਉਸ ਦੀ ਮੌਤ ਹੋ ਗਈ। ਸਬ ਇੰਸਪੈਕਟਰ ਬਲਕਾਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਲਾਸ਼ ਦਾ ਸਰਕਾਰੀ ਹਸਪਤਾਲ ਤੋਂ ਪੋਸਟਮਾਰਟਮ ਕਰਵਾ ਕੇ ਵਾਰਸਾਂ ਨੂੰ ਸੌਂਪ ਦਿੱਤੀ ਹੈ ਅਤੇ ਮ੍ਰਿਤਕ ਦੇ ਪਿਤਾ ਦਿਲਬਾਗ ਦੇ ਬਿਆਨਾਂ ਦੇ ਅਧਾਰ 'ਤੇ ਰਜਿੰਦਰ ਸਿੰਘ ਉਰਫ ਸ਼ੇਰਾ ਅਤੇ ਕੁਲਦੀਪ ਸਿੰਘ ਉਰਫ ਸਿੱਧੂ ਖਿਲਾਫ਼ ਮੁਕੱਦਮਾ ਦਰਜ ਕਰਕੇ ਦੋਵਾਂ ਨੂੰ ਗ੍ਰਿਫਤਾਰ ਕਰ ਲਿਆ ਹੈ।

# ਸਿਵਲ ਤੇ ਪੁਲਸ ਦੀਆਂ ਸਾਂਝੀਆਂ ਟੀਮਾਂ ਪ੍ਰਤਾਪਗੜ੍ਹ, ਬਹਾਦਰ ਹੁਸੈਨ, ਪੰਜਗਰਾਈਆਂ, ਤਾਰਾ, ਪਰੋਵਾਲੀ ਵਿਖੇ ਪਹੁੰਚੀਆਂ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਦੇ ਸਿਵਲ ਤੇ ਪੁਲਸ ਅਧਿਕਾਰੀਆਂ ਵੱਲੋਂ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ ਕਰਕੇ ਪਰਾਲੀ ਪ੍ਰਬੰਧਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ।ਇਸ ਮੌਕੇ ਐਸ.ਡੀ.ਐਮ ਬਟਾਲਾ ਵਿਕਰਮਜੀਤ ਸਿੰਘ ਵੱਲੋਂ ਬਟਾਲਾ ਬਲਾਕ ਦੇ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨੂੰ ਲਗਾਤਾਰ ਮਿਲਿਆ ਜਾ ਰਿਹਾ ਹੈ। ਇਸ ਮੌਕੇ ਨਾਇਬ ਤਹਿਸੀਲਦਾਰ ਮਨਜੀਤ ਸਿੰਘ, ਬਲਾਕ ਖੇਤੀਬਾੜੀ ਅਫਸਰ ਬਟਾਲਾ ਡਾ. ਪਰਮਬੀਰ ਸਿੰਘ ਕਾਹਲੋਂ ਅਤੇ ਖੇਤੀਬਾੜੀ ਵਿਕਾਸ ਅਫਸਰ ਜੋਬਨਜੀਤ ਸਿੰਘ ਅਤੇ ਬਲਾਕ ਬਟਾਲਾ ਅਤੇ ਕਾਦੀਆਂ ਦੇ ਪਿੰਡਾਂ ਨਾਲ ਸਬੰਧਤ ਕਲਸਟਰ ਅਫਸਰ, ਨੋਡਲ ਅਫਸਰ, ਪਟਵਾਰੀ ਅਤੇ ਐਸ.ਐਚ. ਓ. ਵੀ ਮੌਜੂਦ ਸਨ।ਵੀਰਵਾਰ ਪਿੰਡ ਪ੍ਰਤਾਪਗੜ੍ਹ, ਬਹਾਦਰ ਹੁਸੈਨ, ਪੰਜਗਰਾਈਆਂ, ਤਾਰਾ, ਪੀਰੋਵਾਲੀ ਵਿਖੇ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਅਤੇ ਪਰਾਲੀ ਦੇ ਪ੍ਰਬੰਧਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਪਰਾਲੀ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣਾ ਇੱਕ ਕਾਨੂੰਨੀ ਅਪਰਾਧ ਹੈ ਅਤੇ ਇਸ ਨਾਲ ਵਾਤਾਵਰਣ ਦੂਸ਼ਿਤ ਹੁੰਦਾ ਹੈ ਅਤੇ ਕਈ ਕਿਸਮ ਦੀਆਂ ਬਿਮਾਰੀਆਂ ਵੀ ਫੈਲਦੀਆਂ ਹਨ।

ਅੱਗ ਲਗਾਉਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਖ਼ਤਮ ਹੁੰਦੀ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਵਾਤਾਵਰਣ ਦੀ ਸ਼ੁੱਧਤਾ ਲਈ ਜ਼ਿਲ੍ਹਾ ਪ੍ਰਸ਼ਾਸਨ ਦਾ ਸਹਿਯੋਗ ਕਰਨ।ਉਨ੍ਹਾਂ ਨੇ ਕਿਹਾ ਕਿ ਜੇਕਰ ਫਿਰ ਵੀ ਕਿਸੇ ਕਿਸਾਨ ਨੂੰ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ, ਤਾਂ ਉਹ ਨੇੜਲੇ ਖੇਤੀਬਾੜੀ ਵਿਭਾਗ ਦੇ ਦਫ਼ਤਰ, ਐਸ.ਡੀ.ਐਮ. ਦਫ਼ਤਰ ਵਿਖੇ ਸੰਪਰਕ ਕਰ ਸਕਦੇ ਹਨ ਜਾਂ ਟੋਲ ਫ੍ਰੀ ਨੰਬਰ 1800-180-1852 'ਤੇ ਸੰਪਰਕ ਕਰਨ।ਇਸ ਮੌਕੇ ਕਿਸਾਨਾਂ ਕੋਲੋਂ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਪ੍ਰਣ ਵੀ ਲਿਆ ਗਿਆ।

# ਕਿਸਾਨ ਅੱਜ ਬੱਬਰੀ ਚੌਂਕ ਗੁਰਦਾਸਪੁਰ ਵਿਖੇ ਹਾਈਵੇ ਕਰਨਗੇ ਜਾਮ




**ਧਾਰੀਵਾਲ (ਗੁਰਦਾਸਪੁਰ), (ਮਨਦੀਪ ਸਿੰਘ ਵਿੱਕੀ)**- ਸੰਯੁਕਤ ਕਿਸਾਨ ਮੋਰਚਾ ਜਿਲ੍ਹਾ ਗੁਰਦਾਸਪੁਰ ਦੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਇੱਕ ਹੰਗਾਮੀ ਮੀਟਿੰਗ ਰਾਜ ਗੁਰਵਿੰਦਰ ਸਿੰਘ ਲਾਡੀ ਘੁਮਾਣ ਦੀ ਪ੍ਰਧਾਨਗੀ ਹੇਠ ਸਹੀਦ ਬਲਜੀਤ ਸਿੰਘ ਯਾਦਗਾਰੀ ਭਵਨ ਗੁਰਦਾਸਪੁਰ ਵਿਖੇ ਹੋਈ। ਮੀਟਿੰਗ ਵਿੱਚ ਐਸਕੇਐਮ ਵੱਲੋਂ ਦਿੱਤੇ ਪ੍ਰੋਗਰਾਮ ਅਨੁਸਾਰ ਝੋਨੇ ਦੀ ਖਰੀਦ ਸੁਰੂ ਕਰਾਉਣ ਅਤੇ ਕਿਸਾਨਾਂ ਨੂੰ ਖੱਜਲ ਖਵਾਰੀ ਅਤੇ ਲੁੱਟ ਤੋਂ ਬਚਾਉਣ ਲਈ ਗੁਰਦਾਸਪੁਰ ਦੇ ਬਬਰੀ ਚੌਂਕ ਵਿਖੇ 11 ਵਜੇ ਤੋਂ ਤਿੰਨ ਵਜੇ ਤੀਕ ਹਾਈਵੇ ਜਾਮ ਰੱਖਿਆ ਜਾਵੇਗਾ। ਇਸ ਮੌਕੇ ਬੋਲਦਿਆਂ ਸਤਬੀਰ ਸਿੰਘ ਸੁਲਤਾਨੀ ਹਰਜੀਤ ਸਿੰਘ ਕਾਹਲੋਂ ਮੱਖਣ ਸਿੰਘ ਕੁਹਾੜ, ਤ੍ਰਲੋਕ ਸਿੰਘ ਬਹਿਰਾਮਪੁ,ਰ ਗੁਰਵਿੰਦਰ ਸਿੰਘ ਜੀਵਨ ਚੱਕ, ਅਸ਼ਨੀ ਕੁਮਾਰ ਲਖਣ ਕਲਾਂ, ਮੱਖਣ ਸਿੰਘ ਤਿੱਬੜ, ਪਲਵਿੰਦਰ ਸਿੰਘ, ਗੁਰਦੀਪ ਸਿੰਘ, ਬਰਿੰਦਰ ਸਿੰਘ, ਅਜੀਤ ਸਿੰਘ ਹੁੰਦਲ, ਪਲਵਿੰਦਰ ਸਿੰਘ, ਨੱਥੂ ਸਿੰਘ, ਬਲਜੀਤ ਸਿੰਘ, ਕਪੂਰ ਸਿੰਘ, ਆਦਿ ਨੇ ਆਪਣੇ ਵਿਚਾਰ ਰੱਖੇ। ਬੁਲਾਰਿਆਂ ਨੇ ਆਖਿਆ ਕਿ ਕੇਂਦਰ ਦੀ ਭਾਜਪਾ ਦੀ ਮੋਦੀ ਸਰਕਾਰ ਜਾਣ ਬੁਝ ਕੇ ਪੰਜਾਬ ਦੇ ਕਿਸਾਨਾਂ ਨੂੰ ਖਰਾਬ ਕਰ ਰਹੀ ਹੈ। ਉਹ ਦਿੱਲੀ ਦੇ ਮੋਰਚਿਆਂ ਦੌਰਾਨ ਕਾਲੇ ਕਾਨੂੰਨ ਰੱਦ ਕਰਾਉਣ ਦਾ ਬਦਲਾ ਲੈਣਾ ਚਾਹੁੰਦੀ ਹੈ। ਅਸਲ ਵਿੱਚ ਕੇਂਦਰ ਸਰਕਾਰ ਫਿਰ ਤੋਂ ਅਸਿੱਧੇ ਢੰਗ ਨਾਲ ਕਾਲੇ ਕਾਨੂੰਨ ਲਾਗੂ ਕਰਨ ਹਿਤ ਅਤੇ ਮੰਡੀ ਢਾਂਚਾ ਤਬਾਹ ਕਰਕੇ ਕਿਸਾਨਾਂ ਨੂੰ ਕਾਰਪੋਰੇਟ ਘਰਾਣਿਆਂ ਹਵਾਲੇ ਕਰਨਾ ਚਾਹੁੰਦੀ ਹੈ। ਆਗੂਆਂ ਨੇ ਯਾਤਰੀਆਂ ਤੋਂ ਮੁਆਫੀ ਮੰਗਦੇ ਹੋਏ ਬੇਨਤੀ ਕੀਤੀ ਕਿ ਉਹ 11 ਤੋਂ 3 ਵਜੇ ਤੱਕ ਆਪਣੇ ਰੂਟ ਬਦਲ ਕੇ ਸਫਰ ਕਰਨ। ਅਗੂਆਂ ਦੱਸਿਆ ਕਿ ਇਸ ਤੋਂ ਬਾਅਦ 29 ਅਕਤੂਬਰ ਨੂੰ ਡੀਸੀ ਦਫਤਰ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਮੀਤ ਸਿੰਘ ਥਾਣੇਵਾਲ, ਸੋਨੂ ਸਾਹ ਘਰਾਲਾ ਬਲਬੀਰ ਸਿੰਘ ਮਾੜੇ, ਜਰਨੈਲ ਸਿੰਘ, ਮੰਗਲ ਸਿੰਘ ਅਟਾਰੀ ਅਤੇ ਹੋਰ ਬਹੁਤ ਸਾਰੇ ਆਗੂ ਹਾਜ਼ਰ ਸਨ।

# ਅੰਨ੍ਹੇ ਕਤਲ ਦੀ ਗੁੱਥੀ ਨੂੰ ਸੁਲਝਾ ਕੇ 1 ਨੂੰ ਹਥਿਆਰ ਸਮੇਤ ਕੀਤਾ ਗ੍ਰਿਫਤਾਰ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਐਸ ਐਸ ਪੀ ਤਰਨ ਤਾਰਨ ਗੌਰਵ ਤੂਰਾ ਵੱਲੋਂ ਮਾੜੇ ਅਨਸਰਾਂ ਖਿਲਾਫ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਐਸ.ਪੀ(ਡੀ) ਅਜੇਰਾਜ ਸਿੰਘ ਅਤੇ ਡੀ.ਐਸ.ਪੀ ਸਿਟੀ ਕਮਲਮੀਤ ਸਿੰਘ ਦੀ ਨਿਗਰਾਨੀ ਹੇਠ ਇੰਸਪੈਕਟਰ ਪ੍ਰਭਜੀਤ ਸਿੰਘ ਇੰਚਾਰਜ ਸੀ.ਆਈ.ਏ ਸਟਾਫ ਅਤੇ ਇੰਸਪੈਕਟਰ ਹਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਸਿਟੀ ਦੇ ਸਾਂਝੇ ਅਪਰੇਸ਼ਨ ਦੌਰਾਨ ਵਿਨੇ ਕੁਮਾਰ ਦੇ ਕਤਲ ਨੂੰ ਟਰੇਸ ਕਰਕੇ ਮੁੱਖ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਰਮੇਸ਼ ਕੁਮਾਰ ਉਰਫ ਟੀਟੂ ਨੇ ਥਾਣਾ ਸਿਟੀ ਤਰਨ ਤਾਰਨ ਵਿਖੇ ਆਪਣਾ ਬਿਆਨ ਦਰਜ ਕਰਵਾਇਆ ਕਿ ਉਸ ਦਾ ਲੜਕਾ ਵਿਨੇ ਕੁਮਾਰ ਵਾਸੀ ਮੁਹੱਲਾ ਟਾਂਕ ਸ਼ਤਰੀ ਤਰਨ ਤਾਰਨ ਕਰਿਆਨੇ ਦੀ ਦੁਕਾਨ ਕਰਦਾ ਸੀ। ਵਕਤ ਕਰੀਬ 7 ਵਜੇ ਸ਼ਾਮ ਉਸ ਦਾ ਲੜਕਾ ਵਿਨੇ ਕੁਮਾਰ ਘਰ ਤੋਂ ਬਾਹਰ ਤੁਰਨ ਫਿਰਨ ਗਿਆ ਸੀ, ਜਿਸ ਨੂੰ ਤਿੰਨ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਜਿਸ ਤੇ ਥਾਣਾ ਸਿਟੀ ਪੁਲਸ ਵੱਲੋਂ ਮੁੱਕਦਮਾ ਦਰਜ ਕਰਕੇ ਅਗਲੀ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਜਿਸ ਤੇ ਪੁਲਸ ਵੱਲੋਂ ਵੱਖ-ਵੱਖ ਟੀਮਾਂ ਤਿਆਰ ਕਰਕੇ ਦੋਸ਼ੀਆਂ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ ਗਈ ਸੀ। ਦੌਰਾਨੇ ਗਸ਼ਤ ਅਜੈ ਕੁਮਾਰ ਪੁੱਤਰ ਰਣਜੀਤ ਸਿੰਘ ਵਾਸੀ ਮੁਹੱਲਾ ਜਸਵੰਤ ਸਿੰਘ ਨੂੰ ਨੇੜੇ ਹਰੀ ਰਾਮ ਸ਼ੈਲਰ ਨੂਰਦੀ ਅੱਡਾ ਤੋਂ ਗ੍ਰਿਫਤਾਰ ਕਰਕੇ 3 ਦਿਨ ਦਾ ਰਿਮਾਂਡ ਹਾਸਲ ਕਰਕੇ ਪੁੱਛਗਿੱਛ ਅਮਲ ਵਿੱਚ ਲਿਆਂਦੀ ਗਈ। ਦੌਰਾਨੇ ਪੁੱਛਗਿੱਛ ਇਹ ਪਤਾ ਲੱਗਾ ਕਿ ਮ੍ਰਿਤਕ ਵਿਨੇ ਕੁਮਾਰ ਦੀ ਅਜੇ ਕੁਮਾਰ ਨਾਲ ਪੁਰਾਣੀ ਰੰਜਿਸ਼ ਸੀ। ਜਿਸ 'ਤੇ ਕੁਝ ਦਿਨ ਪਹਿਲਾਂ ਮ੍ਰਿਤਕ ਵਿਨੇ ਕੁਮਾਰ ਨੇ ਅਜੈ ਕੁਮਾਰ ਦੀ ਕਾਫੀ ਕੁੱਟਮਾਰ ਕੀਤੀ ਸੀ ਅਤੇ ਬੇਇੱਜ਼ਤੀ ਕੀਤੀ ਸੀ, ਜਿਸ 'ਤੇ ਅਜੈ ਕੁਮਾਰ ਅਤੇ ਉਸ ਦੇ ਸਾਥੀ ਨੇ ਵਿਨੇ ਕੁਮਾਰ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਵਾਰਦਾਤ ਸਮੇਂ ਵਰਤਿਆ ਗਿਆ 32 ਬੋਰ ਨਜਾਇਜ਼ ਪਿਸਤੌਲ ਸਮੇਤ 2 ਰੌਂਦ ਜ਼ਿੰਦਾ ਅਤੇ ਹੀਰੋ ਡੀਲੈਕਸ ਮੋਟਰਸਾਈਕਲ ਵੀ ਬ੍ਰਾਮਦ ਕਰ ਲਿਆ ਗਿਆ ਹੈ। ਦੂਜੇ ਦੋਸ਼ੀ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਵੱਖ-ਵੱਖ ਪਿੰਡਾਂ 'ਚ ਕਿਸਾਨਾਂ ਨੇ ਬੇਲਰਾਂ ਨਾਲ ਪਰਾਲੀ ਸੰਭਾਲੀ



**ਗੁਰਦਾਸਪੁਰ (ਜਨਕ ਮਹਾਜਨ)**- ਉਮਾ ਸ਼ੰਕਰ ਗੁਪਤਾ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਝੋਨੇ ਦੀ ਪਰਾਲੀ ਦੇ ਯੋਗ ਪ੍ਰਬੰਧਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਦੇ ਚੱਲਦਿਆਂ ਵੱਖ-ਵੱਖ ਪਿੰਡਾਂ ਵਿਚੋਂ ਬੇਲਰਾਂ ਨਾਲ ਪਰਾਲੀ ਇਕੱਠੀ ਕੀਤੀ ਜਾ ਰਹੀ ਹੈ। ਐੱਸ. ਡੀ. ਐੱਮ ਕਲਾਨੌਰ ਜੋਯਤਸਨਾ ਸਿੰਘ ਨੇ ਦੱਸਿਆ ਕਿ ਬਲਾਕ ਕਲਾਨੌਰ ਦੇ ਪਿੰਡ ਨੈਨੋ ਹਰਨੀ ਵਿਖੇ 27 ਏਕੜ ਪਰਾਲੀ ਬੇਲਰਾਂ ਨਾਲ ਇੱਕਠੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਕਲਾਨੌਰ ਦੇ ਵੱਖ-ਵੱਖ ਪਿੰਡਾਂ ਵਿੱਚ ਕਿਸਾਨਾਂ ਵੱਲੋਂ ਬੇਲਰਾਂ ਨਾਲ 240 ਏਕੜ ਪਰਾਲੀ ਸੰਭਾਲੀ ਜਾ ਚੁੱਕੀ ਹੈ। ਐਸ.ਡੀ.ਐਮ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਝੋਨੇ ਦੀ ਕਟਾਈ ਤੋਂ ਬਾਅਦ ਪਰਾਲੀ/ਨਾੜ ਨੂੰ ਅੱਗ ਨਾ ਲਗਾਉਣ। ਖੇਤੀਬਾੜੀ ਵਿਭਾਗ ਵਲੋਂ ਪਰਾਲੀ ਦੇ ਪ੍ਰਬੰਧਨ ਲਈ ਯੋਗ ਪ੍ਰਬੰਧ ਕੀਤੇ ਹਨ ਅਤੇ ਜੇਕਰ ਕਿਸੇ ਕਿਸਾਨ ਨੂੰ ਪਰਾਲੀ ਦੇ ਪ੍ਰਬੰਧਨ ਸਬੰਧੀ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਨੇੜਲੇ ਖੇਤੀਬਾੜੀ ਵਿਭਾਗ ਦੇ ਦਫਤਰ ਨਾਲ ਸੰਪਰਕ ਕਰ ਸਕਦੇ ਹਨ ਜਾਂ ਹੈਲਪ ਲਾਈਨ ਨੰਬਰ 1800-180-1852 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਰਪੰਚ ਕਰਮਜੀਤ ਸਿੰਘ ਢਿੱਲੋਂ ਵੱਲੋਂ ਪੰਜਵੜ ਕਲਾਂ ਦੀ ਨਵੀਂ ਚੁਣੀ ਸਮੁੱਚੀ ਪੰਚਾਇਤ ਦਾ ਸ਼ਾਨਦਾਰ ਸਨਮਾਨ



**ਝਬਾਲ,-(ਹਰਜਿੰਦਰ ਸਿੰਘ ਸੋਨੀ)**- ਪੰਚਾਇਤੀ ਚੋਣਾਂ ਮੌਕੇ ਉੱਘੇ ਸੀਨੀਅਰ ਨੌਜਵਾਨ ਆਗੂ ਸੁਖਜਿੰਦਰ ਸਿੰਘ ਵਿੱਕੀ ਢਿੱਲੋਂ, ਦਲਜੀਤ ਸਿੰਘ ਢਿੱਲੋਂ ਮੂਸਿਆ ਵਾਲੇ ਦੇ ਵਡਮੁੱਲੇ ਸਹਿਯੋਗ ਸਦਕਾ ਪਿੰਡ ਪੰਜਵੜ ਕਲਾਂ ਦੇ ਵਾਸੀਆਂ ਵੱਲੋਂ ਤੀਜੀ ਵਾਰ ਵੋਟਾਂ ਨਾਲ ਬਣਾਈ ਨਵੀਂ ਪੰਚਾਇਤ ਦਾ ਪਿੰਡ ਪੰਜਵੜ ਕਲਾਂ ਦੇ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ, ਸਾਬਕਾ ਸਰਪੰਚ ਤੇ ਰਿਸੀਵਰ ਗੁਰਦੁਆਰਾ ਬਾਬਾ ਬੁੱਢਾ ਜੀ ਬੀੜ ਸਾਹਿਬ ਕਰਮਜੀਤ ਸਿੰਘ ਢਿਲੋਂ ਪੰਜਵੜ ਵੱਲੋਂ ਆਪਣੇ ਗ੍ਰਹਿ ਵਿਖੇ ਸ਼ਾਨਦਾਰ ਸਵਾਗਤ ਕਰਦਿਆਂ ਫੁੱਲਾਂ ਦੇ ਹਾਰ ਅਤੇ ਸਿਰੋਪਾਉ ਪਾ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸਰਪੰਚ ਤਰਸੇਮ ਸਿੰਘ, ਮੈਂਬਰ ਪੰਚਾਇਤ ਅਮਨਦੀਪ ਕੌਰ, ਸੰਦੀਪ ਕੌਰ, ਬਲਵਿੰਦਰ ਸਿੰਘ, ਕੁਲਵਿੰਦਰ ਕੌਰ, ਪ੍ਰਗਟ ਸਿੰਘ, ਜਸਪਾਲ ਕੌਰ, ਜਗਦੀਸ਼ ਸਿੰਘ ਆਦਿ ਵੱਲੋ ਕਰਮਜੀਤ ਸਿੰਘ ਢਿੱਲੋਂ, ਸੁਖਜਿੰਦਰ ਸਿੰਘ ਵਿੱਕੀ ਢਿੱਲੋਂ, ਦਲਜੀਤ ਸਿੰਘ ਢਿੱਲੋਂ ਮੂਸਿਆ ਵਾਲਿਆਂ ਦਾ ਧੰਨਵਾਦ ਕਰਦਿਆਂ ਪਿੰਡ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਪਿੰਡ ਦੇ ਸਰਵਪੱਖੀ ਵਿਕਾਸ ਕਾਰਜਾਂ ਨੂੰ ਕਰਵਾਉਣ ਲਈ ਆਪਸੀ ਸਹਿਮਤੀ ਨਾਲ ਹਮੇਸ਼ਾ ਯਤਨਸ਼ੀਲ ਰਹਿਣਗੇ।ਇਸ ਮੌਕੇ ਕਰਮਜੀਤ ਸਿੰਘ ਢਿੱਲੋਂ ਪੰਜਵੜ, ਉਨ੍ਹਾਂ ਦੀ ਧਰਮਪਤਨੀ ਸਰਦਾਰਨੀ, ਸਤਿੰਦਰ ਸਿੰਘ ਢਿੱਲੋਂ, ਮਨਜਿੰਦਰ ਸਿੰਘ, ਕਰਮਜੀਤ ਸਿੰਘ ਗੋਲਡੀ, ਪਰਮਜੀਤ ਸਿੰਘ ਪੰਮਾ, ਨਿਸ਼ਾਨ ਸਿੰਘ, ਬੂਆ ਸਿੰਘ, ਮਹਿਲ ਸਿੰਘ, ਦਲਵਿੰਦਰ ਸਿੰਘ, ਮੋਹਨ ਸਿੰਘ, ਜਗਰੂਪ ਸਿੰਘ, ਗੁਰਲਾਭ ਸਿੰਘ, ਬਾਬਾ ਗੁਰਦੀਪ ਸਿੰਘ, ਬਾਬਾ ਕੁਲਵੰਤ ਸਿੰਘ, ਸੁਖਦੇਵ ਸਿੰਘ, ਖਜਾਨ ਸਿੰਘ, ਸਤਨਾਮ ਸਿੰਘ, ਦਿਲਬਾਗ ਸਿੰਘ ਸਮੇਤ ਵੱਡੀ ਗਿਣਤੀ ਵਿਚ ਪਿੰਡ ਵਾਸੀ ਹਾਜ਼ਰ ਸਨ।

# ਵਿਸ਼ਵ ਸ਼ਾਂਤੀ ਦਾ ਸੰਦੇਸ਼ ਲੈ ਕੇ ਕੇਰਲਾ ਤੋਂ ਕਾਦੀਆਂ ਪਹੁੰਚੇ ਨੌਜਵਾਨਾਂ ਦਾ ਕੀਤਾ ਨਿੱਘਾ ਸਵਾਗਤ



**ਕਾਦੀਆਂ ( ਯਾਦਵਿੰਦਰ ਸਿੰਘ ਮਲਹੋਤਰਾ)**- ਵਿਸ਼ਵ ਸ਼ਾਂਤੀ ਅਤੇ ਵਾਤਾਵਰਣ ਨੂੰ ਸ਼ੁੱਧ ਰੱਖਣ ਦਾ ਸੰਦੇਸ਼ ਦਿੰਦੇ ਹੋਏ ਮਿਸਟਰ ਮਿਸ਼ੇਲ ਕੇ ਦੀ ਅਗਵਾਈ ਹੇਠ 6 ਨੌਜਵਾਨ ਸਾਈਕਲ 'ਤੇ ਕੇਰਲਾ ਦੇ ਕਾਲੀਕਟ ਤੋਂ ਜਮਾਤ ਅਹਿਮਦੀਆ ਦੇ ਮੁੱਖ ਕੇਂਦਰ ਕਾਦੀਆਂ ਲਈ ਰਵਾਨਾ ਹੋਏ। ਉਨ੍ਹਾਂ ਦੇ ਨਾਲ ਟੀ. ਰਹੀਮ ਅਹਿਮਦ, ਅਮੀਨ ਜ਼ੈਨ, ਫੈਸਲ ਅਹਿਮਦ, ਨਵਾਬ ਅਹਿਮਦ ਐਮ ਪੀ ਅਬਦੁਲ ਆਦਿ ਸ਼ਾਮਲ ਸਨ। ਜਦੋਂ ਨੌਜਵਾਨ ਬੁਸਤਾਨੇ ਅਹਿਮਦ ਵਿਖੇ ਆਪਣੀ ਯਾਤਰਾ ਪੂਰੀ ਕਰਕੇ ਇੱਥੇ ਪਹੁੰਚੇ ਤਾਂ ਉਸ ਨੇ ਭਾਵੁਕ ਹੋ ਕੇ ਕਿਹਾ ਕਿ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਸਾਹਿਬ ਤੋਂ ਆਗਿਆ ਲੈ ਕੇ ਉਨ੍ਹਾਂ ਨੇ ਪੂਰਾ ਮਹੀਨਾ ਇਸ ਯਾਤਰਾ ਦਾ ਮਨ ਬਣਾਇਆ ਅਤੇ 6 ਸਤੰਬਰ ਨੂੰ ਕਾਲੀਕਟ, ਕੇਰਲਾ ਤੋਂ ਰਵਾਨਾ ਹੋ ਕੇ ਇਥੇ ਪਹੁੰਚ ਗਏ ਹਨ। ਅੱਜ ਇੱਥੇ ਕਾਦੀਆਂ ਪਹੁੰਚਣ 'ਤੇ ਕਾਦੀਆਂ ਨਿਵਾਸੀਆਂ ਅਤੇ ਮੁਸਲਿਮ ਜਮਾਤ ਅਹਿਮਦੀਆ ਦੀ ਸੰਸਥਾ ਖੁਦਾਮ ਉਲ ਅਹਮਦੀਆ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਮਿਸ਼ਨ ਨੂੰ ਪੂਰਾ ਕਰਨ ਤੋਂ ਬਾਅਦ ਉਨ੍ਹਾਂ ਨੂੰ ਜੋ ਖੁਸ਼ੀ ਮਿਲ ਰਹੀ ਹੈ, ਉਹ ਦੁਨੀਆ ਦੀ ਕਿਸੇ ਵੀ ਚੀਜ਼ ਤੋਂ ਵੱਡੀ ਹੈ। 47 ਦਿਨਾਂ ਬਾਅਦ ਅਤੇ 3983 ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਬੁੱਧਵਾਰ ਨੂੰ ਕਾਦੀਆਂ ਪੁੱਜਣ 'ਤੇ ਮਜਲਿਸ ਅੰਸਾਰੁੱਲਾ ਦੇ ਪ੍ਰਧਾਨ ਅਤਾਉਲ ਮੁਜੀਬ ਲੋਨ ਅਤੇ ਮਜਲਿਸ ਖੁਦਾਮੁ ਉਲ ਅਹਿਮਦੀਆ ਦੇ ਪ੍ਰਧਾਨ ਸ਼ਮੀਮ ਅਹਿਮਦ ਗੌਰੀ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਉਕਤ ਅਧਿਕਾਰੀਆਂ ਵੱਲੋਂ ਉਨ੍ਹਾਂ ਦਾ ਫੁੱਲਾਂ ਦੇ ਹਾਰ ਪਾ ਕੇ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਵਾਗਤ ਕੀਤਾ ਗਿਆ। ਇਸ ਮੌਕੇ ਜਮਾਤ ਅਹਿਮਦੀਆ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਅਜਿਹੇ ਹਾਲਾਤ 'ਚ ਜਦੋਂ ਦੁਨੀਆ ਜੰਗ ਵੱਲ ਵਧ ਰਹੀ ਹੈ, ਉਕਤ ਨੌਜਵਾਨ 6 ਸਤੰਬਰ ਨੂੰ ਕੇਰਲਾ ਤੋਂ ਵਿਸ਼ਵ ਸ਼ਾਂਤੀ ਦਾ ਸੰਦੇਸ਼ ਲੈ ਕੇ ਰਵਾਨਾ ਹੋਏ ਸੀ ਅਤੇ ਵੱਖ-ਵੱਖ ਸੂਬਿਆਂ ਅਤੇ ਸ਼ਹਿਰਾਂ 'ਚ ਸ਼ਮੂਲੀਅਤ ਕੀਤੀ ਸੀ। ਇਸ ਮੌਕੇ ਉਨ੍ਹਾਂ ਨਾਲ ਕੇ ਤਾਰਿਕ ਅਹਿਮਦ ਮੁਬਸ਼ਰ ਅਹਿਮਦ ਖਾਦਿਮ ਤਲਹਾ ਚੀਮਾ ਅਤੇ ਜਮਾਤ ਅਹਿਮਦੀਆ ਦੇ ਅਧਿਕਾਰੀ ਵੀ ਮੌਜੂਦ ਸਨ।

# ਗਊ ਹੱਤਿਆ ਕਰਨ ਵਾਲੇ ਖਿਲਾਫ ਧਾਰਾ 302 ਤਹਿਤ ਮਾਮਲਾ ਦਰਜ ਕੀਤਾ ਜਾਵੇ : ਹਨੀ ਮਹਾਜਨ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਦੀਨਾਨਗਰ 'ਚ ਸਮੂਹ ਹਿੰਦੂ ਸੰਗਠਨਾਂ ਵੱਲੋਂ ਦੋ ਦਿਨ ਪਹਿਲਾਂ ਪਠਾਨਕੋਟ ਦੇ ਹਰਿਆਲ 'ਚ ਗਊ ਮਾਤਾ 'ਤੇ ਹੋਏ ਅੱਤਿਆਚਾਰ ਖਿਲਾਫ ਸ਼ਿਵ ਸੈਨਾ ਊਧਵ ਬਾਲਾ ਸਾਹਿਬ ਠਾਕਰੇ ਦੇ ਸੂਬਾਈ ਬੁਲਾਰੇ ਯੂਥ ਵਿੰਗ ਅਜੈ ਕੁਮਾਰ ਦੀ ਪ੍ਰਧਾਨਗੀ ਹੇਠ ਸਮੂਹ ਹਿੰਦੂ ਸੰਗਠਨ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ 'ਚ ਸ਼ਿਵ ਸੈਨਾ ਊਧਵ ਬਾਲਾ ਸਾਹਿਬ ਠਾਕਰੇ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਠਾਕਰੇ ਦੇ ਪੰਜਾਬ ਇੰਚਾਰਜ ਹਨੀ ਮਹਾਜਨ, ਜ਼ਿਲ੍ਹਾ ਪ੍ਰਧਾਨ ਸ਼ਿਵਮ ਠਾਕੁਰ, ਸ਼ਿਵ ਸੈਨਾ ਸਮਾਜਵਾਦੀ ਦੇ ਸੀਨੀਅਰ ਆਗੂ ਸੰਨੀ ਮਹਿਰਾ, ਸ਼ਿਵ ਸੈਨਾ ਪੰਜਾਬ ਤੋਂ ਪੰਜਾਬ ਮੀਡੀਆ ਇੰਚਾਰਜ ਪਵਨ ਵਰਮਾ, ਸ਼ਿਵ ਸੈਨਾ ਸਮਾਜਵਾਦੀ ਦੇ ਜ਼ਿਲ੍ਹਾ ਪ੍ਰਧਾਨ ਸੁਮਿਤ ਭਾਰਦਵਾਜ ਆਦਿ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਹਨੀ ਮਹਾਜਨ ਨੇ ਕਿਹਾ ਕਿ ਪਠਾਨਕੋਟ ਗਊ ਮਾਤਾ ਨੂੰ ਕੁਝ ਵਿਅਕਤੀਆਂ ਵੱਲੋਂ ਪਿੰਡ ਸਹਾਣੀਆਂ ਵਿੱਚ ਵੱਢ ਦਿੱਤਾ ਗਿਆ ਜੋ ਕਿ ਇੱਕ ਅਸਹਿਣਯੋਗ ਘਟਨਾ ਹੈ। ਜਿਸ ਕਾਰਨ ਸਮੁੱਚੇ ਹਿੰਦੂ ਸਮਾਜ ਵਿੱਚ ਰੋਸ ਦੀ ਲਹਿਰ ਪਾਈ ਜਾ ਰਹੀ ਹੈ। ਇਸ ਮੌਕੇ ਤੇ ਅਜੈ ਕੁਮਾਰ ਅਤੇ ਸੰਨੀ ਮਹਿਰਾ ਨੇ ਕਿਹਾ ਕਿ ਪੁਲਸ ਪ੍ਰਸ਼ਾਸਨ ਨੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਪਰ ਇਸ ਦੇ ਬਾਵਜੂਦ ਹਿੰਦੂ ਸਮਾਜ ਨੂੰ ਵਾਰ-ਵਾਰ ਟਾਰਗੇਟ ਕੀਤਾ ਜਾ ਰਿਹਾ ਹੈ। ਸ਼ਿਵਮ ਠਾਕੁਰ ਅਤੇ ਸੁਮੀਤ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਗਊ ਟੈਕਸ ਲਿਆ ਜਾ ਰਿਹਾ ਹੈ ਪਰ ਇਸ ਦੇ ਬਾਵਜੂਦ ਗਊ ਰੱਖਿਅਕਾਂ ਦੀ ਸੰਭਾਲ ਲਈ ਕੋਈ ਪ੍ਰਬੰਧ ਨਹੀਂ ਕੀਤਾ ਜਾ ਰਿਹਾ। ਆਗੂਆਂ ਕਿਹਾ ਕਿ ਜੇਕਰ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਨਾ ਕੀਤੀ ਗਈ ਤਾਂ ਸਮੂਹ ਹਿੰਦੂ ਜਥੇਬੰਦੀਆਂ ਧਰਨੇ ਦੇਣ ਲਈ ਮਜਬੂਰ ਹੋਣਗੀਆਂ।ਇਸ ਮੌਕੇ ਅਨੁਰਾਗ ਮਲਹੋਤਰਾ, ਰਾਹੁਲ ਪੰਜੋਵਾਲ, ਗੋਪਾਲ ਸ਼ਰਮਾ, ਮਿੰਟੂ ਪਠਾਨੀਆ, ਅਸ਼ਵਨੀ ਕੁਮਾਰ, ਲਲਿਤ ਕੁਮਾਰ, ਸੰਜੀਵ ਕੌੜਾ, ਵਿਨੋਦ ਸ਼ਰਮਾ, ਕਰਨ ਠਾਕੁਰ, ਹੈਪੀ ਪਲਵਾਨ, ਅਕਾਸ਼ ਕੁਮਾਰ, ਕੁਲਦੀਪ ਸ਼ਰਮਾ, ਲਾਡੀ ਪ੍ਰਧਾਨ ਈ ਰਿਕਸ਼ਾ ਯੂਨੀਅਨ, ਵਿਕਾਸ ਖੋਖਰ, ਰਿੰਕੂ ਕੁਮਾਰ, ਨਕੁਲ ਅਵਾਂਖਾ, ਅਕਾਸ਼ ਕੁਮਾਰ ਆਦਿ ਹਾਜ਼ਰ ਸਨ

## ਗੁਰਦਾਸਪੁਰ, ਬਟਾਲਾ ਤੇ ਧਾਰੀਵਾਲ 'ਚ ਖਾਣ-ਪੀਣ ਦਾ ਸਮਾਨ ਵੇਚਣ ਵਾਲੀਆਂ ਦੁਕਾਨਾਂ ਦੀ ਕੀਤੀ ਚੈਕਿੰਗ

**ਗੁਰਦਾਸਪੁਰ (ਜਨਕ ਮਹਾਜਨ)**- ਮਾਣਯੋਗ ਕਮਿਸ਼ਨਰ ਫੂਡ ਅਤੇ ਡਰੱਗਜ਼ ਐਡਮਜਿਸਟਰੇਸ਼ਨ ਪੰਜਾਬ ਡਾ. ਅਭਿਨਵ ਤ੍ਰਿਖਾ ਅਤੇ ਡਿਪਟੀ ਕਮਿਸਨਰ ਗੁਰਦਾਸਪੁਰ ਉਮਾ ਸ਼ੰਕਰ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਫੂਡ ਸੇਫਟੀ ਟੀਮ ਗੁਰਦਾਸਪੁਰ ਵੱਲੋਂ ਡਾ. ਜੀ. ਐਸ. ਪੰਨੂ ਸਹਾਇਕ ਕਮਿਸ਼ਨਰ ਫੂਡ ਗੁਰਦਾਸਪੁਰ ਦੀ ਅਗਵਾਈ ਵਿੱਚ ਗੁਰਦਾਸਪੁਰ, ਬਟਾਲਾ ਅਤੇ ਧਾਰੀਵਾਲ ਵਿੱਚ ਵੱਖ-ਵੱਖ ਖਾਣ-ਪੀਣ ਦਾ ਸਮਾਨ ਵੇਚਣ ਵਾਲੀਆਂ ਦੁਕਾਨਾਂ ਦੀ ਚੈਕਿੰਗ ਕੀਤੀ ਗਈ ਜਿਨ੍ਹਾ ਵਿੱਚ ਤਿਉਹਾਰਾਂ ਨੂੰ ਮੁੱਖ ਰੱਖਦਿਆਂ ਮਠਿਆਈ ਵਿਕ੍ਰੇਤਾ ਅਤੇ ਡੇਅਰੀਆਂ ਤੋ ਮਠਿਆਈਆਂ, ਦੁੱਧ, ਪਨੀਰ, ਦਹੀਂ ਆਦਿ ਦੇ ਸੈਂਪਲ ਲਏ ਗਏ।

ਡਾ. ਪੰਨੂ ਨੇ ਦੱਸਿਆ ਕਿ ਤਿਉਹਾਰਾਂ ਨੂੰ ਮੁੱਖ ਰੱਖਦੇ ਹੋਏ ਆਮ ਜਨਤਾ ਨੂੰ ਸਾਫ ਸੁਥਰੀਆਂ ਅਤੇ ਮਿਲਾਵਟ ਤੋਂ ਰਹਿਤ ਖਾਣ ਪੀਣ ਦੀਆਂ ਵਸਤਾਂ ਮੁਹੱਈਆਂ ਕਰਵਾਉਣ ਲਈ ਚੈਕਿੰਗ ਕੀਤੀ ਗਈ ਜਿਸ ਵਿੱਚ ਦੁਕਾਨਦਾਰਾਂ ਨੂੰ ਸਾਫ-ਸਫਾਈ ਰੱਖਣ, ਹੱਥਾਂ ਤੇ ਦਸਤਾਨੇ, ਸਿਰ 'ਤੇ ਟੋਪੀ, ਐਪਰਨ ਪਾਉਣ ਦੀ ਹਦਾਇਤ ਕੀਤੀ ਗਈ ਅਤੇ ਨਾਲ ਹੀ ਫੂਡ ਸੇਫਟੀ ਅਤੇ ਸਟੈਂਡਰਡ ਐਕਟ ਤਹਿਤ ਲਾਈਸੈਂਸ ਜਾਂ ਰਜਿਸਟਰੇਸ਼ਨ ਕਰਵਾਉਣ ਲਈ ਕਿਹਾ ਗਿਆ ਹੈ। ਉਨ੍ਹਾਂ ਨੂੰ ਖਾਣ ਪੀਣ ਦੀਆਂ ਵਸਤੂਆਂ ਨੂੰ ਢਕ ਕੇ ਰੱਖਣ ਦੀ ਹਦਾਇਤ ਵੀ ਕੀਤੀ ਗਈ। ਇਸ ਦੇ ਨਾਲ ਹੀ ਉਨ੍ਹਾ ਆਮ ਜਨਤਾ ਨੂੰ ਅਪੀਲ ਕਰਦਿਆਂ ਰੰਗਦਾਰ ਮਠਿਆਈਆਂ ਦੀ ਵਰਤੋਂ ਘੱਟ ਕਰਨ ਦੀ ਸਲਾਹ ਦਿੱਤੀ ਗਈ। ਟੀਮ ਵਿੱਚ ਰਮਨ ਵਿਰਦੀ, ਫੂਡ ਸੇਫਟੀ ਅਫਸਰ ਸਿਮਰਤ ਕੌਰ ਫੂਡ ਸੇਫਟੀ ਅਫਸਰ ਆਦਿ ਹਾਜ਼ਰ ਸਨ।

# ਪੁਲਸ ਤੇ ਸਿਵਲ ਵਿਭਾਗ ਦੀਆਂ ਸਾਂਝੀਆਂ ਟੀਮਾਂ ਵੱਲੋਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਸੰਬੰਧੀ ਕੀਤਾ ਜਾ ਰਿਹਾ ਜਾਗਰੂਕ



**ਗੁਰਦਾਸਪੁਰ (ਜਨਕ ਮਹਾਜਨ)**- ਐੱਸ.ਐੱਸ.ਪੀ. ਗੁਰਦਾਸਪੁਰ ਹਰੀਸ਼ ਦਾਯਮਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਗੁਰਦਾਸਪੁਰ ਪੁਲਸ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਕਿਸਾਨਾ ਨੂੰ ਪਰਾਲੀ ਨਾ ਸਾੜਨ ਸੰਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਸਬੰਧੀ ਗੱਲ ਕਰਦਿਆਂ ਜੁਗਰਾਜ ਸਿੰਘ, ਐਸ. ਪੀ (ਐੱਚ) ਗੁਰਦਾਸਪੁਰ ਨੇ ਦੱਸਿਆ ਕਿ ਪੁਲਸ ਵਿਭਾਗ ਵਲੋਂ ਦੂਜੇ ਹੋਰ ਵਿਭਾਗਾਂ ਨਾਲ ਜਾ ਕੇ ਵੱਖ- ਵੱਖ ਪਿੰਡਾਂ ਵਿੱਚ ਪਰਾਲੀ ਸਾੜਨ ਤੋਂ ਰੋਕਣ ਲਈ ਕਿਸਾਨਾਂ ਨੂੰ ਟਿਕਾਊ ਅਭਿਆਸਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਸੁਪਰੀਮ ਕੋਰਟ ਅਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਵਲੋਂ ਪਰਾਲੀ ਨਾ ਸਾੜਨ ਦੀਆਂ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਲਈ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਅਤੇ ਪਰਾਲੀ/ਨਾੜ ਨੂੰ ਅੱਗ ਨਾ ਲਗਾਈ ਜਾਵੇ।

# ਖੇਤੀਬਾੜੀ ਵਿਸਥਾਰ ਅਫਸਰ ਜਗਮੋਹਨ ਕੁਮਾਰ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਕਸਬਾ ਡੇਰਾ ਬਾਬਾ ਨਾਨਕ ਦੇ ਮੁਹੱਲਾ ਅਮਰਦਾਸ ਵਿਖੇ ਰਹਿਣ ਵਾਲੇ ਜਗਮੋਹਨ ਕੁਮਾਰ (40) ਜੋ ਬਲਾਕ ਖੇਤੀਬਾੜੀ ਦਫਤਰ ਡੇਰਾ ਬਾਬਾ ਨਾਨਕ ਵਿਖੇ ਬਤੌਰ ਖੇਤੀਬਾੜੀ ਵਿਸਥਾਰ ਅਫਸਰ ਸੇਵਾ ਨਿਭਾ ਰਹੇ ਸਨ, ਬੀਤੇ ਕੁਝ ਦਿਨ ਪਹਿਲਾਂ ਸਰਪੰਚੀ ਚੋਣਾਂ ਵਿੱਚ ਰਿਟਰਨਿੰਗ ਅਫਸਰ ਡਿਊਟੀ ਕਰਦਿਆਂ ਅਚਾਨਕ ਸਿਹਤ ਵਿਗੜ ਜਾਣ ਕਾਰਨ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਉਨ੍ਹਾਂ ਦੇ ਪਰਵਾਰ ਵੱਲੋਂ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਅੱਜ ਉਨ੍ਹਾ ਦੇ ਗ੍ਰਹਿ ਮੁਹੱਲਾ ਅਮਰਦਾਸ ਵਿਖੇ ਪਾਏ ਗਏ। ਉਪਰੰਤ ਅੰਤਿਮ ਅਰਦਾਸ, ਕੀਰਤਨ ਤੇ ਸ਼ਰਧਾਂਜਲੀ ਸਮਾਗਮ ਡੇਰਾ ਬਾਬਾ ਨਾਨਕ ਦੇ 10 ਡੋਗਰਾ ਮਾਰਗ ਸਥਿਤ ਸਾਹਮਣੇ ਯੁਵਰਾਜ ਗਾਰਡਨ ਗੁਰਦੁਆਰਾ ਬਾਬਾ ਸ੍ਰੀ ਚੰਦ ਜੀ ਵਿਖੇ ਕਰਵਾਇਆ ਗਿਆ । ਇਸ ਮੌਕੇ ਆਪਣੇ ਨੌਜਵਾਨ ਸਾਥੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਖੇਤੀਬਾੜੀ ਵਿਸਥਾਰ ਅਫਸਰ ਐਸੋਸੀਏਸ਼ਨ ਪੰਜਾਬ ਪ੍ਰਧਾਨ ਮੋਹਣ ਸਿੰਘ ਵਾਹਲਾਂ, ਸਟੇਟ ਪ੍ਰਧਾਨ ਈ ਡੀ ਐਸ ਏ ਡਾ. ਸ਼ਹਿਬਾਜ਼ ਸਿੰਘ ਚੀਮਾ, ਡਿਪਟੀ ਡਾਇਰੈਕਟਰ ਡਾ. ਜਤਿੰਦਰ ਸਿੰਘ ਗਿੱਲ, ਸਾਬਕਾ ਚੀਫ਼ ਡਾ. ਕ੍ਰਿਪਾਲ ਸਿੰਘ ਢਿੱਲੋਂ, ਖੇਤੀਬਾੜੀ ਅਫਸਰ ਬਲਜਿੰਦਰ ਸਿੰਘ ਭੁੱਲਰ, ਅੰਮ੍ਰਿਤਸਰ ਜ਼ਿਲ੍ਹਾ ਪ੍ਰਧਾਨ ਖੇਤੀਬਾੜੀ ਵਿਸਥਾਰ ਅਫਸਰ ਸਿਮਰਨਜੀਤ ਸਿੰਘ, ਗੁਰਦਾਸਪੁਰ ਜ਼ਿਲ੍ਹਾ ਪ੍ਰਧਾਨ ਏ ਡੀ ਓ ਹਰਮਨ ਪ੍ਰੀਤ ਸਿੰਘ, ਗੁਰਦਾਸਪੁਰ ਜ਼ਿਲ੍ਹਾ ਪ੍ਰਧਾਨ ਏ ਈ ਓ ਯਾਦਵਿੰਦਰ ਸਿੰਘ ਸਮੇਤ ਵਿਭਾਗ ਦੇ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਕਿਸਾਨਾਂ ਦੇ ਮਸੀਹਾ ਕਹੇ ਜਾਣ ਵਾਲੇ ਜਗਮੋਹਨ ਕੁਮਾਰ ਦੀ ਮੌਤ ਨਹੀਂ ਹੋਈ ਬਲਕਿ ਉਸ ਦਾ ਕਤਲ ਹੋਇਆ ਹੈ। ਉਨ੍ਹਾਂ ਕਿਹਾ ਕਿ ਉਸ ਦੀ ਸਿਹਤ ਠੀਕ ਨਹੀਂ ਸੀ ਤੇ ਉਸ ਨੂੰ ਡਰਿਪ ਲੱਗੀ ਹੋਈ ਸੀ, ਪਰ ਚੋਣ ਅਧਿਕਾਰੀਆਂ ਵੱਲੋਂ ਉਸ ਨੂੰ ਡਿਊਟੀ ਤੋਂ ਫ਼ਾਰਗ ਕਰਨ ਦੀ ਬਜਾਏ ਉਸ ਉੱਤੇ ਜ਼ਬਰਦਸਤੀ ਦਬਾਅ ਬਣਾ ਕੇ ਉਸ ਕੋਲ਼ੋਂ ਸਰਪੰਚੀ ਚੋਣਾਂ ਦਾ ਕੰਮ ਲਿਆ ਗਿਆ ਜੋ ਉਸ ਦੀ ਮੌਤ ਦਾ ਕਾਰਨ ਬਣਿਆ ।ਉਨ੍ਹਾਂ ਕਿਹਾ ਕਿ ਉਹ ਪਰਵਾਰ ਨੂੰ ਬਣਦਾ ਇਨਸਾਫ਼ ਦਿਵਾਉਣ ਲਈ ਇੱਕ ਝੰਡੇ ਦੇ ਬੈਨਰ ਥੱਲੇ ਇਕੱਠੇ ਹੋ ਕੇ ਪੰਜਾਬ ਪੱਧਰ ਤੇ ਸੰਘਰਸ਼ ਵਿੱਢਣਗੇ ।ਉਨ੍ਹਾਂ ਕਿਹਾ ਕਿ ਜਿੰਨਾ ਚਿਰ ਦੋਸ਼ੀ ਚੋਣ ਅਧਿਕਾਰੀਆਂ ਖਿਲਾਫ਼ ਪ੍ਰਸ਼ਾਸਨ ਵੱਲੋਂ ਐਫ ਆਈ ਆਰ ਦਰਜ ਨਹੀਂ ਹੁੰਦੀ, ਉਹ ਅਰਾਮ ਨਾਲ ਨਹੀਂ ਬੈਠਣਗੇ। ਆਗੂਆਂ ਕਿਹਾ ਨੇ ਕਿ ਜਗਮੋਹਨ ਕੁਮਾਰ ਦਾ ਆਪਣੇ ਬੱਚਿਆਂ ਦੀ ਪੜ੍ਹਾਈ ਨੂੰ ਲੈ ਕੇ ਜੋ ਸੁਪਨਾ ਸੀ, ਯੂਨੀਅਨ ਵੱਲੋਂ ਉਸ ਦੇ ਸੁਪਨੇ ਨੂੰ ਸਕਾਰ ਕੀਤਾ ਜਾਵੇਗਾ ।ਇਸ ਮੌਕੇ ਯੂਨੀਅਨ ਆਗੂਆਂ ਵੱਲੋਂ ਜਗਮੋਹਨ ਕੁਮਾਰ ਦੇ ਪਰਵਾਰ ਨੂੰ ਮਾਇਕ ਸਹਾਇਤਾ ਵੀ ਪ੍ਰਦਾਨ ਕੀਤੀ ਗਈ । ਇਸ ਮੌਕੇ ਸੰਜੀਵ ਕੁਮਾਰ, ਜਸਦੀਪ ਸਿੰਘ, ਰਣਜੀਤ ਸਿੰਘ ਪੁਰੇਵਾਲ, ਤਰਲੋਚਨ ਸਿੰਘ, ਭੁਪਿੰਦਰ ਸਿੰਘ ਬੰਬ,ਸਤਵਿੰਦਰ ਸਿੰਘ,ਸਤਨਾਮ ਸਿੰਘ ਸਾਰੇ ਖੇਤੀਬਾੜੀ ਵਿਸਥਾਰ ਅਫਸਰ, ਜੋਬਨਜੀਤ ਸਿੰਘ ਏ ਡੀ ਓ, ਪਰਮਜੀਤ ਸਿੰਘ ਏ ਓ ਬਟਾਲਾ, ਮਨਪ੍ਰੀਤ ਸਿੰਘ,ਜਸਪਾਲ ਕਲਾਨੌਰ, ਗੁਰਪ੍ਰੀਤ ਸਿੰਘ, ਤਰਸੇਮ ਲਾਲ ਪਠਾਨਕੋਟ, ਕੰਸ ਰਾਜ, ਨੀਰਜ ਕੁਮਾਰ, ਗੁਰਪ੍ਰੀਤ ਸਿੰਘ ਬਾਦਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਰਿਸ਼ਤੇਦਾਰ ਤੇ ਖੇਤੀਬਾੜੀ ਵਿਭਾਗ ਦੇ ਕਰਮਚਾਰੀ ਹਾਜ਼ਰ ਸਨ ।

# ਨਵਾਬ ਕਪੂਰ ਸਿੰਘ ਤੇ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਬਰਸੀ ਮਨਾਈ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਆਪਣੇ ਤੀਸਰੇ ਜਥੇਦਾਰ ਨਵਾਬ ਕਪੂਰ ਸਿੰਘ ਤੇ ਚੌਥੇ ਜਥੇਦਾਰ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਸਲਾਨਾ ਬਰਸੀ ਅਤੇ ਗੁਰੂਘਰ ਦੇ ਅਨਿਨ ਸੇਵਕ ਮਹਾਨ ਸੰਤਪੁਰਸ਼ ਬਾਬਾ ਬੁੱਢਾ ਜੀ ਦੇ ਜਨਮ ਦਿਨ ਦੇ ਗੁਰਮਤਿ ਸਮਾਗਮ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਅਤੇ ਗੁ: ਮੱਲ ਅਖਾੜਾ ਪਾ: ਛੇਵੀਂ ਵਿਖੇ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿੱਚ ਪੂਰਨ ਸ਼ਰਧਾ ਸਤਿਕਾਰ ਨਾਲ ਕਰਵਾਏ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਲਾਹੀ ਬਾਣੀ ਦੇ ਅਖੰਡ ਪਾਠਾਂ ਦੇ ਭੋਗ ਉਪਰੰਤ ਬੁੱਢਾ ਦਲ ਦੇ ਰਾਗੀ ਭਾਈ ਹਰਜੀਤ ਸਿੰਘ ਖੰਡਾ ਖੜਕੇਗਾ ਮਹਿਤਾ ਚੌਕ, ਬਾਬਾ ਨਾਹਰ ਸਿੰਘ ਸਾਧ ਸੰਪਰਦਾਇ ਬਾਬਾ ਬਿਧੀ ਚੰਦ ਤਰਨਾ ਦਲ ਸੁਰ ਸਿੰਘ, ਸ੍ਰੀ ਅਕਾਲ ਤਖ਼ਤ ਦੇ ਸਬਾਕਾ ਜਥੇ. ਗਿ. ਗੁਰਬਚਨ ਸਿੰਘ, ਬੀਬੀ ਹਰਪ੍ਰੀਤ ਕੌਰ ਮੁਖੀ ਬਾਬਾ ਬੋਤਾ ਸਿੰਘ, ਬਾਬਾ ਗਰਜਾ ਸਿੰਘ ਸੁਖਮਨੀ ਸੇਵਾ ਸੁਸਾਇਟੀ, ਪੰਥ ਦੇ ਢਾਡੀ ਗਿ. ਕੇਵਲ ਸਿੰਘ ਕੋਮਲ ਨੇ ਸਿੱਖ ਇਤਿਹਾਸ ਬਾਰੇ ਕਥਾ ਕੀਰਤਨ ਰਾਹੀਂ ਹਾਜ਼ਰੀ ਲਵਾਈ। ਉਪਰੰਤ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿ. ਰਘੁਬੀਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਬਾਬਾ ਨਵਾਬ ਕਪੂਰ ਸਿੰਘ ਤੇ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਕੌਮ ਨੂੰ ਅਦੁੱਤੀ ਤੇ ਫ਼ਖ਼ਰਯੋਗ ਦੇਣ ਹੈ ਜੋ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਦਰਜ ਹੈ। ਉਨ੍ਹਾਂ ਕਿਹਾ ਇਨ੍ਹਾਂ ਦੋਹਾਂ ਜਥੇਦਾਰ ਜਰਨੈਲਾਂ ਦੀ ਕੀਤੀ ਕਮਾਈ ਸਿੱਖ ਜਗਤ ਲਈ ਵੱਡਾ ਮਾਣ ਹੈ। ਅੱਜ ਦੇ ਨੇਤਾਵਾਂ ਨੂੰ ਸੂਰਬੀਰ ਜਰਨੈਲ ਮੁਖੀਆਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਬਾਬਾ ਬਲਬੀਰ ਸਿੰਘ ਜੋ ਬੁੱਢਾ ਦਲ ਦੇ 14 ਵੇਂ ਮੁਖੀ ਹਨ ਆਪਣੇ ਦਲਪੰਥ ਦੇ ਮੁਖੀ ਸਾਹਿਬਾਨ ਦੀ ਸਲਾਨਾ ਯਾਦ ਸਮਾਗਮ ਮਨਾ ਕੇ ਸਤਿਕਾਰ ਭੇਟ ਕਰਦੇ ਹਨ ਪ੍ਰਸੰਸਾਜਨਕ ਗੱਲ ਹੈ। ਉਨ੍ਹਾਂ ਕਿਹਾ ਕਿ ਰਾਜਨੀਤਕ ਲੋਕ ਇਤਿਹਾਸ ਨੂੰ ਪੁਠਾ ਗੇੜਾ ਦੇਣ ਦੇ ਜਤਨ ਵਿਚ ਹਨ। ਪੰਥਕ ਕਾਰਜ ਹੀ ਕੌਮ ਅੰਦਰ ਪੰਥਕ ਰੂਹ ਫੂਕ ਸਕਦੇ ਹਨ। ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਬਰਸੀ ਸਮਾਗਮ ਵਿੱਚ ਆਈਆਂ ਧਾਰਮਿਕ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਅਤੇ ਧੰਨਵਾਦ ਕਰਦਿਆਂ ਕਿਹਾ ਕਿ ਬੁੱਢਾ ਦਲ ਮੁਖੀ ਆਗੂਆਂ ਨੇ ਔਖੇ ਸਮੇਂ ਕੌਮ ਦੀ ਅਗਵਾਈ ਕੀਤੀ ਹੈ। ਜਿਥੇ ਉਹ ਬੁੱਢਾ ਦਲ ਦੇ ਮੁਖੀ ਸਨ, ਉਥੇ ਉਹ ਨਾਲ ਨਾਲ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਜੋਂ ਵੀ ਸੇਵਾ ਨਿਭਾਉਂਦੇ ਰਹੇ ਹਨ।

25-Oct-PAGE-12.qxd 10/24/2024 11:01 PM Page 1



